ਗੁਰੂ ਹਰਿਗੋਬਿੰਦ ਸਾਹਿਬ

ਜੀਵਨ ਤੇ ਪ੍ਰਤਿਭਾ

ਡਾ. ਕੁਲਦੀਪ ਸਿੰਘ ਧੀਰ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Guru Hargobind Sahib : Jiwan Te Pratibha *(Punjabi)*

by

Dr. Kuldip Singh Dhir
Professor, Deptt. of Punjabi
Punjabi University, Patiala

ISBN 81-7380—148—7

1995
ਪਹਿਲੀ ਵਾਰ : 1100
ਮੁੱਲ : 65.00 ਰੁਪਏ

ਪਰੋਫੈਸਰ ਰਣਬੀਰ ਸਿੰਘ, ਐਮ.ਏ. (ਅੰਗਰੇਜ਼ੀ), ਪੀ-ਐਚ.ਡੀ. ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪਰਕਾਸ਼ਤ ਅਤੇ ਪੰਜਾਬੀ ਯੂਨੀਵਰਸਿਟੀ ਪਰੈਸ, ਪਟਿਆਲਾ ਦੁਆਰਾ ਮੁਦਰਤਿ ।

ਦੋ ਸ਼ਬਦ

ਇਸ ਵਰ੍ਹੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ 400 ਸਾਲਾ ਪਰਕਾਸ਼ ਉਤਸਵ ਮਨਾਇਆ ਜਾ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਵਲੋਂ ਇਸ ਅਵਸਰ ਉਤੇ ਹਥਲੀ ਪੁਸਤਕ 'ਗੁਰੂ ਹਰਿਗੋਬਿੰਦ ਸਾਹਿਬ : ਜੀਵਨ ਤੇ ਪ੍ਰਤਿਭਾ' ਪਰਕਾਸ਼ਤ ਕੀਤੀ ਗਈ ਹੈ। ਲੇਖਕ ਨੇ ਇਸ ਰਚਨਾ ਦਾ ਆਧਾਰ ਮੂਲ ਸਰੋਤਾਂ ਨੂੰ ਬਣਾਇਆ ਹੈ।

ਆਸ ਹੈ ਪੰਜਾਬੀ ਪਾਠਕਾਂ, ਗੁਰਮਤਿ ਪਰੇਮੀਆਂ ਅਤੇ ਸਿਖ ਜਗਤ ਵਲੋਂ ਸਾਡੇ ਇਸ ਯਤਨ ਦਾ ਨਿੱਘਾ ਸਵਾਗਤ ਹੋਵੇਗਾ।

ਪੰਜਾਬੀ ਯੂਨੀਵਰਸਿਟੀ
ਪਟਿਆਲਾ।

ਜੋਗਿੰਦਰ ਸਿੰਘ ਪੁਆਰ
ਵਾਈਸ-ਚਾਂਸਲਰ

ਭੂਮਿਕਾ

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਅਮੀਰ ਵਿਰਸੇ ਨੂੰ ਉਜਾਗਰ ਕਰਨ ਅਤੇ ਇਸ ਦਾ ਸਹੀ ਮੁਲਾਂਕਣ ਕਰਵਾਉਣ ਦੇ ਉਦੇਸ਼ ਹਿਤ ਹੀ ਸੰਨ 1967 ਵਿਚ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ। ਇਸ ਵਿਭਾਗ ਵਲੋਂ ਸਾਹਿਤ-ਸਿੱਧਾਂਤਾਂ ਸਬੰਧੀ ਪੁਸਤਕ ਲੜੀ, ਪੰਜਾਬੀ ਸਾਹਿਤ-ਰੂਪਾਂ ਬਾਰੇ ਪੁਸਤਕ ਲੜੀ, ਸਾਹਿਤਕ ਸਵੈ-ਜੀਵਨੀ ਲੜੀ, ਮੇਰੀ ਪ੍ਰਤੀਨਿਧ ਰਚਨਾ ਲੜੀ, ਪੁਰਾਤਨ ਹੱਥ-ਲਿਖਤ ਸੰਪਾਦਨ ਲੜੀ ਆਦਿ ਯੋਜਨਾਵਾਂ ਅਧੀਨ ਅਨੇਕਾਂ ਪੁਸਤਕਾਂ ਪਰਕਾਸ਼ਤ ਹੋ ਚੁਕੀਆਂ ਹਨ। ਇਸੇ ਤਰ੍ਹਾਂ ਵਿਭਾਗ ਵਲੋਂ ਪੰਜਾਬੀ ਸਾਹਿਤ-ਕੋਸ਼, ਅੰਗਰੇਜ਼ੀ-ਪੰਜਾਬੀ ਕੋਸ਼, ਭਾਈ ਵੀਰ ਸਿੰਘ ਸਾਹਿਤ-ਕੋਸ਼ ਅਤੇ ਪੰਜਾਬੀ ਸਫ਼ਰਨਾਮਾ ਕੋਸ਼ ਆਦਿ ਵੀ ਪਰਕਾਸ਼ਤ ਕੀਤੇ ਗਏ ਹਨ। ਏਹਨਾਂ ਤੋਂ ਇਲਾਵਾ ਵਿਭਾਗ ਦੁਆਰਾ 'ਇੰਗਲਿਸ਼ ਮੈੱਨ ਆਫ਼ ਲੈਟਰਜ਼ ਸੀਰੀਜ਼' ਦੇ ਸਮਾਨਾਂਤਰ 'ਪੰਜਾਬੀ ਲੇਖਕ ਲੜੀ' ਸ਼ੁਰੂ ਕੀਤੀ ਗਈ ਜਿਸ ਅਧੀਨ ਸੌ ਤੋਂ ਵੀ ਵਧ ਮੋਨੋਗਰਾਫ਼ ਲਿਖਵਾਏ ਗਏ ਹਨ। ਇਸ ਲੜੀ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਮੋਨੋਗਰਾਫ਼ ਪਰਕਾਸ਼ਤ ਹੋ ਚੁਕੇ ਹਨ। ਹੱਥਲੀ ਪੁਸਤਕ "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ : ਜੀਵਨ ਤੇ ਪ੍ਰਤਿਭਾ" ਗੁਰੂ ਸਾਹਿਬ ਦੀ ਚੌਥੀ ਜਨਮ-ਸ਼ਤਾਬਦੀ ਦੇ ਅਵਸਰ ਪੁਰ ਵਿਸ਼ੇਸ਼ ਤੌਰ 'ਤੇ ਲਿਖਵਾਈ ਗਈ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ (1595-1644 ਈ.) ਨੇ ਛੇਵੇਂ ਜਾਮੇ ਵਿਚ ਸਿੱਖ ਧਰਮ ਦੀ ਅਗਵਾਈ ਅਤਿ ਬਿਖੜੇ ਸਮੇਂ ਸੰਭਾਲੀ। ਆਪ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਉਪਰੰਤ ਆਪਣੇ ਤੇਜ, ਗੌਰਵ, ਪਰਤਭਾ ਅਤੇ ਬਹਾਦਰੀ ਨਾਲ ਸਮੁੱਚੇ ਜਨ-ਸਧਾਰਨ ਨੂੰ ਕਠਨਾਈਆਂ ਨਾਲ ਟਕਰਾਉਣ ਦਾ ਸਾਹਸ ਬਖ਼ਸ਼ਿਆ। ਪੰਜਾਬ ਦੀ ਜ਼ਰਖੇਜ਼ ਚੇਤਨਾ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਯਾਦਾਂ ਅਜੇ ਵੀ ਤਾਜ਼ਾ ਹਨ। ਸੀਨਾ-ਬਸੀਨਾ ਤੁਰੀਆਂ ਆ ਰਹੀਆਂ ਯਾਦਾਂ, ਗੁਰਬਿਲਾਸ, ਮਹਿਮਾ ਪ੍ਰਕਾਸ਼, ਪੰਜਾਹ ਸਾਖੀਆਂ, ਬੰਸਾਵਲੀਨਾਮਾ, ਗੁਰੂ ਕੀਆਂ ਸਾਖੀਆਂ, ਭੱਟ ਵਹੀਆਂ, ਤੁਜ਼ਕੇ ਜਹਾਂਗੀਰੀ, ਦਬਸਤਾਨੇ ਮਜ਼ਹਬ, ਸਿੱਖਾਂ ਦੀ ਭਗਤਮਾਲਾ, ਭਾਈ ਗੁਰਦਾਸ ਦੀਆਂ ਵਾਰਾਂ, ਥਾਂ ਥਾਂ ਗੁਰੂ ਸਾਹਿਬ ਦੇ ਪਾਵਨ ਚਰਨਾਂ ਦੀ ਛੋਹ ਨਾਲ ਪਵਿਤਰ ਹੋਏ ਸਥਾਨਾਂ ਉਤੇ ਉਸਰੇ ਗੁਰ-ਧਾਮ, ਥਾਂ ਥਾਂ ਸਾਂਭੇ ਹੋਏ ਸ਼ਸਤਰ ਤੇ ਹੋਰ ਯਾਦਾਂ ਕਿਨਾ ਕੁਝ ਉਸ ਅਜ਼ੀਮ ਪੈਗੰਬਰ ਨਾਲ ਜੋੜ ਕੇ ਸਾਨੂੰ ਉਤਸ਼ਾਹ ਅਤੇ ਚੜ੍ਹਦੀ ਕਲਾ ਨਾਲ ਭਰ ਦਿੰਦਾ ਹੈ।

ਡਾ. ਕੁਲਦੀਪ ਸਿੰਘ ਧੀਰ ਨੇ ਏਹਨਾਂ ਸਾਰੇ ਸਰੋਤਾਂ ਤੋਂ ਪਰਾਪਤ ਵੇਰਵਿਆਂ ਨੂੰ

ਸੰਗਠਿਤ ਕਰ ਕੇ ਗੁਰੂ ਬਿੰਬ ਨੂੰ ਉਜਾਗਰ ਕੀਤਾ ਹੈ । ਤੱਥਾਂ/ਤਿਥਾਂ ਦੀ ਪੁਣ-ਛਾਣ ਅਤੇ ਸੰਜੋਗ ਆਸਰੇ ਆਪ ਨੇ ਬੜਾ ਖੂਬਸੂਰਤ ਤੇ ਪਰਭਾਵਸ਼ਾਲੀ ਬਿਰਤਾਂਤ ਸਿਰਜਿਆ ਹੈ। ਇਸ ਪੁਸਤਕ ਨੂੰ ਯੂਨੀਵਰਸਿਟੀ ਵਲੋਂ ਪਰਕਾਸ਼ਤ ਕਰਨ ਲਈ ਵਿਸ਼ੇਸ਼ਗ ਵਜੋਂ ਰਾਏ ਡਾ. ਹਰਜਿੰਦਰ ਸਿੰਘ ਢਿਲੋਂ ਪਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਹੋਰਾਂ ਤੋਂ ਲਈ ਗਈ ਗਈ ਸੀ। ਓਹਨਾਂ ਨੇ ਇਸ ਪੁਸਤਕ ਦੀ ਗਲਪ ਸ਼ੈਲੀ ਦੀ ਪਰਸ਼ੰਸਾ ਕਰਦਿਆਂ ਲਿਖਿਆ ਹੈ ਕਿ ਏਹ ਮੋਨੋਗਰਾਫ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਅਤੇ ਸ਼ਖ਼ਸੀਅਤ ਦੇ ਵਖ ਵਖ ਪੈਹਲੂਆਂ ਬਾਰੇ ਵਿਸ਼ੇਸ਼ ਜਾਣਕਾਰੀ ਪਰਦਾਨ ਕਰਦਾ ਹੈ। ਅਸੀਂ ਪੁਸਤਕ ਦੇ ਲੇਖਕ ਡਾ. ਕੁਲਦੀਪ ਸਿੰਘ ਧੀਰ ਅਤੇ ਵਿਸ਼ੇਸ਼ਗ ਡਾ. ਹਰਜਿੰਦਰ ਸਿੰਘ ਢਿਲੋਂ ਹੋਰਾਂ ਦੇ ਤੈਹ ਦਿਲੋਂ ਸ਼ੁਕਰਗੁਜ਼ਾਰ ਹਾਂ ।

ਪੰਜਾਬੀ ਯੂਨੀਵਰਸਿਟੀ ਨੂੰ ਮੀਰੀ ਪੀਰੀ ਦੇ ਮਾਲਕ, ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਚੋਥੀ ਜਨਮ-ਸ਼ਤਾਬਦੀ ਦੇ ਸ਼ੁਭ ਅਵਸਰ 'ਤੇ ਏਹ ਪੁਸਤਕ ਹੋਰ ਸੰਸਥਾਵਾਂ ਤੋਂ ਪੈਹਲਾਂ, ਪਰਕਾਸ਼ਤ ਕਰਨ ਦਾ ਮਾਣ ਪਰਾਪਤ ਹੋਇਆ ਹੈ ।

ਆਸ ਹੈ, ਏਹ ਪੁਸਤਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ, ਪ੍ਰਤਿਭਾ ਨੂੰ ਜਾਣਨ ਤੇ ਸਮਝਣ ਵਿਚ ਸਹਾਈ ਸਿਧ ਹੋਵੇਗੀ ।

ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ ।

ਰਾਜਿੰਦਰ ਸਿੰਘ ਲਾਂਬਾ
ਮੁਖੀ

ਤਤਕਰਾ

ਅਧਿਆਇ 1

ਜੋਤਿ ਓਹਾ ਜੁਗਤ ਸਾਇ

ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਅਜ ਤੋਂ ਚਾਰ ਸੌ ਸਾਲ ਪਹਿਲਾਂ ਹੋਇਆ। ਚਾਰ ਸਦੀਆਂ ਦੇ ਅੰਤਰਾਲ ਉਪਰੰਤ ਅੱਜ ਆਪ ਸਿਖਾਂ ਦੇ ਛੇਵੇਂ ਗੁਰੂ ਦੇ ਰੂਪ ਵਿਚ ਅਣਮਿਣਵੀ ਤੇ ਅਣਤੋਲਵੀਂ ਸ਼ਰਧਾ ਤੇ ਸਤਿਕਾਰ ਦੇ ਪਾਤਰ ਹਨ। ਆਪਣੇ ਜੀਵਨ ਕਾਲ ਵਿਚ ਹੀ ਆਪ ਆਪਣੀ ਵਿਲੱਖਣ ਪ੍ਰਤਿਭਾ ਤੇ ਇਤਿਹਾਸਕ ਯੋਗਦਾਨ ਸਦਕਾ ਯੁਗ-ਪੁਰਸ਼ ਦੇ ਰੂਪ ਵਿਚ ਸਥਾਪਿਤ ਹੋ ਗਏ ਸਨ। ਮਿੱਥਾਂ, ਦੰਤ ਕਥਾਵਾਂ ਤੇ ਚਮਤਕਾਰੀ ਘਟਨਾਵਾਂ ਹਰ ਉਸ ਅਸਾਧਾਰਨ ਸ਼ਖ਼ਸੀਅਤ ਨਾਲ ਉਦੋਂ ਜੁੜਨ ਲਗਦੀਆਂ ਹਨ ਜੋ ਸਾਧਾਰਨ ਮਾਪ-ਦੰਡਾਂ ਆਸਰੇ ਸਮਝੀ ਨਹੀਂ ਜਾ ਸਕਦੀ। ਸਮਕਾਲੀ ਵਿਵੇਕ ਇਨ੍ਹਾਂ ਆਸਰੇ ਉਸ ਸ਼ਖ਼ਸੀਅਤ ਦੀ ਅਸਾਧਾਰਨਤਾ ਨੂੰ ਨਤਮਸਤਕ ਹੋਇਆ ਕਰਦਾ ਹੈ। ਸਿਖ ਧਰਮ ਦਾ ਸੰਸਥਾਗਤ ਸਰੂਪ ਅਤੇ ਇਸ ਦੇ ਸਿਧਾਂਤ ਹੌਲੀ ਹੌਲੀ ਨਿਖਰੇ ਤੇ ਪ੍ਰਗਟ ਹੋਏ। 1469 ਤੋਂ ਲੈ ਕੇ 1708 ਤੱਕ, ਪੂਰੇ 239 ਵਰ੍ਹੇ ਇਕ ਨੂਰ ਦੀ ਬਰਸਾਤ ਪੰਜਾਬ ਦੀ ਧਰਤੀ ਤੇ ਹੋਈ ਜਿਸ ਨੇ ਪੰਜਾਬ ਹੀ ਨਹੀਂ ਭਾਰਤ ਦੇ ਧਰਮ ਅਤੇ ਇਤਿਹਾਸ ਨੂੰ ਇਕ ਨਵਾਂ ਤੇ ਵਖਰਾ ਮੋੜ ਦਿਤਾ। ਇਸ ਇਤਿਹਾਸਕ ਵਰਤਾਰੇ ਦੇ ਸਮਕਾਲੀ ਗਵਾਹਾਂ ਨੇ ਆਪਣੇ ਡਿਠੇ ਸੁਣੇ ਨੂੰ ਕਲਮਬੰਦ ਕੀਤਾ। ਸਿਖ ਸਿਮਰਤੀ ਨੇ ਸੀਨਾ ਬਸੀਨਾ ਇਸ ਸਾਰੇ ਕੁਝ ਨੂੰ ਸੰਭਾਲਿਆ। ਮੌਖਿਕ ਤੇ ਲਿਖਤ, ਸਮਕਾਲੀ ਤੇ ਪਿਛਲੇਰੇ ਇਤਿਹਾਸ ਨੇ ਸਿਖ ਧਰਮ ਦੇ ਸਿੱਧਾਂਤਕ ਵੇਰਵੇ ਸੰਭਾਲੇ ਹਨ। ਇਨ੍ਹਾਂ ਸਿੱਧਾਂਤਕ ਵੇਰਵਿਆਂ ਅਤੇ ਧਾਰਨਾਵਾਂ ਨੂੰ ਸਿਖ ਗੁਰੂਆਂ ਨੇ ਜਿਸ ਪ੍ਰਕਾਰ ਆਪਣੇ ਜੀਵਨ-ਵ੍ਰਿਤ ਵਿਚ ਸਾਬਤ ਕਦਮੀ ਨਾਲ ਜੀ ਕੇ ਉਜਾਗਰ ਕੀਤਾ ਹੈ, ਉਹ ਕਿਸੇ ਚਮਤਕਾਰ ਤੋਂ ਘੱਟ ਨਹੀਂ।

ਸਿਖ ਗੁਰੂ ਇਸ ਚਮਤਕਾਰੀ ਵਰਤਾਰੇ ਦਾ ਮੂਲ ਆਧਾਰ ਸਨ। ਉਨ੍ਹਾਂ ਨੇ ਇਕ ਵਿਲੱਖਣ ਧਰਮ—ਸਾਧਨਾ ਦਾ ਮਾਰਗ ਪੇਸ਼ ਕੀਤਾ। ਸ਼ਬਦ-ਗੁਰੂ ਦਾ ਸਿਧਾਂਤ ਦ੍ਰਿੜਾਣ ਲਈ ਇਕ ਲੰਬਾ ਇਤਿਹਾਸਕ ਸੰਘਰਸ਼ ਕੀਤਾ। ਦਸ ਗੁਰੂ-ਜੋਤਾਂ ਇਸ ਵਿਲਖਣ ਧਰਮ-ਸਾਧਨਾ ਦੇ ਮਾਰਗ ਨੂੰ ਇਕ ਤੋਂ ਬਾਦ ਇਕ, ਆਹਿਸਤਾ ਆਹਿਸਤਾ ਸਦੀਆਂ ਦੀ ਪਰਾਧੀਨਤਾ ਨਾਲ ਪਤਨਗ੍ਰਸਿਤ ਤੇ ਵਿਕ੍ਰਿਤ ਧਾਰਮਿਕ, ਸਮਾਜਕ, ਰਾਜ਼ਨੀਤਿਕ, ਦਾਰਸ਼ਨਿਕ ਤੇ ਸਭਿਆਚਾਰਕ ਮਾਹੌਲ ਵਿਚ ਸੰਗਠਿਤ ਤੇ ਸੰਚਾਰਿਤ ਕਰਦੀਆਂ ਰਹੀਆਂ। ਇਹ ਸੰਗਠਨ, ਸਮਾਜਕ ਤੇ ਇਤਿਹਾਸਕ ਕਰਮ ਖੇਤਰ ਵਿਚ ਸਕ੍ਰਿਅ ਯੋਗਦਾਨ ਦਾ ਫਲ ਸੀ ਨਾ ਕਿ ਇਸ ਤੋਂ ਅਟੰਕ, ਸਮਾਜ ਤੋਂ ਅਤੀਤ ਅਤੇ ਉਦਾਸੀਨ ਕੋਈ ਕਲਪਿਤ ਵਰਤਾਰਾ। ਗ੍ਰਹਿਸਤ ਜੀਵਨ ਦੇ ਸੰਪੂਰਨ ਦੁਖਾਂ/ਸੁਖਾਂ/ਝਮੇਲਿਆਂ, ਸਮਾਜਕ, ਇਤਿਹਾਸਕ

ਤੇ ਰਾਜਨੀਤਕ ਤਨਾਵਾਂ, ਦਬਾਵਾਂ/ਵੰਗਾਰਾਂ ਦਾ ਪ੍ਰਤਿਉਤਰ ਗੁਰੂ ਸਾਹਿਬਾਨ ਨੇ ਇਕ ਲੰਬੇ ਕਾਲ ਖੰਡ ਵਿਚ ਵਖ ਵਖ ਪਰਿਸਥਿਤੀਆਂ ਹੇਠ ਪੇਸ਼ ਕੀਤਾ। ਉਨ੍ਹਾਂ ਦਾ ਜੀਵਨ ਤੇ ਪ੍ਰਤਿਭਾ ਆਪਣੇ ਆਪ ਵਿਚ ਇਤਿਹਾਸਕ ਮਹੱਤਵ ਵਾਲੀ ਸ਼ੈਅ ਹੈ। ਇਹ ਇਕ ਧਰਮ-ਪਰੰਪਰਾ ਦੇ ਸੰਗਠਨ ਤੇ ਸਰੂਪ ਦੇ ਵੇਰਵਿਆਂ ਦੀ ਪਰਮਾਣੀਕ ਦਸਤਾਵੇਜ਼ ਹੈ। ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਤੇ ਪ੍ਰਤਿਭਾ ਨੂੰ ਇਸੇ ਪ੍ਰਸੰਗ ਵਿਚ ਵੇਖਣਾ ਸਮਝਣਾ ਬਣਦਾ ਹੈ। ਉਨ੍ਹਾਂ ਦੀ ਸਮਕਾਲੀ/ਪਿਛਲੇਰੀ, ਮੌਖਿਕ/ਲਿਖਿਤ ਇਤਿਹਾਸਕ ਸਾਮਗਰੀ ਦਾ ਵਿਵੇਚਨ, ਸਿਖ/ਗੈਰ-ਸਿਖ ਇਤਿਹਾਸਕਾਰਾਂ ਦੀਆਂ ਲਿਖਤਾਂ, ਗੁਰਬਾਣੀ ਦੀ ਕਸਵਟੀ, ਸਿਖ ਸਿਮਰਤੀ ਆਸਰੇ ਸਥਾਪਤ ਪਰੰਪਰਾ ਅਤੇ ਹਾਲਾਤ ਦੀ ਆਪਣੀ ਗਵਾਹੀ—ਸਾਰਾ ਕੁਝ ਰਲ ਕੇ ਇਕੋ ਸਮੇਂ ਨਰ ਤੇ ਨਾਰਾਇਣ ਦੇ ਰੂਪ ਵਿਚ ਸਾਕਾਰ ਗੁਰੂ ਹਰਿਗੋਬਿੰਦ ਸਾਹਿਬ ਦੀ ਜੋ ਤਸਵੀਰ ਉਭਾਰਦੇ ਹਨ, ਅਸੀਂ ਉਸੇ ਦੇ ਨਕਸ਼ ਹੀ ਉਲੀਕਣ ਦਾ ਯਤਨ ਕਰ ਰਹੇ ਹਾਂ।

ਗੱਲ ਭਾਈ ਗੁਰਦਾਸ ਦੇ ਬੋਲਾਂ ਨਾਲ ਹੀ ਆਰੰਭ ਕਰਨੀ ਬਣਦੀ ਹੈ ਜੋ ਗੁਰੂ ਹਰਿਗੋਬਿੰਦ ਦੇ ਸਮਕਾਲੀ ਤਾਂ ਸਨ ਹੀ, ਉਨ੍ਹਾਂ ਦੇ ਪੂਰਵਕਾਲੀ ਪੰਜੇ ਗੁਰੂ ਜੋਤਾਂ ਦਾ ਵੀ ਨਿਕਟ ਅਨੁਭਵ ਰਖਦੇ ਸਨ। ਉਨ੍ਹਾਂ ਨੇ ਸਤਿਗੁਰੂ ਨਾਨਕ ਦੇ ਜਨਮ ਦੀ ਸੂਰਜ ਦੇ ਪ੍ਰਗਟ ਹੋਣ ਉਤੇ ਹਨੇਰੇ ਦੇ ਦੂਰ ਹੋਣ ਜਾਂ ਸ਼ੇਰ ਦੇ ਬੁਕਣ ਉਤੇ ਹਿਰਨਾਂ ਦੀ ਡਾਰ ਦੇ ਭੱਜ ਉਠਣ ਨਾਲ ਤੁਲਨਾ ਕੀਤੀ ਹੈ। ਉਨ੍ਹਾਂ ਨੇ ਗੁਰੂ ਹਰਿਗੋਬਿੰਦ ਦੀ ਪ੍ਰਤਿਭਾ ਦੇ ਨਕਸ਼ ਜਿਸ ਕਲਾਸਕੀ ਸੰਜਮ, ਪ੍ਰੋਢਤਾ ਤੇ ਗੌਰਵ ਨਾਲ ਅੰਕਿਤ ਕੀਤੇ ਹਨ, ਉਹ ਨਿਸਚੇ ਹੀ ਸਾਡਾ ਧਿਆਨ ਆਕਰਸ਼ਿਤ ਕਰਦੇ ਹਨ :

> ਪੰਜਿ ਪਿਆਲੇ ਪੰਜਿ ਪੀਰ
> ਛਟਮੁ ਪੀਰ ਬੈਠਾ ਗੁਰੁ ਭਾਰੀ ॥
> ਅਰਜਨੁ ਕਾਇਆ ਪਲਟਿ ਕੈ
> ਮੂਰਤਿ ਹਰ ਗੋਬਿੰਦ ਸਵਾਰੀ ॥
> ਦਲਿ ਭੰਜਨ ਗੁਰੁ ਸੂਰਮਾ
> ਵਡ ਜੋਧਾ ਬਹੁ ਪਰਉਪਕਾਰੀ ॥ ੪੮ ॥ ੧ ॥

ਇਹ ਸਤਰਾਂ ਇਕ ਮਹੱਤਵ ਪੂਰਨ ਸਿਖ ਸਿਧਾਂਤ ਦੀ ਪ੍ਰਥਮ ਨਿਸ਼ਾਨਦੇਹੀ ਹਨ ਅਤੇ ਜੋਤਿ ਓਹਾ ਜੁਗਤਿ ਸਾਇ ਦੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸੰਕਲਪ ਦੀ ਸਿਖ ਸੰਸਥਾ ਵਿਚ ਦ੍ਰਿੜ੍ਹਤਾ ਨਾਲ ਸਥਾਪਤ ਹੋਣ ਦੀ ਪੁਸ਼ਟੀ ਕਰਦੀਆਂ ਹਨ। ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਛੇਆਂ ਗੁਰੂ ਸਾਹਿਬਾਨ ਵਿਚ ਅਸਲੋਂ ਕੋਈ ਅੰਤਰ ਨਹੀਂ। ਛੇਵੇਂ ਗੁਰੂ ਉਸੇ ਮਾਲਾ ਦਾ ਮਣਕਾ ਹਨ ਜੋ ਗੁਰੂ ਨਾਨਕ ਤੋਂ ਸ਼ੁਰੂ ਹੋਈ। ਪੰਜ ਗੁਰੂ ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ ਦੇ ਪੰਜ ਪਿਆਲੇ ਸਨ। ਇਨ੍ਹਾਂ ਹੀ ਪੰਜਾਂ ਪੀਰਾਂ ਦੇ ਪੰਜੇ ਗੁਣਾਂ ਨਾਲ ਭਰਪੂਰ ਸ਼ਕਤੀਸ਼ਾਲੀ ਭਾਰੀ ਗੁਰੂ ਸਨ ਛੇਵੇਂ ਪਾਤਸ਼ਾਹ। ਉਹ ਇਹ ਵੀ ਮੰਨਦੇ ਹਨ ਕਿ ਗੁਰੂ ਅਰਜਨ ਨੇ ਹੀ ਕਾਇਆ ਪਲਟ ਕੇ ਆਪਣੀ ਜੋਤਿ ਗੁਰੂ ਹਰਿਗੋਬਿੰਦ ਵਿਚ

ਸਥਾਪਿਤ ਕੀਤੀ। ਚੌਵੀਵੀਂ ਵਾਰ ਵਿਚ ਭਾ. ਗੁਰਦਾਸ ਫ਼ਰਮਾਂਦੇ ਹਨ :

ਨਿਰੰਕਾਰ ਨਾਨਕ ਦੇਉ, ਨਿਰੰਕਾਰ ਆਕਾਰ ਬਣਾਯਾ।
ਗੁਰ ਅੰਗਦ ਗੁਰ ਅੰਗ ਤੇ, ਗੰਗਹੁ ਜਾਣ ਤਰੰਗ ਉਠਾਯਾ।
ਅਮਰ ਦਾਸ ਗੁਰ ਅੰਗਦਹੁ, ਜੋਤਿ ਸਰੂਪ ਚਲਿਤ ਵਰਤਾਯਾ।
ਗੁਰ ਅਮਰੋਂ ਗੁਰ ਰਾਮਦਾਸ, ਅਨਹਦ ਨਾਦਹੁ ਸ਼ਬਦ ਸੁਣਾਯਾ।
ਰਾਮਦਾਸਹੁ ਅਰਜਨ ਗੁਰੂ, ਦਰਸ਼ਨ ਦਰਪਨ ਵਿਚ ਦਿਖਾਯਾ।
ਹਰਿਗੋਬਿੰਦ ਗੁਰੂ ਅਰਜਨਹੁ, ਗੁਰੂ ਗੋਬਿੰਦ ਨਾਉ ਸਦਵਾਯਾ।
ਗੁਰ ਮੂਰਤਿ ਗੁਰੂ ਸ਼ਬਦ ਹੈ, ਸਾਧ ਸੰਗਤ ਵਿਚ ਪ੍ਰਗਟੀਆਯਾ।
॥ ੨੫ ॥ ੨੪ ॥

ਆਪ ਇਹ ਦ੍ਰਿੜ੍ਹ ਕਰਵਾਂਦੇ ਹਨ ਕਿ ਗੁਰੂ ਨਾਨਕ ਨਿਰੰਕਾਰ ਦਾ ਰੂਪ ਸਨ। ਆਪ ਨਾਰਾਇਣ ਕਲਾਧਾਰ ਜਗਮਹਿ ਪਰਵਰਿਓ। ਨਿਰੰਕਾਰ ਨੇ ਹੀ ਆਪਣਾ ਆਕਾਰ ਨਾਨਕ ਰੂਪ ਵਿਚ ਵਟਾਇਆ। ਗੁਰੂ ਅੰਗਦ, ਗੁਰੂ ਨਾਨਕ ਤੋਂ ਗੰਗਾ ਦੀ ਤਰੰਗ ਵਾਂਗ ਉਠੇ। ਗੁਰੂ ਅੰਗਦ ਪਿਛੋਂ ਗੁਰੂ ਅਮਰਦਾਸ ਦਾ ਗੁਰੂ ਰੂਪ ਵਿਚ ਸਥਾਪਤ ਹੋਣਾ, ਜੋਤਿ ਦੇ ਸਰੂਪ ਬਦਲਣ ਦਾ ਹੀ ਕੌਤਕ ਸੀ। ਗੁਰੂ ਅਮਰਦਾਸ ਉਪਰੰਤ ਗੁਰੂ ਰਾਮਦਾਸ ਦਾ ਬਾਣੀ ਉਚਾਰਣਾ ਮਾਨੋ ਇੰਜ ਸੀ ਜਿਵੇਂ ਅਦ੍ਰਿਸ਼ਟ ਅਨਹਦ-ਨਾਦ, ਸ਼ਬਦ ਦੇ ਰੂਪ ਵਿਚ ਸਾਕਾਰ ਹੋਇਆ ਹੋਵੇ। ਗੁਰੂ ਰਾਮਦਾਸ ਪਿਛੋਂ ਗੁਰਗੱਦੀ ਤੇ ਬਿਰਾਜੇ ਗੁਰੂ ਅਰਜਨ ਦੇਵ ਦੇ ਦਰਸ਼ਨ ਕਰਨ ਦਾ ਅਹਿਸਾਸ ਉਹੋ ਜੇਹਾ ਹੀ ਸੀ ਜਿਹੋ ਜੇਹਾ ਗੁਰੂ ਰਾਮਦਾਸ ਜੀ ਦੇ ਦਰਪਣ ਵਿਚ ਪ੍ਰਤਿਬਿੰਬ ਦਾ। ਗੁਰੂ ਅਰਜਨ ਹੀ ਰੂਪ ਵਟਾ ਕੇ ਗੁਰੂ ਹਰਿਗੋਬਿੰਦ ਬਣੇ ਜਿਸ ਨਾਲ ਸਪਸ਼ਟ ਹੋਇਆ ਕਿ ਗੁਰੂ ਸਰੀਰ ਨਹੀਂ; ਸ਼ਬਦ ਹੈ। ਸ਼ਬਦ ਜੋ ਪ੍ਰਥਮ ਗੁਰੂ ਤੋਂ ਨਿਰੰਤਰ ਚਲ ਰਿਹਾ ਹੈ। ਸ਼ਬਦ ਜੋ ਸਾਧ-ਸੰਗਤ ਵਿਚ ਜੁੜ ਕੇ ਸਿਮਰਨ ਨਾਲ ਪ੍ਰਗਟ ਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤਰ ਨਾਟਕ ਵਿਚ ਇਸ ਪ੍ਰਸੰਗ ਵਿਚ ਸਪਸ਼ਟ ਸੰਕੇਤ ਇਹ ਕਹਿ ਕੇ ਕੀਤੇ ਹਨ :

ਭਿੰਨ ਭਿੰਨ ਸਭ ਹੂੰ ਕਰਿ ਜਾਨਾ।
ਏਕ ਰੂਪ ਕਿਨਹੂੰ ਪਹਿਚਾਨਾ।
ਜਿਨ ਜਾਨਾ ਤਿਨ ਹੀ ਸਿਧ ਪਾਈ।
ਬਿਨ ਸਮਝੇ ਸਿਧ ਹਾਥ ਨਾ ਆਈ।
(ਬਚਿਤ੍ਰ ਨਾਟਕ)

ਭਾਈ ਨੰਦ ਲਾਲ ਜੀ ਨੇ ਇਸੇ ਤੱਥ ਵਲ ਇਕ ਵਾਰ ਮੁੜ ਬੜੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਸਾਡਾ ਧਿਆਨ ਆਕਰਸ਼ਿਤ ਕੀਤਾ ਹੈ। ਜੋਤਿ ਬਿਗਾਸ ਵਿਚ ਆਪ ਲਿਖਦੇ ਹਨ :

ਹਮੋ ਰਾਮਦਾਸ ਹਮੋ ਅਰਜਨ ਅਸਤ।
ਹਮੋ ਹਰਿਗੋਬਿੰਦ ਅਕ੍ਰਮੋ ਆਹਸਨ ਅਸਤ।

ਭਾਵ ਇਹ ਕਿ ਉਹ (ਗੁਰੂ ਗੋਬਿੰਦ ਸਿੰਘ ਜੀ) ਗੁਰੂ ਰਾਮ ਦਾਸ ਸਨ। ਉਹ ਹੀ ਗੁਰੂ ਅਰਜਨ ਦੇਵ ਜੀ ਸਨ। ਉਹ ਹੀ ਬਖਸ਼ਿੰਦ ਅਤੇ ਨੇਕ ਗੁਰੂ ਹਰਿਗੋਬਿੰਦ ਜੀ ਸਨ।

1769 ਈ. ਵਿਚ ਲਿਖਿਤ ਇਕ ਹੋਰ ਪੁਰਾਤਨ ਗ੍ਰੰਥ ਹੈ ਕੇਸਰ ਸਿੰਘ ਛਿਬਰ ਦਾ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ। ਇਸ ਦੇ ਲੇਖਕ ਦਾ ਦਾਅਵਾ ਹੈ ਕਿ ਮੈਂ ਇਹ ਰਚਨਾ 70 ਸਾਲ ਦੀ ਲਗਾਤਾਰ ਮਿਹਨਤ ਉਪਰੰਤ ਕੀਤੀ ਹੈ। ਸਪਸ਼ਟ ਹੈ ਕਿ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਵੀ ਕੀਤੇ ਹੋਣਗੇ। ਉਹ ਦਸਾਂ ਗੁਰੂਆਂ ਵਿਚ ਇਕੋ ਜੋਤਿ ਨੂੰ ਸਵੀਕਾਰ ਕਰਦਾ ਹੋਇਆ ਲਿਖਦਾ ਹੈ :

ਦਸ ਜਾਮੇ ਬਾਬੇ ਨਾਨਕ ਸਾਹਿਬ ਜੀ ਹੈਨ ਧਾਰੇ।
ਦਸੇ ਮਹਿਲ ਜੋਤਿ ਇਕੋ ਸਰੀਰ ਨਿਆਰੇ ਨਿਆਰੇ।[1]

ਫਾਰਸੀ ਦੀ ਸਭ ਤੋਂ ਪੁਰਾਣੀ ਪੁਸਤਕ ਜਿਸ ਵਿਚ ਸਿਖ ਗੁਰੂ ਸਾਹਿਬਾਨ ਅਤੇ ਸਿਖਾਂ ਬਾਰੇ ਪਰਮਾਣੀਕ ਚਰਚਾ ਹੈ, ਉਹ ਹੈ ਦਬਸਤਾਨਿ ਮਜ਼ਾਹਬ। ਇਸ ਦਾ ਲੇਖਕ ਮੁਹਸਨ ਫ਼ਾਨੀ ਹੈ। ਉਹ ਗੁਰੂ ਹਰਿਗੋਬਿੰਦ ਜੀ ਤੇ ਗੁਰੂ ਹਰਿ ਰਾਇ ਜੀ ਦਾ ਸਮਕਾਲੀ ਸੀ। ਉਸ ਨੇ ਇਨ੍ਹਾਂ ਦੋਹਾਂ ਗੁਰੂਆਂ ਦੇ ਦਰਸ਼ਨ ਕੀਤੇ, ਨੇੜਿਉਂ ਹੋ ਕੇ ਵੇਖਿਆ ਅਤੇ ਆਪਣੇ ਵਿਚਾਰ ਲਿਖੇ। ਉਸ ਨੇ ਸਿਖਾਂ ਬਾਰੇ ਆਪਣੀ ਪੁਸਤਕ ਵਿਚ ਇਕ ਪੂਰਾ ਅਧਿਆਇ ਲਿਖਿਆ ਹੈ। ਉਹ ਕਹਿੰਦਾ ਹੈ ਕਿ ਨਾਨਕ ਪੰਥੀ ਜੋ ਗੁਰਸਿਖ ਕਹਿ ਕੇ ਜਾਣੇ ਜਾਂਦੇ ਹਨ ਨਾ ਬੁਤ ਨੂੰ ਮੰਨਦੇ ਹਨ ਅਤੇ ਨਾ ਬੁਤਖਾਨੇ ਨੂੰ। ਸਿਖ ਇਹ ਕਹਿੰਦੇ ਹਨ ਕਿ ਜੇ ਕੋਈ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਦਾ ਰੂਪ ਨਹੀਂ ਗਿਣਦਾ ਤਾਂ ਉਹ ਮਨਮੁਖ, ਹੰਕਾਰੀ ਤੇ ਕਾਫ਼ਰ ਹੈ। ਉਨ੍ਹਾਂ ਦਾ ਯਕੀਨ ਹੈ ਕਿ ਸਾਰੇ ਹੀ ਗੁਰੂ ਸਾਹਿਬਾਨ ਗੁਰੂ ਨਾਨਕ ਹਨ। ਅਕੀਦਾ ਆਂ ਅਸਤ ਕਿ ਰਾਇ ਹਮਾ ਨਾਨਕ ਅੰਦ। ਇਹ ਹਿੰਦੂਆਂ ਦੇ ਮੰਤਰ ਨਹੀਂ ਪੜ੍ਹਦੇ, ਨਾ ਹੀ ਮੰਦਰਾਂ ਵਿਚ ਬੁਤਾਂ ਦੀ ਪੂਜਾ ਕਰਦੇ ਹਨ। ਨਾ ਅਵਤਾਰਾਂ ਦੀ ਭਗਤੀ ਕਰਦੇ ਹਨ। ਉਹ ਕਹਿੰਦਾ ਹੈ ਕਿ ਸਿਖ ਗੁਰੂ ਹਰਿਗੋਬਿੰਦ ਜੀ ਨੂੰ ਰੂਹਾਨੀ ਪੇਸ਼ਵਾ ਦੇ ਰੂਪ ਵਿਚ ਪੂਜਦੇ ਸਨ। ਮੁਹਸਨ ਫਾਨੀ ਨੂੰ ਆਪਣੇ ਇਕ ਪੱਤਰ ਵਿਚ ਉਨ੍ਹਾਂ ਆਪਣੇ ਦਸਤਖਤ ਨਾਨਕ ਹੀ ਕੀਤੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਹੀ ਆਦਰਸ਼ਾਂ ਦਾ ਪ੍ਰਚਾਰ ਪ੍ਰਸਾਰ ਕੀਤਾ ਜਿਹੜੇ ਗੁਰੂ ਨਾਨਕ ਨੇ ਸਾਹਮਣੇ ਰਖੇ। ਆਪ ਨੇ ਸਿਖ ਪੰਥ ਦੀ ਅਗਵਾਈ ਅਤਿ ਬਿਖੜੇ ਸਮੇਂ ਸੰਭਾਲੀ। ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਪੂਰੇ ਪੰਜਾਬ ਵਿਚ ਦਹਿਸ਼ਤ ਨਿਰਾਸ਼ਾ, ਅਤੇ ਢਹਿੰਦੀ ਕਲਾ ਦਾ ਹਨੇਰਾ ਸੀ। ਗੁਰੂ ਹਰਿਗੋਬਿੰਦ ਸਾਹਿਬ ਇਸ ਹਨੇਰੇ ਵਿਚ ਆਸਾਂ ਦਾ ਸੂਰਜ ਬਣ ਕੇ ਚਮਕੇ ਅਤੇ ਆਪਣੇ, ਤੇਜ, ਗੌਰਵ, ਪ੍ਰਤਿਭਾ ਅਤੇ ਬਹਾਦਰੀ ਨਾਲ ਸਿੱਖਾਂ ਨੂੰ ਇਨ੍ਹਾਂ ਪਰਿਸਥਿਤੀਆਂ ਨਾਲ

---

1. ਬੰਸਾਵਲੀਨਾਮਾ, ਕੇਸਰ ਸਿੰਘ ਛਿਬਰ, ਸੰਪਾ. ਡਾ. ਰਤਨ ਸਿੰਘ ਜੱਗੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਪੰਨਾ 160

ਟਕਰਾਉਣ ਦਾ ਸਾਹਸ ਬਖਸ਼ਿਆ। ਜੇ ਬਾਦਸ਼ਾਹ ਸ਼ਾਹੀ ਤਖਤ ਤੇ ਬਹਿ ਕੇ ਬਾਦਸ਼ਾਹ ਅਖਵਾਂਦਾ ਸੀ ਤਾਂ ਆਪ ਨੇ ਅਕਾਲ ਤਖ਼ਤ ਤੇ ਬਹਿ ਕੇ ਆਪਣੀ ਸੁਤੰਤਰ ਤੇ ਪ੍ਰਭੂਸੱਤਾ-ਸੰਪੰਨ ਹਸਤੀ ਦਾ ਐਲਾਨ ਕੀਤਾ। ਰਾਜ ਸੱਤਾ ਦੇ ਜ਼ੁਲਮ ਅਤੇ ਅਨਿਆਂ ਨਾਲ ਹਥਿਆਰ-ਬੰਦ ਟੱਕਰ ਲਈ। ਸੰਤ-ਸਰੂਪ ਸਿਖਾਂ ਨੂੰ ਸੰਤ-ਸਿਪਾਹੀ ਬਣ ਕੇ ਤਲਵਾਰ ਫੜਨ ਦਾ ਹੌਂਸਲਾ ਦਿਤਾ। ਘੌੜਿਆਂ ਤੇ ਚੜ੍ਹਣਾ, ਸ਼ਸਤਰ ਧਾਰਨ ਕਰਨਾ ਤੇ ਸ਼ਿਕਾਰ ਖੇਡਣਾ ਹੁਣ ਕੇਵਲ ਜ਼ਾਲਮ ਸ਼ਾਸਕਾਂ ਦਾ ਅਧਿਕਾਰ ਨਾ ਰਹਿ ਗਿਆ। ਇਸ ਵਿਚ ਗੁਰੂ ਦੇ ਸਿਖ ਬਰਾਬਰ ਦੇ ਸ਼ਰੀਕ ਹੋ ਗਏ। ਬਾਦਸ਼ਾਹ ਨੇ ਫੁਰਮਾਨ ਜਾਰੀ ਕਰ ਕੇ ਇਸਲਾਮ ਤੋਂ ਬਿਨਾਂ ਹਰ ਪ੍ਰਕਾਰ ਦੇ ਧਰਮ-ਪ੍ਰਚਾਰ ਅਤੇ ਤਬਲੀਗ ਦੀ ਮਨਾਹੀ ਕੀਤੀ ਤਾਂ ਗੁਰੂ ਸਾਹਿਬ ਨੇ ਸਿਖੀ ਪ੍ਰਚਾਰ ਨੂੰ ਬੰਦ ਕਰਨ ਦੀ ਥਾਂ ਹਰ ਪ੍ਰਚਾਰਕ ਨਾਲ ਸੋ ਸੋ ਸੈਨਿਕ ਭੇਜ ਕੇ ਨਿਡਰਤਾ ਨਾਲ ਸਤਿ-ਮਾਰਗ ਦਾ ਆਪਣਾ ਸੰਦੇਸ਼ ਫੈਲਾਣਾ ਜਾਰੀ ਰੱਖਿਆ। ਉਨ੍ਹਾਂ ਕਦੀ ਵੀ ਐਸਾ ਸੰਕੇਤ ਨਹੀਂ ਦਿਤਾ ਜਿਸ ਤੋਂ ਲੱਗੇ ਕਿ ਸਿੱਖ ਡਰ ਜਾਂ ਦਬ ਗਏ ਹਨ। ਉਨ੍ਹਾਂ ਆਪਣੀ ਦ੍ਰਿੜ੍ਹਤਾ ਅਤੇ ਹੋਂਦ ਹਸਤੀ ਦਾ ਐਸਾ ਪ੍ਰਮਾਣ ਦਿਤਾ ਕਿ ਸ਼ਾਸਕ ਵਰਗ ਅਤੇ ਉਨ੍ਹਾਂ ਦੇ ਪਿਠੂਆਂ ਨੂੰ ਇਉਂ ਜਾਪਣ ਲੱਗਾ ਕਿ ਸਿਖ ਉਨ੍ਹਾਂ ਦੇ ਬਾਜ਼ ਨੂੰ ਵੀ ਹੱਥ ਪਾ ਸਕਦੇ ਹਨ ਅਤੇ ਤਾਜ ਨੂੰ ਵੀ। ਗੁਰੂ ਹਰਿਗੋਬਿੰਦ ਜੀ ਨੇ ਥੋੜ੍ਹੇ ਜਹੇ ਅਰਸੇ ਵਿਚ ਹੀ ਇਹ ਵਚਿਤਰ ਚਮਤਕਾਰ ਕਰ ਦਿਖਾਇਆ। ਗੁਰੂ ਜੀ ਨੇ ਜਿਸ ਸਿਆਣਪ ਅਤੇ ਚਤੁਰਾਈ ਨਾਲ ਗੈਰ-ਮਾਮੂਲੀ ਹਾਲਾਤ ਵਿਚ ਸ਼ਾਨਦਾਰ ਕੰਮ ਕੀਤਾ ਉਸ ਦੀ ਮਿਸਾਲ ਮਿਲਣੀ ਕਠਿਨ ਹੈ। ਪਿਤਾ ਗੁਰੂ ਦੀ ਸ਼ਹੀਦੀ ਉਪਰੰਤ ਉਨ੍ਹਾਂ ਨੇ ਨਾ ਕੇਵਲ ਸਿੱਖ ਜਥੇਬੰਦੀ ਦੇ ਪੈਰ ਨਾ ਥਿੜਕਣ ਦਿਤੇ ਸਗੋਂ ਇਸ ਨੂੰ ਇਕ ਅਹਿੱਲ ਅਤੇ ਸ਼ਕਤੀਸ਼ਾਲੀ ਜਥੇਬੰਦਕ ਸ਼ਕਤੀ ਵਿਚ ਪਰਿਵਰਤਿਤ ਕਰ ਦਿਤਾ।

ਛੇਵੇਂ ਨਾਨਕ ਦੇ ਰੂਪ ਵਿਚ ਗੁਰੂ ਹਰਿਗੋਬਿੰਦ ਸਾਹਿਬ ਵਕਤ ਦੀ ਨਜ਼ਾਕਤ ਨੂੰ ਖੂਬ ਸਮਝਦੇ ਸਨ। ਉਨ੍ਹਾਂ ਮਹਿਸੂਸ ਕਰ ਲਿਆ ਕਿ ਸ਼ਸਤਰ ਧਾਰਨ ਕੀਤੇ ਬਿਨਾਂ ਸਿਖਾਂ ਦਾ ਬਚਨਾ ਕਠਿਨ ਹੈ। ਇਹ ਫੈਸਲਾ ਵੇਖਣ ਨੂੰ ਭਾਵੇਂ ਸਾਧਾਰਨ ਲਗਦਾ ਹੋਵੇ, ਪਰ ਇਕ ਬੜਾ ਵੱਡਾ ਫੈਸਲਾ ਸੀ। ਜ਼ਰਾ ਸੋਚੋ ਜਦੋਂ ਮੁਲਕ ਦਾ ਸ਼ਹਿਨਸ਼ਾਹ ਜਹਾਂਗੀਰ ਆਪਣੇ ਹੀ ਪੁਤਰ ਨੂੰ ਹਥਿਆਰਬੰਦ ਬਗਾਵਤ ਦੇ ਦੋਸ਼ ਵਿਚ ਫੜ ਕੇ ਬੇਰਹਿਮੀ ਨਾਲ ਮਾਰ ਮੁਕਾ ਚੁਕਾ ਹੋਵੇ ਅਤੇ ਉਸਦੇ ਸਾਥੀਆਂ ਨੂੰ ਕਰੜੀਆਂ ਸਜ਼ਾਵਾਂ ਦੇ ਰਿਹਾ ਹੋਵੇ; ਜਦੋ ਉਹ ਲਾਹੋਰ ਬਹਿ ਕੇ ਬਾਗੀਆਂ ਨੂੰ ਹਾਥੀਆਂ ਅਗੇ ਸੁਟ ਅਤੇ ਖੱਲਾਂ ਵਿਚ ਮੜ੍ਹ ਕੇ ਰੋਜ਼ ਅਤਿਆਚਾਰਾਂ ਦਾ ਤਮਾਸ਼ਾ ਦੇਖ ਰਿਹਾ ਹੋਵੇ; ਉਸ ਤੋਂ ਕੁਝ ਮੀਲਾਂ ਦੀ ਵਿਥ ਤੇ ਅੰਮ੍ਰਿਤਸਰ ਵਿਚ ਗੁਰੂ ਹਰਿਗੋਬਿੰਦ ਆਪ ਤਲਵਾਰ ਪਹਿਨੇ ਤੇ ਆਪਣੇ ਸਿਖਾਂ ਤੋਂ ਚੰਗੇ ਸ਼ਸਤਰ ਅਤੇ ਚੰਗੀ ਜਵਾਨੀ ਦੀ ਭੇਟਾ ਮੰਗ ਰਿਹਾ ਹੋਵੇ; ਅੰਮ੍ਰਿਤਸਰ ਦੀ ਕਿਲ੍ਹੇ ਬੰਦੀ ਕਰ ਰਿਹਾ ਹੋਵੇ; ਤਾਂ ਇਹ ਕਿਸ ਕਿਸਮ ਦੀ ਹਿੰਮਤ ਸੀ। ਕਿਸ ਕਿਸਮ ਦੀ ਬਗਾਵਤ ਸੀ। ਹਕੂਮਤ ਇਸ ਸਾਰੇ ਕੁਝ ਨੂੰ ਚੁਪ ਕਰ ਕੇ ਨਹੀਂ ਵੇਖ ਸਕਦੀ ਸੀ। ਟਕਰਾਅ ਲਾਜ਼ਮੀ ਸੀ। ਇਸ ਟਕਰਾਅ ਤੋਂ ਅੱਖਾਂ ਮੀਟ ਕੇ ਹੀ ਬਚਿਆ ਜਾ ਸਕਦਾ ਸੀ। ਪੂਰੀ ਕੌਮ ਨੂੰ ਗੁਰੂ ਜੀ ਨੇ ਸਹਿਮ ਤੇ ਡਰ ਤੋਂ ਮੁਕਤ ਕੀਤਾ ਅਤੇ ਉਸ ਵਿਚ ਆਤਮ ਵਿਸ਼ਵਾਸ ਦਾ ਸੰਚਾਰ ਕੀਤਾ।

ਗੁਰੂ ਹਰਿਗੋਬਿੰਦ ਜੀ ਇੰਨੇ ਸੁਘੜ ਤੇ ਬੁਧੀਵਾਨ ਸਨ ਕਿ ਉਨ੍ਹਾਂ ਸਮਕਾਲੀ ਹਾਲਾਤ ਦੀ ਹਰ ਚੁਣੌਤੀ ਦਾ ਢੁਕਵਾਂ ਉਤਰ ਦਿਤਾ। ਆਪ ਨੇ ਸਥਿਤੀਆਂ ਅਨੁਸਾਰ ਆਪਣੀ ਨੀਤੀ ਨੂੰ ਖਾਸਾ ਲਚਕਦਾਰ ਰੱਖਿਆ। ਜਿਸ ਸਮੇਂ ਸ਼ਾਂਤੀ ਦੀ ਲੋੜ ਸੀ ਸ਼ਾਂਤ ਰਹੇ। ਜਿਸ ਸਮੇਂ ਕਰੜੀ ਸਟ ਮਾਰਨ ਦੀ ਲੋੜ ਸੀ, ਦੁਸ਼ਮਣ ਨਾਲ ਲੋਹਾ ਲਿਆ। ਹਥਿਆਰਬੰਦ ਟੱਕਰ ਕਿਥੇ, ਕਦੋਂ ਅਤੇ ਕਿਵੇਂ ਲੈਣੀ ਹੈ, ਇਸ ਨੂੰ ਉਹ ਖੂਬ ਸਮਝਦੇ ਸਨ। ਉਨ੍ਹਾਂ ਨੇ ਸਿਖਾਂ ਵਿਚ ਹਰ ਖਤਰੇ ਨਾਲ ਟਕਰਾਉਣ ਦਾ ਉਤਸ਼ਾਹ ਭਰਿਆ। ਉਨ੍ਹਾਂ ਨੇ ਨਿਤ ਦੇ ਪ੍ਰੋਗਰਾਮ ਹੀ ਅਜੇਹੇ ਬਣਾਏ ਕਿ ਇਸ ਉਤਸ਼ਾਹ ਦਾ ਸੰਚਾਰ ਹੋਵੇ। ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਨੂੰ ਯੋਧਿਆਂ ਦੀਆਂ ਵਾਰਾਂ ਦੇ ਵੀਰ ਰਸੀ ਅੰਦਾਜ਼ ਵਿਚ ਗਵਾਇਆ। ਮਰਜੀਵੜਿਆਂ ਦਾ ਜਨ-ਸਮੂਹ ਉਨ੍ਹਾਂ ਦੇ ਇਕ ਇਸ਼ਾਰੇ ਉਤੇ ਲਹੂ ਪਸੀਨਾ ਡੋਲ੍ਹਣ ਅਤੇ ਜਾਨ ਕੁਰਬਾਨ ਕਰਨ ਨੂੰ ਤਿਆਰ ਹੋ ਜਾਂਦਾ ਸੀ। ਗੁਰੂ ਦੀ ਇਕ ਮਿਹਰ ਭਰੀ ਨਜ਼ਰ ਉਤੇ ਉਹ ਮਰ ਮਿਟਦੇ। ਦੋ ਵਕਤ ਦੀ ਰੋਟੀ ਅਤੇ ਵਰ੍ਹੇ ਛਿਮਾਹੀ ਇਕ ਕੁਰਤਾ। ਸਿਰਫ ਇੰਨੇ ਵਿਚ ਪੰਜਾਬ ਦੀ ਜਵਾਨੀ ਗੁਰੂ ਨੂੰ ਆਪਣਾ ਆਪਾ ਸੌਂਪ ਦਿੰਦੀ ਸੀ।

ਵੀਰ ਯੋਧੇ ਹੋਣ ਦੇ ਬਾਵਜੂਦ ਗੁਰੂ ਹਰਿਗੋਬਿੰਦ ਰੂਹਾਨੀਅਤ ਦੇ ਭੰਡਾਰ ਸਨ। ਜਦ ਵੀ ਉਪਦੇਸ਼ ਦਿੰਦੇ ਗੁਰਬਾਣੀ ਦਾ ਸੰਦੇਸ਼ ਦਿੰਦੇ। ਜਿਸ ਕਿਸੇ ਨੇ ਵੀ ਦਰਸ਼ਨ ਅਭਿਲਾਸ਼ਾ ਕੀਤੀ, ਆਪ ਨੇ ਸ਼ਬਦ ਪੜ੍ਹਣ ਤੇ ਪਾਠ ਕਰਨ ਲਈ ਕਿਹਾ। ਡਰੌਲੀ ਦੀ ਸੰਗਤ ਨੇ ਵਿਛੜਨ ਸਮੇਂ ਸਦਾ ਦਰਸ਼ਨਾਂ ਦੀ ਜੋਦੜੀ ਕੀਤੀ ਤਾਂ ਗੁਰੂ ਸਾਹਿਬ ਨੇ ਪੋਥੀ ਅਤੇ ਕਟਾਰ ਬਖਸ਼ੀ। ਇਹ ਸੰਤ ਅਤੇ ਸਿਪਾਹੀ ਦੀ ਸਮੁਚੀ ਸ਼ਖਸੀਅਤ ਦਾ ਪ੍ਰਤੀਕ ਸਨ। ਇਸ ਗੱਲ ਦਾ ਪ੍ਰਮਾਣ ਸਨ ਕਿ ਗੁਰੂ ਸਾਹਿਬ ਹਰ ਕਦਮ ਉਤੇ ਮੀਰੀ ਅਤੇ ਪੀਰੀ, ਸ਼ਕਤੀ ਅਤੇ ਭਗਤੀ ਨੂੰ ਇਕੱਠਾ ਰੱਖ ਕੇ ਵੇਖਦੇ ਸਨ। ਗੁਰਬਾਣੀ ਅਤੇ ਗੁਰ ਸ਼ਬਦ ਦਾ ਆਪ ਜੋ ਸਤਿਕਾਰ ਕਰਦੇ ਸਨ, ਉਹ ਸਾਡੇ ਲਈ ਮਾਰਗ-ਦਰਸ਼ਕ ਹੈ। ਆਪ (ਗੁਰੂ) ਗ੍ਰੰਥ ਸਾਹਿਬ ਨੂੰ ਉਚੇ ਸਿੰਘਾਸਨ ਉਤੇ ਪ੍ਰਕਾਸ਼ ਕਰ ਕੇ ਆਪ ਨੀਵੇਂ ਥਾਂ ਬੈਠਦੇ। ਸ਼ੁਧ ਅਤੇ ਸੱਚੇ ਮਨ ਨਾਲ ਜਪੁਜੀ ਦਾ ਪਾਠ ਸੁਣਾਉਣ ਵਾਲੇ ਭਾਈ ਗੋਪਾਲ ਜੀ ਨੂੰ ਆਪ ਗੁਰਗਦੀ ਦੇਣ ਲਈ ਤਿਆਰ ਹੋ ਗਏ। ਇਹ ਵਖਰੀ ਗੱਲ ਹੈ ਕਿ ਭਾਈ ਗੋਪਾਲ ਦਾ ਮਨ ਅੰਤਿਮ ਛਿਣਾਂ ਵਿਚ ਥਿੜਕ ਗਿਆ ਅਤੇ ਉਹ ਚੀਨੇ ਘੋੜੇ ਦੀ ਲਾਲਸਾ ਕਰਨ ਲੱਗਿਆ ਜੋ ਉਸ ਨੂੰ ਦੇ ਦਿਤਾ ਗਿਆ।

ਪੰਜਾਬ ਦੇ ਲੋਕਾਂ ਨੇ ਸਿਰ ਉਚਾ ਚੁਕ ਕੇ ਤੁਰਨ ਦੀ ਜਾਚ ਪਹਿਲੀ ਵਾਰ ਗੁਰੂ ਹਰਿਗੋਬਿੰਦ ਤੋਂ ਹੀ ਸਿਖੀ।

ਗੁਰੂ ਸਾਹਿਬ ਬਾਰੇ ਤੱਥ ਸਾਡੇ ਲਈ ਮੁਕਦਸ ਸਨ। ਅਸੀਂ ਆਪਣਾ ਬਿਰਤਾਂਤ ਇਨ੍ਹਾਂ ਤਥਾਂ ਦੇ ਆਧਾਰ ਉਤੇ ਹੀ ਸਿਰਜਿਆ ਹੈ। ਵਿਗਿਆਨਕ ਦ੍ਰਿਸ਼ਟੀ ਇਸੇ ਦੀ ਮੰਗ ਕਰਦੀ ਹੈ। ਅਜੇਹਾ ਕਰਦੇ ਸਮੇਂ ਇਤਿਹਾਸਕ ਤੱਥਾਂ ਦੀ ਚੋਣ ਮਹੱਤਵ ਪੂਰਨ ਹੁੰਦੀ ਹੈ। ਸਾਡੇ ਵਾਸਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਜੀਵਨੀ ਤੇ ਪ੍ਰਤਿਭਾ ਕੇਵਲ ਭੂਤਕਾਲ ਦਾ ਅੰਗ ਨਹੀਂ, ਇਹ ਵਰਤਮਾਨ ਵਿਚ ਵੀ ਸਜੀਵ ਰੂਪ ਵਿਚ ਸਮੂਹ ਸਿਖ ਕੌਮ ਦੇ ਅੰਗ-ਸੰਗ ਸਜੀਵ ਹੈ। ਗੁਰੂ ਹਰਿਗੋਬਿੰਦ, ਗੁਰੂ ਨਾਨਕ ਦੁਆਰਾ ਪੇਸ਼ ਕੀਤੇ ਧਾਰਮਿਕ ਸਾਧਨਾ-

ਮਾਰਗ ਦਾ ਸਮਕਾਲੀ ਪਰਿਸਥਿਤੀਆਂ ਦੀਆਂ ਵੰਗਾਰਾਂ ਅਨੁਕੂਲ ਪ੍ਰਤਿਉਤਰ ਸਨ। ਉਨ੍ਹਾਂ ਸਿਖਾਂ ਦੀ ਕਾਇਆ-ਕਲਪ ਕਰ ਕੇ ਧਾਰਮਿਕ ਭਾਈਚਾਰੇ ਵਿਚ ਜੰਗਜੂ ਰਾਜਨੀਤਕ ਭਾਵਨਾਵਾਂ ਨੂੰ ਰਚਾਇਆ ਮਿਚਾਇਆ। ਅਜੇਹਾ ਕਰ ਕੇ ਉਨ੍ਹਾਂ ਨਵੇਂ ਉਸਰ ਰਹੇ ਭਾਈਚਾਰੇ ਨੂੰ ਨਸ਼ਟ ਹੋਣ ਤੋਂ ਬਚਾਇਆ ਅਤੇ ਇਸ ਦੇ ਹਿੰਦੂ ਜਾਂ ਮੁਸਲਿਮ ਧਰਮ-ਪਰੰਪਰਾ ਵਿਚ ਵਿਲੀਨ ਹੋਣ ਦੀ ਸੰਭਾਵਨਾ ਖਤਮ ਕਰ ਦਿਤੀ।

1718 ਈ. ਵਿਚ ਲਿਖੇ ਗਏ ਸੋਹਨ ਕਵੀ ਦੇ ਗੁਰਬਿਲਾਸ ਪਾ: ਛੇਵੀਂ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਆਪ ਗੁਰੂ ਹਰਿਗੋਬਿੰਦ ਜੀ ਨੂੰ ਜੰਗ ਲੜਨ ਦੇ ਹੁਨਰ ਦੀ ਸਿਖਿਆ ਦਿਤੀ। ਇਸ ਤੱਥ ਦੀ ਪੁਸ਼ਟੀ ਸਿਖਾਂ ਦੀ ਭਗਤ ਮਾਲਾ (ਪੰਜਾਬ ਸਟੇਟ ਆਰਕਾਈਵਜ਼ ਦਾ ਖਰੜਾ ਨੰਬਰ ਐਮ. 687) ਵਿਚ ਵੀ ਕੀਤੀ ਗਈ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਹੀ ਆਪਣੇ ਉਤਰਾਧਿਕਾਰੀ ਗੁਰੂ ਹਰਿਗੋਬਿੰਦ ਜੀ ਨੂੰ ਸ਼ਸਤਰਧਾਰੀ ਹੋਣ ਦਾ ਸੁਝਾਅ ਦਿਤਾ ਸੀ। ਇਹ ਪੁਰਾਤਨ ਗਵਾਹੀਆਂ ਇਸ ਤੱਥ ਦੀ ਹੀ ਪੁਸ਼ਟੀ ਕਰਦੀਆਂ ਹਨ ਕਿ ਗੁਰੂ-ਜੋਤਿ ਰੂਪ ਵਟਾ ਕੇ ਨਵੀਆਂ ਪਰਿ-ਸਥਿਤੀਆਂ ਦਾ ਜੋ ਨਵਾਂ ਪ੍ਰਤਿਉਤਰ ਦੇ ਰਹੀ ਸੀ ਉਹ ਇਕੋ ਸੰਦੇਸ਼ ਦੀ ਬਦਲਵੇਂ ਪ੍ਰਸੰਗਾਂ ਵਿਚ ਵਿਵਹਾਰਿਕ ਵਿਆਖਿਆ ਸੀ ਜੋ ਸਿਖ ਭਾਈਚਾਰੇ ਦੇ ਮਾਰਗ-ਦਰਸ਼ਨ ਹਿਤ ਕੀਤੀ ਗਈ।

ਅਧਿਆਇ 2

ਬਧਾਈ ਲੀ ਸ੍ਰੀ ਹਰਿਗੋਬਿੰਦ ਜੀ ਕੀ

ਆਮ ਸਿਖ ਇਤਿਹਾਸਕਾਰ ਗੁਰੂ ਹਰਿਗੋਬਿੰਦ ਜੀ ਦਾ ਜਨਮ 21 ਹਾੜ 1652 ਬਿਕਰਮੀ (19 ਜੂਨ 1595 ਈ.) ਨੂੰ ਹੋਇਆ ਮੰਨਦੇ ਹਨ। ਆਪ ਦਾ ਜਨਮ 1595 ਈ. ਵਿਚ ਮੰਨਦੇ ਹੋਏ ਸਮੁੱਚਾ ਸਿਖ ਜਗਤ 1995 ਵਿਚ ਉਨ੍ਹਾਂ ਦੀ ਚਾਰ ਸੌ ਸਾਲਾ ਯਾਦ, ਸ਼ਤਾਬਦੀ ਸਮਾਰੋਹ ਸਹਿਤ ਧੂਮ ਧਾਮ ਨਾਲ ਮਨਾ ਰਿਹਾ ਹੈ। ਗੁਰੂ ਸਾਹਿਬ ਬਾਰੇ ਕੁਝ ਪ੍ਰਾਚੀਨ ਲਿਖਤਾਂ ਆਪ ਦਾ ਜਨਮ 1647 ਬਿਕਰਮੀ ਵਿਚ ਹੋਇਆ ਦਸਦੀਆਂ ਹਨ। ਕੇਸਰ ਸਿੰਘ ਛਿਬਰ ਨੇ ਇਕ ਤੋਂ ਵਧੇਰੇ ਥਾਵਾਂ ਉਤੇ ਸਪਸ਼ਟ ਸ਼ਬਦਾਂ ਵਿਚ ਆਪ ਦਾ ਜਨਮ 21 ਹਾੜ 1647 ਨੂੰ ਹੋਇਆ ਲਿਖਿਆ ਹੈ।

1. ਸੰਮਤ ਸੋਲਾਂ ਸੈ ਤ੍ਰਿਹ ਘੱਟ ਪੰਜਾਹ।
   ਗੁਰੂ ਹਰਿਗੋਬਿੰਦ ਜਨਮੇ ਹਾੜ ਮਹੀਨੇ ਮਾਹ।

   (ਬੰਸਾਵਲੀ ਨਾਮਾ[1] : ਪੰਜਵਾਂ ਚਰਣ)

2. ਸਾਹਿਬ ਹਰਿਗੋਬਿੰਦ ਜੀ ਜਨਮੇ ਵਡਾਲੀ।
   ਸੰਮਤੁ ਸੋਲਾਂ ਸੈ ਗਏ ਸੈਂਤਾਲੀ।
   ਹਾੜ ਮਾਸ ਦਿਨ ਬੀਤੇ ਇਕੀ।
   ਮਾਤਾ ਗੰਗਾ ਜੀ ਦੇ ਉਦਰੋਂ ਜਨਮ ਪਤਰੀ ਦਿਜ ਲਿਖੀ।

   (ਬੰਸਾਵਲੀ ਨਾਮਾ[2] : ਛੇਵਾਂ ਚਰਣ)

ਅਸਲ ਵਿਚ 1652 ਸੰਮਤ ਵਾਲੀ ਮਿਤੀ ਸੋਹਨ ਕਵੀ ਦੇ ਗੁਰਬਿਲਾਸ ਦੇ ਆਧਾਰ ਉਤੇ ਪ੍ਰਚਲਿਤ ਹੋਈ ਪ੍ਰਤੀਤ ਹੁੰਦੀ ਹੈ, ਜਿਸ ਨੂੰ ਭਾਈ ਸੰਤੋਖ ਸਿੰਘ ਅਤੇ ਉਸ ਉਪਰੰਤ ਗਿਆਨੀ ਗਿਆਨ ਸਿੰਘ ਨੇ ਜਿਉਂ ਦਾ ਤਿਉਂ ਸਵੀਕਾਰ ਕਰ ਲਿਆ। ਕੇਸਰ ਸਿੰਘ ਛਿਬਰ ਦੇ ਬੰਸਾਵਲੀ ਨਾਮੇ ਵਿਚ ਦਿਤੀ ਮਿਤੀ ਦੀ ਪੁਸ਼ਟੀ ਭਟ ਭਿਖੇ ਦੇ ਬੇਟੇ ਕੀਰਤ ਭੱਟ ਦੀ ਲਿਖੀ ਭਟ ਵਹੀ ਮੁਲਤਾਨੀ ਸਿੰਧੀ ਵਿਚ ਦਰਜ ਇਹ ਸਤਰਾਂ ਵੀ ਕਰਦੀਆਂ ਹਨ :

ਬਧਾਈ ਲੀ ਸ੍ਰੀ ਹਰਿਗੋਬਿੰਦ ਜੀ ਕੀ, ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ,

---

1. ਬੰਸਾਵਲੀਨਾਮਾ, ਕੇਸਰ ਸਿੰਘ ਛਿਬਰ, ਸੰਪਾ. ਡਾ. ਰਤਨ ਸਿੰਘ ਜੱਗੀ, ਪੰ. ਯੂ. ਚੰਡੀਗੜ, 1972, ਪੰਨਾ 47
2. ਉਹੀ, ਪੰਨਾ 56

ਪੋਤਾ ਗੁਰੂ ਰਾਮਦਾਸ ਜੀ ਕਾ ...ਸੰਬਤ ਸੋਲਾ ਸੈ ਸੰਤਾਲੀਸ ਮਾਂਹ ਅਸਾਢ ਦਿੰਹੁ ਇਕੀਸ ਗਿਆ, ਸਵਾ ਪਹਿਰ ਰੈਣ ਰਹੀ ਮਾਤਾ ਗੰਗਾ ਜੀ ਕੇ ਉਦਰ ਥੀਂ। ਗਰਾਮ 'ਬਡਾਲੀ' ਪਰਗਣਾ 'ਗੁਰੂ ਚੱਕ' ਮੇਂ ਏਕ ਚਮਤਕਾਰੀ ਬਾਲ ਪੈਦਾ ਹੂਆ। ਨਾਉਂ ਸ੍ਰੀ ਹਰਿਗੋਬਿੰਦ ਜੀ ਰਾਖਾ।...

ਇਸ ਦੇ ਮੁਕਾਬਲੇ ਗੁਰਬਿਲਾਸ ਪਾ. ਛੇਵੀਂ ਦੀ ਗਵਾਹੀ ਇਸ ਪ੍ਰਕਾਰ ਹੈ :

ਸੰਮਤ ਸੋਰਹ ਸਹਸ ਬਵੰਜਾ
ਹਾੜ ਇਕ ਨਿਸ ਆਧੀ ਮੰਝਾ
ਪੁਖ ਨਿਛੱਤਰ ਸੁਭ ਗ੍ਰਿਹ ਸੁਖਦਾਈ
ਕ੍ਰਿਸ਼ਨ ਪੱਖ ਪ੍ਰਗਟੇ ਪ੍ਰਭ ਆਈ।

ਕੁਝ ਵੀ ਹੋਵੇ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਬਾਬਾ ਬੁੱਢਾ ਜੀ ਦੇ ਵਰ ਨਾਲ ਹੋਣਾ ਸਾਰੇ ਪੁਰਾਣੇ ਗ੍ਰੰਥਕਾਰ ਤੇ ਸਾਰੀ ਸਿਖ ਪਰੰਪਰਾ ਨਿਰਵਿਵਾਦ ਰੂਪ ਵਿਚ ਸਵੀਕਾਰ ਕਰਦੀ ਹੈ। ਆਪ ਦੇ ਜਨਮ ਤੋਂ ਪਹਿਲਾਂ ਹੀ ਆਪ ਦੇ ਪਿਤਾ ਗੁਰੂ ਅਰਜਨ ਦੇਵ ਜੀ ਆਪਣੇ ਵੱਡੇ ਭਰਾਤਾ ਪ੍ਰਿਥੀ ਚੰਦ ਦੀ ਤੀਬਰ ਈਰਖਾ ਕ੍ਰੋਧ ਤੇ ਸਾੜੇ ਕਾਰਨ ਭਾਂਤ ਭਾਂਤ ਦੀਆਂ ਸਾਜ਼ਿਸ਼ਾਂ ਦਾ ਨਿਸ਼ਾਨਾ ਬਣੇ ਚਲੇ ਆ ਰਹੇ ਸਨ। ਇਹ ਵਿਰੋਧ ਉਨ੍ਹਾਂ ਦੇ ਗੁਰਗੱਦੀ ਸੰਭਾਲਣ ਤੋਂ ਹੀ ਆਰੰਭ ਹੋ ਗਿਆ। ਪ੍ਰਿਥੀ ਚੰਦ ਦੀ ਮੌਤ ਮਗਰੋਂ ਉਸ ਦੇ ਪੁਤਰ ਮਿਹਰਬਾਨ ਅਤੇ ਉਸ ਦੇ ਸਾਥੀਆਂ ਨੇ ਇਸ ਨੂੰ ਜਾਰੀ ਰੱਖਿਆ। ਇਸ ਦਾ ਕਾਰਨ ਗੁਰੂ ਰਾਮਦਾਸ ਦੁਆਰਾ ਗੁਰਗਦੀ ਲਈ ਛੋਟੇ ਬੇਟੇ ਗੁਰੂ ਅਰਜਨ ਦੇਵ ਜੀ ਦੀ ਚੋਣ ਸੀ। ਵੱਡੇ ਪੁਤਰ ਪ੍ਰਿਥੀ ਚੰਦ ਨੂੰ ਇਸ ਉਤੇ ਰੋਸ ਅਤੇ ਇਤਰਾਜ਼ ਸੀ। ਉਹ ਗੁਰਗਦੀ ਉਤੇ ਆਪਣਾ ਹੱਕ ਸਮਝਦਾ ਸੀ। ਸਿਖ ਗੁਰੂਆਂ ਨੇ ਗੁਰਗਦੀ ਨੂੰ ਖਾਨਦਾਨੀ ਕਦੇ ਨਹੀਂ ਬਣਾਇਆ ਸੀ। ਉਨ੍ਹਾਂ ਦੀ ਧਾਰਨਾ ਸੀ ਕਿ ਗੁਰੂ ਨੇ ਜਗਤ ਲਈ ਪੂਰਨੇ ਪਾਉਣੇ ਹਨ। ਲੋਕਾਂ ਨੂੰ ਰੋਸ਼ਨੀ ਦੇਣੀ ਹੈ। ਉਸ ਨੂੰ ਦੁਨਿਆਵੀ ਖੋਹ-ਖਿੰਝ ਤੋਂ ਉਪਰ ਹੋਣਾ ਚਾਹੀਦਾ ਹੈ। ਕਮਲ ਵਾਂਗ ਨਿਰਲੇਪ। ਗੁਰੂ ਘਰ ਵਿਚ ਵੱਡਾ ਪੁਤਰ ਹੋਣ ਕਾਰਨ ਕਿਸੇ ਦਾ ਵੀ ਗੱਦੀ ਉਤੇ ਆਪਣੇ ਆਪ ਹੱਕ ਸਵੀਕ੍ਰਿਤ ਨਹੀਂ। ਗੁਰੂ ਨਾਨਕ ਨੇ ਆਪਣੇ ਦੋਵੇਂ ਪੁਤਰਾਂ ਸ੍ਰੀ ਚੰਦ ਅਤੇ ਲਖਮੀ ਦਾਸ ਜੀ ਨੂੰ ਨਜ਼ਰ-ਅੰਦਾਜ਼ ਕਰ ਕੇ ਗੁਰਗਦੀ ਭਾਈ ਲਹਿਣਾ ਜੀ ਨੂੰ ਦਿਤੀ ਜੋ ਉਨ੍ਹਾਂ ਦੀ ਹਰ ਪਰਖ ਵਿਚ ਪੂਰੇ ਉਤਰੇ ਸਨ। ਗੁਰੂ ਅੰਗਦ ਦੇਵ ਜੀ ਨੇ ਆਪਣੇ ਬੇਟਿਆਂ ਨੂੰ ਅਤੇ ਮੁੜ ਗੁਰੂ ਅਮਰਦਾਸ ਜੀ ਨੇ ਆਪਣੇ ਪੁਤਰਾਂ ਨੂੰ ਗੁਰਗੱਦੀ ਨਾ ਸੌਂਪ ਕੇ ਯੋਗ ਉਤਰ ਅਧਿਕਾਰੀਆਂ ਨੂੰ ਹੀ ਇਸ ਦੀ ਸੌਂਪਣਾ ਕੀਤੀ। ਗੁਰਮਤਿ ਦੀ ਕੱਸਵਟੀ ਅਤੇ ਗੁਰੂ ਦੀ ਪਾਰਖੂ ਨਜ਼ਰ ਨੇ ਗੁਰੂ ਅਰਜਨ ਦੇਵ ਜੀ ਨੂੰ ਇਸ ਯੋਗ ਜਾਣਿਆ ਅਤੇ ਇਸ ਲਈ ਉਨ੍ਹਾਂ ਨੂੰ ਗੱਦੀ ਉਤੇ ਸਥਾਪਿਤ ਕਰ ਦਿਤਾ। ਪ੍ਰਿਥੀ ਚੰਦ ਨੇ ਇਸ ਨਿਰਣੇ ਅਗੇ ਸਿਰ ਝੁਕਾਣ ਦੀ ਥਾਂ ਰੋਸ ਕੀਤਾ ਅਤੇ ਝਗੜਾ ਕੀਤਾ। ਗੁਰੂ ਰਾਮ ਦਾਸ ਜੀ ਨੇ ਉਨ੍ਹਾਂ ਨੂੰ ਸਮਝਾਇਆ। ਸਿਖ ਪਰੰਪਰਾ ਇਸ ਸਮੇਂ ਹੇਠ ਲਿਖਿਆ

ਸ਼ਬਦ ਪ੍ਰਿਥੀ ਚੰਦ ਪ੍ਰਥਾਇ ਉਚਾਰਿਆ ਗਿਆ ਸਵੀਕਾਰ ਕਰਦੀ ਹੈ

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ੧ ॥ ਰਹਾਉ ॥
ਜਿਸ ਧਨ ਕਾ ਤੁਮ ਗਰਬ ਕਰਤ ਹਉ
ਸੋ ਧਨ ਕਿਸਹਿ ਨ ਆਪ ॥
ਖਿਨ ਮਹਿ ਛਡਿ ਜਾਇ ਬਿਖਿਆ ਰਸੁ
ਤਉ ਲਾਗੈ ਪਛੁਤਾਪ ॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ
ਹਰਿ ਤਿਨ ਕੇ ਜਾਪਹੁ ਜਾਪੁ ॥
ਉਪਦੇਸ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ ॥

(ਸਾਰੰਗ ਮ. ੪)

ਆਪ ਨੇ ਫ਼ੁਰਮਾਇਆ—"ਬੇਟਾ ਆਪਣੇ ਪਿਤਾ ਨਾਲ ਕਿਉਂ ਝਗੜਾ ਕਰਦਾ ਹੈਂ। ਜਿਸ ਪਿਤਾ ਨੇ ਤੈਨੂੰ ਜਨਮ ਦਿਤਾ, ਪਾਲ ਪੋਸ ਕੇ ਵੱਡਾ ਕੀਤਾ, ਉਸ ਨਾਲ ਝਗੜਾ ਕਰਨਾ ਪਾਪ ਹੈ। ਕੁਝ ਅਕਲ ਕਰ। ਵਡਿਆਂ ਨੂੰ ਅਪਸ਼ਬਦ ਨਹੀਂ ਬੋਲੀਦੇ। ਜਿਸ ਧਨ ਦੌਲਤ ਦਾ ਤੂੰ ਮਾਣ ਕਰ ਰਿਹਾ ਹੈਂ; ਇਹ ਵੀ ਕਦੇ ਕਿਸੇ ਦਾ ਹੋਇਆ ਹੈ ? ਇਹ ਤਾਂ ਪਲਾਂ ਛਿਣਾਂ ਵਿਚ ਹੱਥੋਂ ਜਾਂਦਾ ਰਹਿੰਦਾ ਹੈ। ਜਦੋਂ ਚਲਾ ਜਾਂਦਾ ਹੈ ਤਾਂ ਫਿਰ ਪਛਤਾਵਾ ਲਗਦਾ ਹੈ। ਧਨ ਦੌਲਤ ਦਾ ਲਾਲਚ ਪਾਪ ਕਰਵਾਂਦਾ ਹੈ। ਜੇ ਕੋਈ ਨੇਕੀ ਕਮਾਣੀ ਹੈ ਤਾਂ ਉਸ ਅਕਾਲ ਪੁਰਖ ਦਾ ਨਾਮ ਸਿਮਰਨ ਕਰ ਜੋ ਤੇਰਾ ਕਰਤਾ ਹੈ। ਤੈਨੂੰ ਜੋ ਸਿਖਿਆ ਅਸੀਂ ਦੇ ਰਹੇ ਹਾਂ, ਉਹ ਸੁਣ ਤਾਂ ਕਿ ਤੇਰੇ ਹਿਰਦੇ ਦਾ ਸੰਤਾਪ ਦੂਰ ਹੋਵੇ।" ਪ੍ਰਿਥੀ ਚੰਦ ਨੇ ਇਸ ਉਪਦੇਸ਼ ਨੂੰ ਸਾਰੀ ਉਮਰ ਸਵੀਕਾਰ ਨਾ ਕੀਤਾ। ਜਦੋਂ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾਏ ਤਾਂ ਬਾਬਾ ਬੁੱਢਾ ਜੀ ਨੂੰ ਪਗੜੀ ਦੀ ਰਸਮ ਅਦਾ ਕਰਨ ਲਈ ਸਦਿਆ ਗਿਆ। ਉਨ੍ਹਾਂ ਨੇ ਮਰਨੇ ਦੀ ਪੱਗ ਵਡਾ ਪੁਤਰ ਹੋਣ ਕਾਰਨ ਬਾਬਾ ਪ੍ਰਿਥੀ ਚੰਦ ਨੂੰ ਬੰਨ੍ਹੀ ਪਰ ਗੁਰਗੱਦੀ ਦੀ ਪੱਗ ਗੁਰੂ ਅਰਜਨ ਦੇਵ ਜੀ ਨੂੰ ਦਿਤੀ। ਭਾਈ ਕੇਸਰ ਸਿੰਘ ਛਿਬਰ[1] ਲਿਖਦੇ ਹਨ :

ਮਰਨੇ ਦੀ ਪੱਗ ਪ੍ਰਿਥੀਏ ਬੱਧੀ।
ਗੁਰਿਆਈ ਦੀ ਪੱਗ (ਗੁਰੂ) ਅਰਜਨ ਲੱਧੀ।

ਪ੍ਰਿਥੀ ਚੰਦ ਨੇ ਗੁਰਿਆਈ ਪੱਗ ਖੋਹਣ ਦਾ ਯਤਨ ਕੀਤਾ ਅਤੇ ਅਮਲੀ ਤੌਰ ਤੇ ਗੁਰੂ ਬਣ ਬੈਠਾ। ਪਿਤਾ ਗੁਰੂ ਦੇ ਸਮੇਂ ਤੋਂ ਹੀ ਪ੍ਰਿਥੀ ਚੰਦ ਆਈਆਂ ਸਿਖ ਸੰਗਤਾਂ ਦਾ ਸਵਾਗਤ ਕਰਦਾ ਸੀ। ਉਹੀ ਉਨ੍ਹਾਂ ਦੁਆਰਾ ਪੇਸ਼ ਕੀਤੀ ਕਾਰ ਭੇਟਾ ਸੰਭਾਲਦਾ ਸੀ। ਉਹੀ ਆਏ ਗਏ ਲਈ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਕਰਦਾ ਸੀ। ਸਾਰੇ ਮਸੰਦ ਵੀ ਉਸ ਦੀ ਤਾਬਿਆ ਸਨ। ਜ਼ਮੀਨ ਜਾਇਦਾਦ ਦੇ ਪ੍ਰਬੰਧ ਵੀ ਉਸੇ ਕੋਲ ਸਨ। ਉਸ ਨੇ ਪਹਿਲਾਂ ਵਾਂਗ ਹੀ ਘਰ, ਜ਼ਮੀਨ ਅਤੇ ਜਾਇਦਾਦ ਦੀ ਆਮਦਨ ਸੰਭਾਲਣੀ ਜਾਰੀ ਰੱਖੀ।

1. ਬੰਸਾਵਲੀਨਾਮਾ, ਸੰਪਾ. ਡਾ. ਰਤਨ ਸਿੰਘ ਜੱਗੀ, 1972, ਪੰ. ਯੂ. ਚੰਡੀਗੜ੍ਹ, ਪੰਨਾ 41

ਸੰਗਤਾਂ ਦੀ ਕਾਰ ਭੇਟਾ ਵੀ ਉਹ ਸੰਭਾਲਦਾ ਰਿਹਾ—ਪਰ ਰੋਟੀ ਪਾਣੀ ਅਤੇ ਰਹਿਣ ਸਹਿਣ ਦੇ ਪ੍ਰਬੰਧ ਵਾਸਤੇ ਸਭ ਨੂੰ ਗੁਰੂ ਅਰਜਨ ਦੇਵ ਜੀ ਕੋਲ ਭੇਜ ਦਿੰਦਾ। ਲੰਗਰ ਵਿਚ ਰਸਦ ਤਾਂ ਉਹ ਭੇਜਦਾ ਨਾ, ਪਰ ਛਕਣ ਲਈ ਸੰਗਤ ਸਾਰੀ ਏਧਰ ਭੇਜ ਦਿੰਦਾ। ਪੈਸਾ ਦੇ ਕੇ ਸਾਰੇ ਮਸੰਦ ਵੀ ਉਸ ਖਰੀਦ ਲਏ। ਨਤੀਜੇ ਵਜੋਂ ਗੁਰੂ ਕੇ ਲੰਗਰ ਅਤੇ ਗੁਰੂ ਅਰਜਨ ਦੇਵ ਜੀ ਦੇ ਘਰ ਵਿਚ ਲੰਗਰ ਮਸਤਾਨਾ ਹੋਣ ਲੱਗਾ। ਪ੍ਰਿਥੀ ਚੰਦ ਨੇ ਉਨ੍ਹਾਂ ਖਿਲਾਫ ਨਿੰਦਾ ਦਾ ਬਾਜ਼ਾਰ ਹਦੋਂ ਵੱਧ ਗਰਮ ਕਰ ਦਿਤਾ। ਤਾਂ ਵੀ ਗੁਰੂ ਅਰਜਨ ਜੀ ਸਿਰਫ ਇਹੀ ਕਹਿੰਦੇ :

ਨਿੰਦਕ ਐਸੇ ਹੀ ਝਰ ਪਰੀਐ ॥
ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ ॥੧॥
॥ ਰਹਾਉ ॥
ਜਉ ਦੇਖੈ ਛਿਦ੍ਰ ਤਉ ਨਿੰਦਕ ਉਮਾਹੈ ਭਲੋ ਦੇਖਿ ਦੁਖ ਭਰੀਐ ॥
ਆਠ ਪਹਰ ਚਿਤਵੈ ਨਹੀਂ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ॥ ੧ ॥
ਨਿੰਦਕੁ ਪ੍ਰਭੂ ਭੁਲਾਇਆ ਕਾਲ ਨੇੜੇ ਆਇਆ ਹਰਿ ਜਨ ਸਿਉ ਬਾਦ ਉਠ ਕਰੀਐ ॥
ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ ॥

1586 ਈ. ਵਿਚ ਜਦੋਂ ਆਗਰੇ ਵਿਚ ਸਿਖੀ ਪ੍ਰਚਾਰ ਕਰਨ ਗਏ ਭਾਈ ਗੁਰਦਾਸ ਅੰਮ੍ਰਿਤਸਰ ਪਰਤੇ ਤਾਂ ਉਹ ਘਰ ਅਤੇ ਲੰਗਰ ਦੋਹਾਂ ਥਾਵਾਂ ਦੀ ਮਾੜੀ ਹਾਲਤ ਵੇਖ ਕੇ ਚੁਪ ਨਾ ਰਹਿ ਸਕੇ। ਉਨ੍ਹਾਂ ਪ੍ਰਿਥੀ ਚੰਦ ਦੇ ਮੀਣੇਪਨ ਨੂੰ ਨੰਗਾ ਕਰਨ ਦਾ ਬੀੜਾ ਚੁਕਿਆ। ਉਨ੍ਹਾਂ ਨੇ ਬਾਬਾ ਬੁੱਢਾ ਤੇ ਹੋਰ ਮੁਖੀ ਸਿਖਾਂ ਨੂੰ ਨਾਲ ਲੈ ਕੇ ਰਾਮਦਾਸ ਪੁਰ ਨੂੰ ਆਉਂਦੇ ਰਾਹਾਂ ਨੂੰ ਰੋਕ ਕੇ ਸਾਰੀ ਸਥਿਤੀ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਭਾ. ਗੁਰਦਾਸ ਆਪ ਇਸ ਕਾਰਜ ਲਈ ਜਿਥੇ ਖਲੋਤੇ ਉਥੇ ਅੱਜ ਕਲ ਪਿਪਲੀ ਸਾਹਿਬ ਗੁਰਦਵਾਰਾ ਹੈ। ਜਦੋਂ ਸੰਗਤ ਪ੍ਰਿਥੀ ਚੰਦ ਵਲ ਜਾਣੋਂ ਬਿਲਕੁਲ ਰੁਕ ਗਈ ਤਾਂ ਪ੍ਰਿਥੀ ਚੰਦ ਨੇ ਰੋਜ਼ੀ ਰੋਟੀ ਦਾ ਵਾਸਤਾ ਪਾਇਆ। ਗੁਰੂ ਸਾਹਿਬ ਨੇ ਪ੍ਰਿਥੀ ਚੰਦ ਅਤੇ ਮਹਾਂਦੇਵ ਦੋਹਾਂ ਦੀ ਰੋਜ਼ੀ ਰੋਟੀ ਲਈ ਜ਼ਮੀਨ ਜਾਇਦਾਦ ਦੀ ਆਮਦਨ ਦੇ ਵਸੀਲੇ ਨਿਸ਼ਚਿਤ ਕਰ ਦਿਤੇ। ਭਾਈ ਸੰਤੋਖ ਸਿੰਘ ਇਨ੍ਹਾਂ ਤੱਥਾਂ ਵੱਲ ਇਉਂ ਸੰਕੇਤ ਕਰਦੇ ਹਨ :

ਕਛੁਕ ਦੁਕਾਨਨ ਕੋ ਤਹਿੰ ਭਾਰਾ।
ਅਰੁ ਜਗਾਤ ਜੋ ਆਇ ਬਜਾਰਾ।
ਸੋ ਸਭ ਪ੍ਰਿਥੀਏ ਕੋ ਤਬ ਦੀਨ।
ਚੋਂਕ ਪਾਸੀਆਂ ਕੋ ਜਹਿ ਚੀਨ।
ਮਹਾਂ ਦੇਵ ਕੋ ਸੋ ਥਲ ਦਯੋ।
ਧਨ ਜਗਤ ਕੋ ਤਿਸ ਨੇ ਲਯੋ।
ਇਨ ਦੋਨਹੁ ਕੋ ਹਿਤ ਗੁਜ਼ਰਾਨ।
ਲੇ ਕਰ ਕਰਹਿ ਨਿਬਾਹਨ ਖਾਨ।

ਆਪਣੀ ਰੋਟੀ ਦਾ ਪ੍ਰਬੰਧ ਤੁਰਨ ਉਪਰੰਤ ਪ੍ਰਿਥੀ ਚੰਦ ਕੁਝ ਸਮੇਂ ਲਈ ਚੁਪ ਹ ਗਿਆ। ਉਸ ਨੂੰ ਇਕ ਹੋਰ ਤਸੱਲੀ ਇਹ ਹੋਣ ਲੱਗੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ ਨੂੰ 14 ਸਾਲ ਹੋ ਚੁਕੇ ਸਨ ਅਤੇ ਉਨ੍ਹਾਂ ਦੇ ਘਰ ਕੋਈ ਸੰਤਾਨ ਨਹੀਂ ਸੀ। ਪ੍ਰਿਥੀ ਚੰਦ ਦੇ ਬੇਟੇ ਮਿਹਰਬਾਨ ਨੂੰ ਉਹ ਬੇਟੇ ਵਾਂਗ ਹੀ ਪਿਆਰਦੇ ਅਤੇ ਪਾਲਦੇ ਪੋਸਦੇ ਸਨ। ਪ੍ਰਿਥੀ ਚੰਦ ਅਕਸਰ ਆਪਣੀ ਪਤਨੀ ਨੂੰ ਕਿਹਾ ਕਰਦਾ ਸੀ ਕਿ ਇਨ੍ਹਾਂ ਦੇ ਕਿਹੜੀ ਕੋਈ ਸੰਤਾਨ ਹੈ। ਸਾਰਾ ਧਨ ਦੌਲਤ ਆਖਰ ਸਾਡੇ ਕੋਲ ਹੀ ਆਉਣਾ ਹੈ। ਬੰਸਾਵਲੀ ਨਾਮਾ ਇਸ ਦੀ ਗਵਾਹੀ ਇਉਂ ਦਿੰਦਾ ਹੈ :

ਮਾਲ ਹੈ ਅਸਾਡਾ ਅਸਾਂ ਹੈ ਲੈਣਾ।
ਨਾ ਇਨ੍ਹਾਂ ਦੇ ਪੁਤ ਨਾ ਧੀ ਨਾ ਸਾਕ ਸੈਣਾ।[1]

ਪ੍ਰਿਥੀ ਚੰਦ ਦੀ ਪਤਨੀ ਵੀ ਗੁਰੂ ਅਰਜਨ ਦੇਵ ਜੀ ਦੀ ਪਤਨੀ ਮਾਤਾ ਗੰਗਾ ਜੀ ਨੂੰ ਜਲੀਆਂ ਕਟੀਆਂ ਸੁਣਾਂਦੀ। ਮਜ਼ਾਕ ਉਡਾਂਦੀ ਰਹਿੰਦੀ। ਸੰਤਾਨ ਨਾ ਹੋਣ ਦੇ ਮਿਹਣੇ ਨੂੰ ਸੁਣ ਕੇ ਆਖਿਰ ਇਕ ਦਿਨ ਮਾਤਾ ਗੰਗਾ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਕਿਹਾ ਕਿ ਆਪ ਹੋਰਾਂ ਨੂੰ ਇੰਨੀਆਂ ਦਾਤਾਂ ਬਖਸ਼ਦੇ ਹੋ। ਮੈਨੂੰ ਵੀ ਬੇਟੇ ਦੀ ਦਾਤ ਬਖਸ਼ੋ ਤਾਂ ਜੋ ਮੇਰਾ ਮਨ ਵੀ ਸ਼ਾਂਤ ਹੋਵੇ। ਕੋਈ ਮੇਰਾ ਮਜ਼ਾਕ ਨਾ ਉਡਾਏ :

ਐਸੀ ਕਿਰਪਾ ਕਰਹੁ ਪ੍ਰਭ, ਪੁਤਰ ਹਮਾਰੇ ਹੋਇ।
ਹਮ ਆਨੰਦ ਮਨ ਮੈ ਧਰੋਂ, ਹਾਸੀ ਕਰੇ ਨਾ ਕੋਇ।

ਗੁਰੂ ਜੀ ਨੇ ਕਿਹਾ "ਦੇਣਹਾਰ ਪ੍ਰਭੂ ਹੈ। ਨਾਨਕ ਸਾਧ ਪ੍ਰਭ ਭੇਦ ਨਾ ਭਾਈ। ਸਾਧੂ ਅਕਾਲ ਪੁਰਖ ਨਾਲ ਅਭੇਦ ਹੁੰਦੇ ਹਨ। ਸਾਰੇ ਕਾਰਜ ਰਾਸ ਕਰਨ ਵਾਲਾ ਕਰਤਾਰ ਸੰਤਾਂ, ਬ੍ਰਹਮ ਗਿਆਨੀਆਂ ਦੇ ਹਿਰਦੇ ਵਿਚ ਵਸਦਾ ਹੈ। ਤੁਸੀਂ ਬ੍ਰਹਮ ਗਿਆਨੀ ਬਾਬਾ ਬੁਢਾ ਜੀ ਅੱਗੇ ਬੇਨਤੀ ਕਰੋ। ਬ੍ਰਹਮ ਗਿਆਨੀ ਆਪ ਪਰਮੇਸਰ ਦਾ ਰੂਪ ਹੁੰਦੇ ਹਨ।"

ਮਾਤਾ ਗੰਗਾ ਜੀ ਨੇ ਬੜੇ ਚਾਅ ਨਾਲ ਕਈ ਪ੍ਰਕਾਰ ਦਾ ਭੋਜਨ ਤਿਆਰ ਕਰਵਾਇਆ। ਦਾਸੀਆਂ ਅਤੇ ਸਿਖ ਸੰਗਤਾਂ ਨੂੰ ਨਾਲ ਲੈ ਕੇ ਰਥਾਂ ਘੋੜਿਆਂ ਉਤੇ ਪੂਰੀ ਸ਼ਾਨ ਸ਼ੌਕਤ ਨਾਲ ਬੁੱਢਾ ਬਾਬਾ ਜੀ ਦੀ ਬੀੜ ਨੂੰ ਤੁਰ ਪਏ। ਮਾਤਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਦੇ ਇੰਜ ਆਉਣ ਨਾਲ ਹੋਏ ਖੜਕੇ ਦੜਕੇ ਨੂੰ ਸੁਣ ਕੇ ਬਾਬਾ ਜੀ ਨੇ ਆਪਣੇ ਸਾਥੀਆਂ ਨੂੰ ਪੁਛਿਆ "ਇਹ ਖੜਕਾ ਦੜਕਾ ਕੇਹਾ ਹੈ ? ਬੀੜ ਦੇ ਸਾਰੇ ਜੀਵ ਜੰਤੂ ਘਬਰਾ ਕੇ ਤ੍ਰਭਕ ਗਏ ਹਨ।" ਇਕ ਸਾਥੀ ਨੇ ਕਿਹਾ "ਬਾਬਾ ਜੀ ਗੁਰੂ ਕੇ ਮਹਿਲ ਹਨ।" ਬਾਬਾ ਜੀ ਦੇ ਮੂੰਹੋਂ ਸਹਿਜੇ ਹੀ ਨਿਕਲਿਆ —"ਉਥੇ ਕਿਸ ਨੇ ਭਾਜੜਾਂ ਪਾਈਆਂ ਹਨ। ਸਾਰੇ ਕਿਧਰ ਤੁਰੇ ਆਉਂਦੇ ਹਨ ?" :

ਰਾਮਦਾਸ ਪੁਰੇ ਕਿਨ ਭਾਜੜ ਪਾਈ।
ਸਭੈ ਲੋਕ ਕਹਿ ਓਰ ਸਿਧਾਈ।

(ਗੁਰ ਬਿਲਾਸ ਪਾ. ੬, 1972, ਪੰਨਾ ੧੨)

---

1. ਬੰਸਾਵਲੀਨਾਮਾ, ਪੰ. ਯੂ ਚੰਡੀਗੜ੍ਹ, 1972, ਪੰਨਾ 43

ਭੋਜਨ ਛਕਾ ਕੇ ਮਾਤਾ ਜੀ ਨੇ ਆਪਣਾ ਮਨੋਰਥ ਸਾਹਮਣੇ ਰੱਖਿਆ ਤਾਂ ਬਾਬਾ ਜੀ ਨੇ ਕਿਹਾ ਗੁਰੂ ਅਰਜਨ ਪ੍ਰਤਖ ਹਰਿ ਹਨ। ਉਹ ਐਵੇਂ ਸੇਵਕਾਂ ਨੂੰ ਮਾਣ ਦਿੰਦੇ ਹਨ। ਤੁਸੀਂ ਬੇਕਾਰ ਇੰਨੇ ਇਕਠ ਨੂੰ ਭਾਜੜ ਪਾਈ ਅਤੇ ਇਥੇ ਆਏ। ਮੈਂ ਤਾਂ ਗੁਰੂ ਘਰ ਦਾ ਘਾਹੀ ਹਾਂ, ਮੇਰੇ ਕੋਲ ਦੇਣ ਨੂੰ ਕੀ ਹੈ :

ਭਾਜੜ ਰੂਪ ਬਣਾਇ ਕੇ
ਕਿਉਂ ਆਇ ਇਹ ਠਾਇ।
ਹਮ ਸੇਵਕ ਘਾਹੀ ਬਸੇਂ
ਬੀੜ ਰਖੋਂ ਚਿਤ ਲਾਏ।

(ਗੁਰਬਿਲਾਸ ਪਾ. ੬, 1972, ਪੰਨਾ ੧੩)

ਤੁਹਾਡੇ ਇਸ ਖੜਕੇ ਦੜਕੇ ਨਾਲ ਬੀੜ ਦੇ ਸਭ ਪਸ਼ੂ ਪੰਛੀ ਘਬਰਾ ਕੇ ਤ੍ਰਭਕ ਨਿਕਲੇ ਹਨ। ਮੇਰੇ ਪਾਸ ਕੁਝ ਨਹੀਂ। ਜੋ ਕਝ ਹੈ ਸਭ ਗੁਰੂ ਪਾਸ ਹੈ।

ਮਾਤਾ ਗੰਗਾ ਜੀ ਨੇ ਵਾਪਸ ਅੰਮ੍ਰਿਤਸਰ ਜਾ ਕੇ ਗੁਰੂ ਅਰਜਨ ਦੇਵ ਜੀ ਨੂੰ ਸਾਰੀ ਵਾਰਤਾ ਦਸੀ ਤਾਂ ਉਨ੍ਹਾਂ ਕਿਹਾ—ਕਦੇ ਵੀ ਮਹਾਂ ਪੁਰਖਾਂ ਪਾਸ ਦਿਖਾਵੇ ਦਾ ਪਾਜ ਧਾਰ ਕੇ ਨਹੀਂ ਜਾਣਾ ਚਾਹੀਦਾ। ਸੰਤ ਮਹਾਤਮਾਂ ਕੋਲ ਨਿਮਰਤਾ ਨਾਲ ਜਾਈਦਾ ਹੈ :

ਸੰਤਨ ਪੈ ਨਹੀਂ ਜਾਈਏ
ਕਛੂ ਡਿੰਭ ਨਿਜ ਧਾਰ।

ਮਾਤਾ ਜੀ ਹੁਣ ਆਪਣੇ ਹੱਥੀਂ ਆਟਾ ਪੀਹ ਛਾਣ ਕੇ ਮਿਸੀਆਂ ਰੋਟੀਆਂ,ਦਹੀ; ਲੱਸੀ ਤੇ ਪਿਆਜ਼ ਸਹਿਤ ਨੰਗੇ ਪੈਰੀਂ ਬਾਬਾ ਜੀ ਕੋਲ ਗਏ। ਬਾਬਾ ਜੀ ਨੇ ਪ੍ਰੇਮ ਨਾਲ ਪਰਸ਼ਾਦਾ ਛਕਿਆ। ਮੁਕੀ ਮਾਰ ਕੇ ਪਿਆਜ਼ ਭੰਨਿਆ ਤੇ ਬਚਨ ਕੀਤਾ—ਮਾਤਾ ਜੀ ਅਕਾਲ ਪੁਰਖ ਦੀ ਕਿਰਪਾ ਨਾਲ ਆਪ ਦੇ ਘਰ ਮਹਾਂ ਪ੍ਰਤਾਪੀ ਸਾਹਿਬਜ਼ਾਦਾ ਜਨਮ ਲਵੇਗਾ। ਜਿਵੇਂ ਮੈਂ ਇਨ੍ਹਾਂ ਗੰਢਿਆਂ ਨੂੰ ਭੰਨਿਆ ਹੈ, ਆਪ ਦਾ ਬੇਟਾ ਇਵੇਂ ਦੁਸ਼ਟਾਂ ਦੇ ਸਿਰ ਭੰਨਿਆ ਕਰੇਗਾ।

ਗੁਰ ਬਿਲਾਸ[1] ਬਾਬਾ ਜੀ ਦੇ ਬੋਲਾਂ ਨੂੰ ਇਉਂ ਅੰਕਿਤ ਕਰਦਾ ਹੈ :

ਤੁਮਰੇ ਗ੍ਰਿਹ ਪ੍ਰਗਟੇਗਾ ਜੋਧਾ।
ਜਾ ਕੇ ਬਲ ਗੁਨ ਕਿੰਨੂ ਨਾ ਸੋਧਾ।
ਰੁਪੇ ਛਕੇ ਸੋ ਜੈਸ ਮਰੋਰੈ।
ਤੁਰਕ ਸੀਸ ਤੈਸੇ ਵ੍ਹ ਤੋਰੈ।
ਹਰਿਗੋਬਿੰਦ ਸੁਭ ਨਾਮ ਕਹਾਵੈ।
ਬਹੁ ਮਲੇਛ ਕੋ ਮਾਰ ਗਿਰਾਵੈ।

---

1. ਗੁਰਬਿਲਾਸ ਪਾ. 6, ਭਾਸ਼ਾ ਵਿਭਾਗ, ਪੰਜਾਬ, 1972, ਪੰਨਾ 14, ਸੰਪਾ. ਡਾ. ਮਨਮੋਹਨ ਸਹਿਗਲ (ਦੇਵ ਨਾਗਰੀ)।

ਮਹਿਮਾ ਪ੍ਰਕਾਸ਼ ਬਾਬਾ ਜੀ ਦੇ ਬਚਨਾਂ ਨੂੰ ਇਸ ਪ੍ਰਕਾਰ ਦਸਦਾ ਹੈ :

ਪੁਨ ਬੁੱਢੇ ਮੁਖ ਉਸਤਤਿ ਕਰਾ ।
ਹਾਥ ਜੋੜ ਚਰਨਨ ਪਰ ਪੜਾ ।
ਅਬ ਮੀਰ ਪੀਰ ਗੁਰ ਧਰੈ ਅਵਤਾਰ ।
ਕਰ ਦਰਸਨ ਸੰਗਤ ਹੋਇ ਉਧਾਰ ।

ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਇਹ ਸ਼ੁਭ ਬਚਨ ਸੁਣ ਕੇ ਮਾਤਾ ਜੀ ਖੁਸ਼ੀ ਖੁਸ਼ੀ ਵਾਪਸ ਅੰਮ੍ਰਿਤਸਰ ਆ ਗਏ । ਗੁਰੂ ਸਾਹਿਬ ਨੂੰ ਸਾਰਾ ਹਾਲ ਦਸਿਆ ਤਾਂ ਉਨ੍ਹਾਂ ਸ਼ਬਦ ਉਚਾਰਿਆ :

ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ ।
ਜਿਸ ਜਨ ਹੋਆ ਸਾਧ ਸੰਗੁ ਤਿਸੁ ਭੇਟੇ ਹਰਿ ਰਾਇਆ ॥ ੧ ॥
ਇਹ ਪਰਤੀਤਿ ਗੋਵਿੰਦ ਕੀ ਜਪਿ ਹਰਿ ਸੁਖ ਪਾਇਆ ।
ਅਨਕਿ ਬਾਤਾ ਸਭਿ ਕਰਿ ਰਹੇ ਗੁਰ ਘਰਿ ਲੈ ਆਇਆ ॥ ੧ ॥ ਰਹਾਉ ॥
ਸਰਣ ਪਰੇ ਕੀ ਰਾਖਤਾ ਨਾਹੀ ਸਹਸਾਇਆ ।
ਕਰਮ ਭੂਮਿ ਹਰਿ ਨਾਮ ਬੋਇ ਅਉਸਰ ਦੁਲਭਾਇਆ ॥ ੨ ॥
ਅੰਤਰਜਾਮੀ ਆਪਿ ਪ੍ਰਭ ਸਭ ਕਰੇ ਕਰਾਇਆ ॥
ਪਤਿਤ ਪੁਨੀਤ ਘਣੇ ਕਰੇ ਠਾਕੁਰ ਬਿਰਦਾਇਆ ॥ ੩ ॥
ਮਤਿ ਭੂਲਹੁ ਮਾਨੁਖ ਜਨਮਾਇਆ ਭਰਮਾਇਆ ।
ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ ॥ ੪ ॥

ਪ੍ਰਿਥੀ ਚੰਦ ਘਟਨਾਵਾਂ ਦੇ ਇਸ ਨਵੇਂ ਮੋੜ ਤੋਂ ਬੜਾ ਦੁਖੀ ਹੋਇਆ । ਕੁਦਰਤ ਨਾਲ ਜਹਾਂਗੀਰ ਦਾ ਇਕ ਅਹਿਲਕਾਰ ਸੁਲਹੀ ਖਾਨ ਉਨ੍ਹਾਂ ਦਿਨਾਂ ਵਿਚ ਪੱਟੀ ਦੇ ਦੌਰੇ ਤੇ ਸੀ । ਉਸ ਨੇ ਉਸ ਨੂੰ ਘੋੜੇ ਨਕਦੀ ਆਦਿ ਕੁਝ ਭੇਟਾਵਾਂ ਦਿਤੀਆਂ ਤੇ ਚੁਕ ਚੁਕਾ ਕੇ ਉਸ ਨੂੰ ਗੁਰੂ ਸਾਹਿਬ ਉਤੇ ਲਿਆ ਚੜ੍ਹਾਇਆ । ਗੁਰੂ ਅਰਜਨ ਸ਼ਾਂਤੀ ਦੇ ਪੁੰਜ ਸਨ । ਪਤਾ ਲਗਣ ਤੇ ਵੀ ਅਡੋਲ ਰਹੇ । ਅੰਮ੍ਰਿਤਸਰ ਨੂੰ ਆਉਂਦਿਆਂ ਰਾਹ ਵਿਚ ਇੱਟਾਂ ਦੇ ਭੱਠੇ ਸਨ । ਸੁਲਹੀ ਖਾਨ ਦਾ ਘੋੜਾ ਤ੍ਰਭਕਿਆ ਅਤੇ ਉਹ ਸਵਾਰ ਸਮੇਤ ਭਠੇ ਵਿਚ ਜਾ ਡਿਗਾ ਤੇ ਸੜ ਮਰਿਆ । ਉਸ ਦੇ ਪੁਤਰ ਸੁਲਭੀ ਖਾਨ ਨੇ 'ਅੰਮ੍ਰਿਤਸਰ' ਤੇ ਚੜ੍ਹਣ ਦੀ ਤਿਆਰੀ ਕੀਤੀ, ਪਰ ਉਸ ਨੂੰ ਸੂਲ ਉਠਿਆ ਤੇ ਉਹ ਵੀ ਅੱਲਾਹ ਨੂੰ ਪਿਆਰਾ ਹੋ ਗਿਆ ।

ਉਸੇ ਵਰ੍ਹੇ ਪੰਜਾਬ ਵਿਚ ਭਿਆਨਕ ਕਾਲ ਪੈ ਗਿਆ । ਬਰਸਾਤਾਂ ਨਾ ਹੋਣ ਕਾਰਨ ਫਸਲਾਂ ਮਾਰੀਆਂ ਗਈਆਂ । ਪਾਣੀ ਦੀ ਘਾਟ ਹੋ ਗਈ । ਗੁਰੂ ਅਰਜਨ ਦੇਵ ਜੀ ਦੁਖੀ ਲੋਕਾਂ ਦੀ ਮਦਦ ਲਈ ਨਿਕਲ ਤੁਰੇ । ਆਪ ਦਵਾਈਆਂ ਵੰਡਦੇ, ਲੋਕਾਂ ਨੂੰ ਹੌਸਲਾ ਦਿੰਦੇ, ਖੂਹ ਲਵਾਂਦੇ । ਲਾਹੌਰ ਦੀ ਹਾਲਤ ਹੋਰ ਵੀ ਮਾੜੀ ਸੀ । ਲਾਹੌਰ ਦੇ ਉਸ ਸਮੇਂ ਦੇ ਮਾੜੇ ਹਾਲਾਤ ਬਾਰੇ ਨੂਰਲਹੱਕ ਨੇ ਬੜੇ ਵੇਰਵੇ ਨਾਲ ਚਰਚਾ ਕੀਤੀ ਹੈ । ਉਹ ਦਸਦਾ ਹੈ ਕਿ ਭੁਖਮਰੀ ਅਤੇ ਹੋਰ ਬੀਮਾਰੀਆਂ ਕਾਰਨ ਲਾਹੌਰ ਸ਼ਹਿਰ ਦੇ ਗਲੀਆਂ ਬਾਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ । ਲਾਸ਼ਾਂ ਨੂੰ ਸ਼ਹਿਰ ਵਿਚੋਂ ਚੁਕ ਕੇ ਬਾਹਰ ਦਬਣ ਸਾੜਨ ਦਾ

ਪ੍ਰਬੰਧ ਤਕ ਨਹੀਂ ਸੀ। ਇਸ ਸਥਿਤੀ ਨੂੰ ਵੇਖਦੇ ਹੋਏ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾਣ ਦਾ ਨਿਰਣਾ ਕੀਤਾ: ਪ੍ਰਿਥੀ ਚੰਦ ਪਿਛੋਂ ਪਰਿਵਾਰ ਨੂੰ ਪਰੇਸ਼ਾਨ ਕਰ ਸਕਦਾ ਸੀ। ਇਸ ਲਈ ਆਪਣੀ ਗੈਰਹਾਜ਼ਰੀ ਦੌਰਾਨ ਆਪ ਨੇ ਪਰਿਵਾਰ ਨੂੰ ਵੀ ਅੰਮ੍ਰਿਤਸਰ ਤੋਂ ਦੂਰ ਹੀ ਰੱਖਣ ਦਾ ਫੈਸਲਾ ਕੀਤਾ। ਮਾਤਾ ਗੰਗਾ ਜੀ ਅਤੇ ਮਾਤਾ ਭਾਨੀ ਜੀ ਨੂੰ ਆਪ ਨੇ ਕੁਝ ਸੇਵਕਾਂ ਨਾਲ 'ਵਡਾਲੀ' ਭੇਜ ਦਿਤਾ। ਉਥੇ ਦੇ ਚੌਧਰੀ ਹੇਮੇ ਨੇ ਗੁਰੂ ਪਰਿਵਾਰ ਲਈ ਆਪਣੀ ਹਵੇਲੀ ਹਾਜ਼ਰ ਕੀਤੀ ਅਤੇ ਹਰ ਤਰ੍ਹਾਂ ਦੀ ਸੁਖ ਸੁਵਿਧਾ ਦਾ ਪ੍ਰਬੰਧ ਕਰ ਦਿਤਾ। ਵਡਾਲੀ 'ਗੁਰੂ ਕੀ ਵਡਾਲੀ' ਬਣ ਗਈ। ਪਰਿਵਾਰ ਵਲੋਂ ਵਿਹਲੇ ਹੋ ਕੇ ਗੁਰੂ ਅਰਜਨ ਸਾਹਿਬ 'ਲਾਹੌਰ' ਦੀ ਸਾਰ ਲੈਣ ਨਿਕਲ ਤੁਰੇ। ਉਥੇ ਆਪ ਨੇ ਸਰਦੇ ਪੁਜਦੇ ਲੋਕਾਂ ਨੂੰ ਲੋਕ ਸੇਵਾ ਲਈ ਪ੍ਰੇਰ ਕੇ ਲੰਗਰ ਲਗਵਾਏ। ਪਾਣੀ ਦੀ ਘਾਟ ਦੂਰ ਕਰਨ ਲਈ 'ਬਉਲੀ ਸਾਹਿਬ' ਦੀ ਉਸਾਰੀ ਸ਼ੁਰੂ ਕਰਵਾਈ। ਮੁਰਦੇ ਚੁੱਕਣ, ਦੱਬਣ ਅਤੇ ਸਾੜਣ ਦਾ ਕੰਮ ਅਗੇ ਹੋ ਕੇ ਆਪ ਸੰਭਾਲਿਆ। ਗੁਰੂ ਸਾਹਿਬ ਦੇ ਅੰਮ੍ਰਿਤ ਮਈ ਬੋਲਾਂ ਤੇ ਸੇਵਾ ਨੇ ਲਾਹੌਰ ਵਿਚ ਚਾਰੇ ਪਾਸੇ ਗੁਰਮਤਿ ਦੀ ਖੁਸ਼ਬੂ ਖਿਲਾਰ ਦਿਤੀ।

ਇਧਰ ਗੁਰੂ ਸਾਹਿਬ ਇਸ ਸੇਵਾ ਅਤੇ ਪ੍ਰਚਾਰ ਵਿਚ ਰੁਝੇ ਹੋਏ ਸਨ ਅਤੇ ਉਧਰ ਬਾਬਾ ਬੁਢਾ ਜੀ ਦੇ ਵਰ ਨਾਲ ਹਰਿਗੋਬਿੰਦ ਜੀ ਦਾ ਜਨਮ 'ਗੁਰੂ ਕੀ ਵਡਾਲੀ' ਵਿਚ ਹੋਇਆ। ਸਾਹਿਬਜ਼ਾਦੇ ਦੇ ਜਨਮ ਦੀ ਖਬਰ ਸੁਣ ਕੇ ਆਪ ਨੇ ਸ਼ੁਕਰਾਨੇ ਦਾ ਸ਼ਬਦ ਉਚਾਰਿਆ :

ਸਤਿਗੁਰ ਸਾਚੈ ਦੀਆ ਭੇਜ ॥
ਚਿਰ ਜੀਵਨ ਉਪਜਿਆ ਸੰਜੋਗ ॥

ਉਦਰੈ ਮਾਹਿ ਆਇ ਕੀਆ ਨਿਵਾਸ ॥ ਮਾਤਾ ਕੈ ਮਨ ਬਹੁਤ ਬਿਗਾਸੁ ॥
ਜੰਮਿਆ ਪੂਤਭ ਗਤ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥
॥ਰਹਾਉ ॥

ਦਸੀਂ ਮਾਸੀਂ ਹੁਕਮਿ ਬਾਲਕ ਜਨਮ ਲੀਆ ॥
ਮਿਟਿਆ ਸੋਗੁ ਮਹਾ ਆਨੰਦੁ ਥੀਆ ॥

ਗੁਰਬਾਣੀ ਸਖੀ ਆਨੰਦੁ ਗਾਵੈ ॥
ਸਾਚੇ ਸਾਹਿਬ ਕੈ ਮਨਿ ਭਾਵੈ ॥

ਵਧੀ ਵੇਲ ਬਹੁ ਪੀੜੀ ਚਾਲੀ ॥
ਧਰਮ ਕਲਾ ਹਰਿ ਬੰਧਿ ਬਹਾਲੀ ॥

ਮਨ ਚਿੰਦਿਆ ਸਤਿਗੁਰੂ ਦਿਵਾਇਆ ॥
ਭਏ ਅਚਿੰਤ ਏਕ ਲਿਵ ਲਾਇਆ ॥

ਜਿਉ ਬਾਲਕੁ ਪਿਤਾ ਉਪਰ ਕਰੇ ਬਹੁ ਮਾਣ ॥
ਬੁਲਾਇਆ ਬੋਲੈ ਗੁਰ ਕੈ ਭਾਣਿ ॥

ਗੁਝੀ ਛੰਨੀ ਨਾਹੀ ਬਾਤ ॥
ਗੁਰੂ ਨਾਨਕ ਤੁਠਾ ਕੀਨੀ ਦਾਤ ॥

ਗੁਰੂ ਸਾਹਿਬ ਨੇ ਬਾਲਕ ਹਰਿਗੋਬਿੰਦ ਜੀ ਦੇ ਜਨਮ ਦੀ ਖੁਸ਼ੀ ਵਿਚ ਗੁਰੂ ਕੀ ਵਡਾਲੀ ਦੇ ਨੇੜੇ ਛੇ ਹਰਟਾਂ ਵਾਲਾ ਇਕ ਖੂਹ ਲਵਾਇਆ ਤਾਂ ਕਿ ਆਇਆ ਗਿਆ ਰੱਜ ਰੱਜ ਪਾਣੀ ਵਰਤ ਸਕੇ। ਇਸ ਥਾਂ ਅਜ ਕਲ ਛੇਹਰਟਾ ਸਾਹਿਬ ਦਾ ਗੁਰਦੁਵਾਰਾ ਹੈ।

ਅਧਿਆਇ 3

ਹਰਿਗੋਬਿੰਦ ਗੁਰ ਰਾਖਿਆ

ਸਾਹਿਬਜ਼ਾਦਾ ਹਰਿਗੋਬਿੰਦ ਜੀ ਦੇ ਜਨਮ ਤੋਂ ਪਹਿਲਾਂ ਹੀ ਪ੍ਰਿਥੀ ਚੰਦ ਨੇ ਜਾਦੂ ਤਵੀਤ ਆਦਿ ਹਰ ਮਾੜਾ ਚੰਗਾ ਯਤਨ ਕੀਤਾ ਕਿ ਮਾਤਾ ਗੰਗਾ ਜੀ ਬਾਲ ਨੂੰ ਜਨਮ ਨਾ ਦੇ ਸਕਨ। ਪਰਿਵਾਰ ਲਈ ਭਾਂਤ ਭਾਂਤ ਦੀਆਂ ਉਲਝਣਾਂ ਤੇ ਪਰੇਸ਼ਾਨੀਆਂ ਖੜੀਆਂ ਕਰਨ ਵਿਚ ਵੀ ਉਸ ਨੇ ਕੋਈ ਕਸਰ ਨਾ ਰੱਖੀ। ਸੁਲਹੀ ਖਾਨ ਤੇ ਸੁਲਭੀ ਖਾਨ ਨੂੰ ਅੰਮ੍ਰਿਤਸਰ ਤੇ ਲਿਆ ਚੜ੍ਹਾਇਆ। ਗੁਰੂ ਅਰਜਨ ਸਾਹਿਬ ਨੂੰ ਸਿੱਖਾਂ ਸੇਵਕਾਂ ਨੇ ਇਨ੍ਹਾਂ ਸਾਜ਼ਿਸ਼ਾਂ ਨਾਲ ਨਿਪਟਣ ਲਈ ਅਨੇਕ ਸੁਝਾਓ ਦਿਤੇ। ਸਿਖ ਪਰੰਪਰਾ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਨਿਮਨ ਸਤਰਾਂ ਵਿਚ ਇਸੇ ਪਾਸੇ ਸੰਕੇਤ ਕੀਤੇ ਹਨ :

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੈਂ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥

(ਆਸਾ ਮ: ੫)

ਨਾ ਸੁਲਹੀ ਖਾਂ ਤੋਂ ਕੁਝ ਬਣਿਆ ਅਤੇ ਨਾ ਹੀ ਸੁਲਭੀ ਖਾਨ ਤੋਂ। ਦੋਵੇਂ ਅੰਮ੍ਰਿਤਸਰ ਪੁੱਜਣ ਤੋਂ ਪਹਿਲਾਂ ਹੀ ਮਰ ਮੁਕ ਗਏ। ਸੁਲਹੀ ਖਾਨ ਅੱਗ ਵਿਚ ਸੜ ਕੇ ਮਰਿਆ ਸੀ। ਇਕ ਮੁਸਲਮਾਨ ਲਈ ਅਜਿਹੀ ਮੌਤ ਅਪਵਿਤਰ ਤੇ ਨਾਪਾਕ ਮੰਨੀ ਜਾਂਦੀ ਹੈ। ਇਸ ਵਲ ਸਪਸ਼ਟ ਸੰਕੇਤ ਗੁਰੂ ਅਰਜਨ ਸਾਹਿਬ ਨੇ ਬਿਲਾਵਲ ਰਾਗ ਦੇ ਇਕ ਸ਼ਬਦ ਵਿਚ ਇਉਂ ਕੀਤਾ ਹੈ :

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨਾ ਪਹੁਚੈ
ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ
ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ
ਜਿਨ ਰਚਿਆ ਤਿਨਿ ਦੀਨਾ ਧਾਕੁ ॥ ੧ ॥

ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ
ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ
ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥ ੨ ॥

(ਬਿਲਾਵਲ ਮ: ੫)

ਇਨ੍ਹਾਂ ਸਾਰੇ ਝਮੇਲਿਆਂ ਤੋਂ ਅਟੇਕ ਗੁਰੂ ਸਾਹਿਬ ਇਕ ਅਕਾਲ ਪੁਰਖ ਦੀ ਓਟ ਆਸਰੇ, ਪਰਉਪਕਾਰ, ਸੇਵਾ ਤੇ ਸਿਮਰਨ ਵਿਚ ਜੁਟੇ ਗੁਰਮਤਿ ਦਾ ਚਾਨਣ ਵੰਡਦੇ ਰਹੇ। ਪਰਿਵਾਰ ਨੂੰ ਵਡਾਲੀ ਸਾਹਿਬ ਤੋਰ ਕੇ ਆਪ ਕਾਲ ਭੁਖ ਮਰੀ ਤੇ ਬੀਮਾਰੀ ਤੋਂ ਪੀੜਿਤ ਲਾਹੌਰ ਤੇ ਉਸ ਦੇ ਚੌਗਿਰਦੇ ਦੀ ਸਾਰ ਲੈਣ ਨਿਕਲ ਤੁਰੇ। ਪਿਛੇ ਰਾਮਦਾਸਪੁਰ ਵਿਚ ਪ੍ਰਿਥੀ ਚੰਦ ਜੋ ਕੁਝ ਕਰਦਾ ਰਿਹਾ ਉਸ ਦਾ ਵੇਰਵਾ ਮਹਾਂਕਵੀ ਸੰਤੋਖ ਸਿੰਘ ਇਓਂ ਦਿੰਦੇ ਹਨ :

ਰਾਮਦਾਸ ਪੁਰੀ ਮਾਂਹਿ ਪ੍ਰਿਥੀਆ ਰਹਯੋ ਧਾਮ ਕਰਿ
ਥੋਰੀ ਕੁਝ ਭੇਟ ਆਵੈ ਤਪਯੋ ਰਹੈ ਰਾਤ ਦਿਨ।
ਲਾਲਸਾ ਦਰਬ (ਧਨ) ਕੀ ਸਰਬ ਮੋਹਿ ਪੂਜੈ ਆਇ
ਬਾਢੈ ਬਡਿਆਈ-ਪਿਤ ਸਮਤਾ ਕੋ ਚਾਹੈ ਮਨਿ।
ਸੰਗਤਾਂ ਅਨੁਜ (ਭਰਾ) ਪਾਸ ਜਾਤਿ ਕੋ ਬਿਲੋਕੈ ਸੁਨੈ
ਤਯੋਂ ਤਯੋਂ ਬਢੈ ਕ੍ਰੋਧ ਯੁਤ ਈਰਖਾ ਕੋ ਬੋਧ (ਗਿਆਨ) ਬਿਨ।
ਜੈਸੇ ਪਟਬੀਜਨੋ (ਜੁਗਨੂੰ) ਚਹਤ ਰਵਿ (ਸੂਰਜ) ਬੀਜਨੋ (ਬਣਨਾ)
ਜਾਨੈ ਤੇਜ ਛੀਜਨੋ ਬਿਸਾਲਤਾ ਜਨਾਇ ਜਨੁ ॥

ਪ੍ਰਿਥੀ ਚੰਦ ਇਕੱਲਾ ਚੱਕ ਰਾਮਦਾਸ ਵਿਚ ਮਾਲਕਾਂ ਵਾਂਗ ਸਜ ਬੈਠਾ। ਪਰੰਤੂ ਸਿਖਾਂ ਸੰਗਤਾਂ ਨੇ ਉਸ ਨੂੰ ਮੂੰਹ ਨਾ ਲਾਇਆ। ਥੋੜੀ ਬਹੁਤੀ ਭੇਟ ਆਉਂਦੀ। ਉਹ ਤੇ ਚਾਹੁੰਦਾ ਸੀ, ਪਿਤਾ ਗੁਰੂ ਵਾਂਗ ਮੇਰੀ ਵਡਿਆਈ ਵਧੇ, ਪਰ ਸੰਗਤਾਂ ਤਾਂ ਉਸ ਦੇ ਛੋਟੇ ਵੀਰ ਗੁਰੂ ਅਰਜਨ ਦੇ ਮਗਰ ਹੀ ਜਾਂਦੀਆਂ। ਉਹ ਈਰਖਾ ਵਿਚ ਸੜਦਾ ਭੁਜਦਾ ਰਹਿੰਦਾ। ਜੇ ਜੁਗਨੂ ਸੂਰਜ ਦੀ ਥਾਂ ਲੈਣਾ ਚਾਹਵੇ ਤਾਂ ਇਓਂ ਹੀ ਹੁੰਦਾ ਹੈ। ਜਿਵੇਂ ਪਹਿਲਾਂ ਦਸਿਆ ਗਿਆ ਹੈ, ਗੁਰੂ ਅਰਜਨ ਦੇਵ ਜੀ ਪ੍ਰਚਾਰ ਤੇ ਪਰਉਪਕਾਰ ਦੇ ਇਸ ਦੌਰੇ ਤੇ ਹੀ ਸਨ ਅਤੇ ਪ੍ਰਿਥੀ ਚੰਦ ਅੰਮ੍ਰਿਤਸਰ ਵਿਚ ਹੀ, ਜਦੋਂ ਬਾਲ ਹਰਿਗੋਬਿੰਦ ਜੀ ਦਾ ਜਨਮ ਵਡਾਲੀ ਸਾਹਿਬ ਵਿਖੇ ਹੋਇਆ। ਜਿਥੇ ਇਸੇ ਖ਼ਬਰ ਨਾਲ ਗੁਰੂ ਘਰ ਵਿਚ ਅਥਾਹ ਖੁਸ਼ੀਆਂ ਪਸਰੀਆਂ, ਪ੍ਰਿਥੀ ਚੰਦ ਨੂੰ ਗੁਰੂ ਅਰਜਨ ਸਾਹਿਬ ਉਪਰੰਤ ਗੁਰੂ ਬਣਨ ਦੀਆਂ ਆਸਾਂ ਤੇ ਪਾਣੀ ਫਿਰਦਾ ਪ੍ਰਤੀਤ ਹੋਇਆ। ਇਸੇ ਲਈ ਜਦੋਂ ਗੁਰੂ ਅਰਜਨ ਦੇਵ ਜੀ ਦੇ ਗ੍ਰਿਹਿ ਵਿਖੇ ਅਕਾਲ ਪੁਰਖ ਦੀ ਰਹਿਮਤ ਨਾਲ ਸੁੰਦਰ ਸਰੀਰ ਵਾਲੇ ਅਰੋਗ ਬਾਲ ਦਾ ਜਨਮ ਹੋ ਗਿਆ ਤਾਂ ਉਸ ਨੇ ਸਾਹਿਬਜ਼ਾਦੇ ਨੂੰ ਖ਼ਤਮ ਕਰਾਉਣ ਲਈ ਸਾਜ਼ਿਸ਼ਾਂ ਕਰਨੀਆਂ ਸ਼ੁਰੂ ਕਰ ਦਿਤੀਆਂ।

ਸਭ ਤੋਂ ਪਹਿਲਾਂ ਉਸ ਨੇ ਸੋਭੀ ਨਾਮ ਦੀ ਦਾਈ ਨੂੰ ਇਸ ਕੰਮ ਲਈ ਤਿਆਰ ਕੀਤਾ। (ਪ੍ਰਿੰ: ਸਤਿਬੀਰ ਸਿੰਘ ਜੀ[1] ਨੇ ਗੁਰਭਾਰੀ ਪੁਸਤਕ ਵਿਚ ਇਸ ਦਾਈ ਦਾ ਨਾਮ ਫਤੋ ਲਿਖਿਆ ਹੈ।) ਉਹ ਇਕ ਨਿਕੇ ਬਾਲ ਦੀ ਮਾਂ ਸੀ। ਉਸ ਨੂੰ ਪੈਸੇ ਦੇ ਕੇ ਇਹ ਕਿਹਾ ਗਿਆ ਕਿ ਉਹ ਆਪਣੀਆਂ ਛਾਤੀਆਂ ਉਤੇ ਜ਼ਹਿਰ ਲਾ ਕੇ ਬਾਲ ਗੁਰੂ ਨੂੰ ਜ਼ਹਿਰੀਲਾ ਦੁੱਧ ਚੁੰਘਾ ਕੇ ਮਾਰ ਦੇਵੇ। ਉਸ ਨੇ ਮਾਤਾ ਗੰਗਾ ਜੀ ਤੋਂ ਬਾਲ ਗੁਰੂ ਦੀ ਸੇਵਾ ਸੰਭਾਲ ਦਾ ਕੰਮ ਗਿਆ। ਇਕ ਦਿਨ ਮੌਕਾ ਤਾੜ ਕੇ ਉਸ ਨੇ ਇਕਾਂਤ ਵਿਚ ਬਾਲ ਹਰਿਗੋਬਿੰਦ ਨੂੰ ਜ਼ਹਿਰੀਲਾ ਦੁਧ ਚੁੰਘਾਣਾ ਚਾਹਿਆ। ਦੁਧ ਚੁੰਘਣ ਦੀ ਥਾਂ ਸਾਹਿਬਜ਼ਾਦਾ ਰੋ ਪਿਆ। ਤਿੱਖਾ ਜ਼ਹਿਰ ਦੇਰ ਤਕ ਸਰੀਰ ਨਾਲ ਲੱਗਾ ਰਹਿਣ ਕਾਰਨ ਸੋਭੀ ਨੂੰ ਜ਼ਹਿਰ ਚੜ੍ਹ ਗਿਆ ਤੇ ਉਹ ਤੜਫ ਤੜਫ ਕੇ ਆਪ ਹੀ ਮਰ ਗਈ ਪਰ ਮਰਦੀ ਮਰਦੀ ਪ੍ਰਿਥੀ ਚੰਦ ਦੀ ਕਰਤੂਤ ਦਾ ਭਾਂਡਾ ਫੋੜ ਗਈ। ਮਾਤਾ ਗੰਗਾ ਜੀ ਇਹ ਜਾਣ ਕੇ ਬੜੇ ਦੁਖੀ ਹੋਏ ਪਰ ਸ਼ਾਂਤ ਮੂਰਤ ਗੁਰੂ ਅਰਜਨ ਦੇਵ ਜੀ ਨੇ ਆਸਾ ਰਾਗ ਵਿਚ ਨਿਮਨ ਲਿਖਿਤ ਸ਼ਬਦ ਉਚਾਰ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ ਜਿਸ ਨੇ ਆਪ ਬਾਲਕ ਦੀ ਰੱਖਿਆ ਕੀਤੀ ਸੀ :

ਗੁਰ ਪੂਰੇ ਰਾਖਿਆ ਦੇ ਹਾਥ ॥
ਪ੍ਰਗਟੁ ਭਇਆ ਜਨ ਕਾ ਪਰਤਾਪੁ ॥ ੧ ॥
ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ ॥
ਜੀਅ ਕੀ ਅਰਦਾਸਿ ਗੁਰੂ ਪਹਿ ਪਾਈ ॥ ਰਹਾਉ ॥
ਸਰਨਿ ਪਰੇ ਸਾਚੇ ਗੁਰਦੇਵ ॥
ਪੂਰਨ ਹੋਈ ਸੇਵਕ ਸੇਵ ॥ ੨ ॥
ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ ॥
ਕਹੁ ਨਾਨਕ ਗੁਰ ਕਉ ਕੁਰਬਾਨ ॥

ਸਾਹਿਬਜ਼ਾਦਾ ਦੋ ਕੁ ਸਾਲ ਦਾ ਹੋਇਆ ਤਾਂ ਪ੍ਰਿਥੀ ਚੰਦ ਨੇ ਇਕ ਸਪੇਰੇ ਨੂੰ ਗੰਢਿਆ। ਉਸ ਨੂੰ ਮਾਇਆ ਦਾ ਲਾਲਚ ਦੇ ਕੇ ਕਿਹਾ ਕਿ ਉਹ ਇਕੱਲੇ ਖੇਡਦੇ ਬਾਲ ਗੁਰੂ ਦੇ ਨੇੜੇ ਜ਼ਹਿਰੀਲਾ ਨਾਗ ਛੱਡ ਦੇਵੇ। ਉਸ ਨੇ ਇੰਜ ਹੀ ਕੀਤਾ ਪਰ ਸਾਹਿਬਜ਼ਾਦੇ ਨੇ ਸੱਪ ਦੀ ਸਿਰੀ ਘੁੱਟ ਕੇ ਨਪ ਲਈ ਅਤੇ ਜ਼ਮੀਨ ਤੇ ਰਗੜ ਰਗੜ ਕੇ ਉਸ ਨੂੰ ਮਾਰ ਦਿੱਤਾ।

ਗੁਰੂ ਅਰਜਨ ਸਾਹਿਬ ਨੂੰ ਪਤਾ ਲੱਗਾ ਤਾਂ ਆਪ 'ਵਡਾਲੀ' ਪੁਜੇ। ਸਾਹਿਬਜ਼ਾਦੇ ਨੂੰ ਸਹੀ ਸਲਾਮਤ ਤੱਕ ਕੇ ਆਪ ਨੇ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਸੋਰਠ ਰਾਗ ਵਿਚ ਇਹ ਸ਼ਬਦ ਉਚਾਰਿਆ :

ਐਥੈ ਓਥੈ ਰਖਵਾਰਾ ॥
ਪ੍ਰਭ ਸਤਿਗੁਰ ਦੀਨ ਦਇਆਲਾ ॥

---

1. ਗੁਰਭਾਰੀ, ਪੰ. ਯੂ. ਪਟਿਆਲਾ, 1994, ਪੰਨਾ 5

ਦਾਸ ਅਪਨੇ ਆਪਿ ਰਾਖੇ ॥
ਘਟਿ ਘਟਿ ਸਬਦ ਸੁਭਾਖੇ ॥ ੧ ॥
ਗੁਰ ਕੇ ਚਰਨ ਊਪਰਿ ਬਲਿ ਜਾਈ ॥
ਦਿਨਸੁ ਰੈਨ ਸਾਸਿ ਸਾਸਿ ਸਮਾਲੀ
ਪੂਰਨ ਸਭਨੀ ਥਾਈ ॥ ਰਹਾਉ ॥
ਆਪ ਸਹਾਈ ਹੋਆ ॥
ਸਚੇ ਦਾ ਸਚਾ ਢੋਆ ॥
ਤੇਰੀ ਭਗਤਿ ਵਡਿਆਈ ॥
ਪਾਈ ਨਾਨਕ ਪ੍ਰਭ ਸਰਣਾਈ ॥ ੨ ॥

ਹੁਣ ਸਾਹਿਬਜ਼ਾਦੇ ਦਾ ਬਾਹਰ ਨਿਕਲਣ ਸਮੇਂ ਵਧੇਰੇ ਖਿਆਲ ਰੱਖਿਆ ਜਾਣ ਲੱਗਾ।

ਤੀਜਾ ਵਾਰ ਪ੍ਰਿਥੀ ਚੰਦ ਨੇ ਬ੍ਰਾਹਮਣ ਰਸੋਈਏ ਦੁਨੀ ਚੰਦ (ਕੇਸਰ ਸਿੰਘ ਛਿਬਰ ਨੇ ਇਸ ਦਾ ਨਾਮ ਰੂਪਾ ਡੋਗਰਾ ਲਿਖਿਆ ਹੈ) ਦੀ ਮੱਦਦ ਨਾਲ ਕੀਤਾ। ਉਸ ਨੂੰ ਪੈਸੇ ਦੇਣੇ ਕਰ ਕੇ ਉਸ ਨੂੰ ਸਿਖਾਇਆ ਕਿ ਉਹ ਖਾਣੇ ਵਿਚ ਸੰਖੀਆ ਮਿਲਾ ਕੇ ਹਰਿਗੋਬਿੰਦ ਜੀ ਨੂੰ ਖਵਾ ਦੇਵੇ। ਲਾਲਚ ਬੁਰੀ ਬਲਾ। ਮੌਕਾ ਮਿਲਣ ਤੇ ਉਸ ਖਾਣੇ ਵਿਚ ਸੰਖੀਆ ਪਾਇਆ ਅਤੇ ਸਾਹਿਬਜ਼ਾਦੇ ਅਗੇ ਜਾ ਰਖਿਆ। ਬਾਲਕ ਨੇ ਖਾਣ ਦੀ ਥਾਂ ਖਾਣਾ ਪਰ੍ਹਾਂ ਹਟਾ ਦਿਤਾ ਤਾਂ ਉਹ ਜ਼ਬਰਦਸਤੀ ਕਰਨ ਲੱਗਾ। ਹਰਿਗੋਬਿੰਦ ਜੀ ਰੋਣ ਲਗੇ ਤਾਂ ਸਾਰੇ ਇਕੱਠੇ ਹੋ ਗਏ ਕਿ ਕੀ ਮਾਜਰਾ ਹੈ। ਭਾਈ ਗੁਰਦਾਸ ਜੀ ਨੂੰ ਸ਼ੱਕ ਪਿਆ। ਉਨ੍ਹਾਂ ਖਾਣਾ ਇਕ ਕੁੱਤੇ ਨੂੰ ਪਾਇਆ। ਖਾਂਦੇ ਸਾਰ ਉਹ ਤੜਪ ਤੜਪ ਕੇ ਮਰ ਗਿਆ। ਦੁਨੀ ਚੰਦ ਨੂੰ ਡਾਂਟਿਆ ਗਿਆ ਤਾਂ ਉਸ ਮੁੜ ਪ੍ਰਿਥੀ ਚੰਦ ਦਾ ਹੀ ਨਾਂ ਲਿਆ। ਗੁਰੂ ਸਾਹਿਬ ਨੇ ਉਸ ਦੁਸ਼ਟ ਬ੍ਰਾਹਮਣ ਨੂੰ ਕੁਝ ਨਹੀਂ ਕਿਹਾ। ਕੇਵਲ ਘਰੋਂ ਬਾਹਰ ਕੱਢ ਦਿਤਾ। ਸਿੱਖ ਪਰੰਪਰਾ ਵਿਚ ਇਹ ਮੰਨਿਆ ਜਾਂਦਾ ਹੈ ਕਿ ਉਹ ਬ੍ਰਾਹਮਣ ਸੂਲ ਉਠਣ ਨਾਲ ਉਸੇ ਦਿਨ ਹੀ ਮਰ ਗਿਆ ਅਤੇ ਗੁਰੂ ਅਰਜਨ ਜੀ ਨੇ ਉਸ ਪ੍ਰਥਾਇ ਇਹ ਸ਼ਬਦ ਉਚਾਰਿਆ :

ਲੇਪ ਨ ਲਾਗੋ ਤਿਲਕਾ ਮੂਲਿ ॥
ਦੁਸਟੁ ਬ੍ਰਾਹਮਣ ਮੂਆ ਹੋਇਕੈ ਸੂਲ ॥ ੧ ॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥
ਪਾਪੀ ਮੂਆ ਗੁਰ ਪਰਤਾਪਿ ॥ ੧ ॥ ਰਹਾਉ ॥

(ਭੈਰਉ ਮ. ੫-ਆਦਿ ਗ੍ਰੰਥ ਪੰ. ੧੧੩੭)

1599 ਵਿਚ ਹਰਿਗੋਬਿੰਦ ਵਡਾਲੀ ਤੋਂ ਅੰਮ੍ਰਿਤਸਰ ਆ ਗਏ। ਉਹ ਤੁਰਨ ਫਿਰਨ ਤੇ ਖੇਡਣ ਜੋਗ ਹੋ ਗਏ ਸਨ। ਮੋਹਨੀ ਸੂਰਤ। ਹਸਮੁਖ ਸੁਭਾਅ। ਸੰਗਤਾਂ ਦੇ ਪੂਜ ਗੁਰੂਦੇਵ ਦਾ ਇਕੋ ਇਕ ਬੇਟਾ। ਜਿਧਰ ਜਾਂਦੇ ਨਰ ਨਾਰੀ ਆਪ ਦੇ ਦਰਸ਼ਨ ਨੂੰ ਜੁੜ ਜਾਂਦੇ। ਤੋਤਲੀ ਜ਼ਬਾਨ ਨਾਲ ਆਪ ਹਰ ਗਲ ਦਾ ਬੜੀ ਮਾਸੂਮੀ ਨਾਲ ਉਤਰ ਦਿੰਦੇ। ਸ਼ਰਧਾਵਾਨ ਸੰਗਤ ਆਪ ਦੇ ਬੋਲਾਂ ਵਿਚ ਰਿਧੀਆਂ ਸਿਧੀਆਂ ਤਸੱਵਰ ਕਰਦੀ ਸੀ। ਈਰਖਾ ਸਾੜੇ ਅਤੇ ਪਿਆਰ ਦੇ ਵਿਲੱਖਣ ਸੁਮੇਲ ਵਿਚ ਬਾਲਕ ਹਰਿਗੋਬਿੰਦ ਵਡੇ ਹੋਣ ਲੱਗੇ।

ਆਪ ਕੁਝ ਹੀ ਵੱਡੇ ਹੋਏ ਕਿ ਆਪ ਨੂੰ ਸੀਤਲਾ (ਚੇਚਕ) ਨੇ ਘੇਰ ਲਿਆ। ਤਾਪ ਤੇ ਛਾਲਿਆਂ ਨਾਲ ਹਾਲਤ ਵਿਗੜਨ ਲਗੀ। ਲੋਕਾਂ ਨੇ ਪਰਿਵਾਰ ਨੂੰ ਸੀਤਲਾ ਪੂਜਣ ਦੀ ਸਲਾਹ ਦਿਤੀ। ਆਪ ਨੇ ਸਭ ਨੂੰ ਇਹੀ ਕਿਹਾ, ਵਹਿਮ ਭਰਮ ਛਡੋ। ਵੈਦ ਦੀ ਦਵਾਈ ਕੀਤੀ ਜਾ ਰਹੀ ਹੈ। ਸਭ ਦੇਵੀ ਦੇਵਤੇ ਉਸ ਇਕ ਅਕਾਲਪੁਰਖ ਦੀ ਰਚਨਾ ਹਨ। ਦੁਖ ਸੁਖ ਵਿਚ ਉਸੇ ਨੂੰ ਚੇਤੇ ਕਰਨਾ ਬਣਦਾ ਹੈ। ਉਸ ਦੀ ਸਿਫਤ ਸਲਾਹ ਦੀ ਬਰਕਤ ਨਾਲ ਸਭ ਦੁਖ ਆਪੇ ਮਿਟ ਜਾਂਦੇ ਹਨ। ਸੀਤਲਾ ਦਾ ਇਹ ਹੱਲਾ ਇੰਨਾ ਭਿਆਨਕ ਸੀ ਅਤੇ ਲੋਕ ਇਸ ਬਾਰੇ ਇੰਨੇ ਵਹਿਮਾਂ ਭਰਮਾਂ ਵਿਚ ਫਸੇ ਹੋਏ ਸਨ ਕਿ ਗੁਰੂ ਅਰਜਨ ਸਾਹਿਬ ਨੇ ਬਾਲ ਹਰਿਗੋਬਿੰਦ ਦੇ ਇਸ ਬੀਮਾਰੀ ਵਿਚ ਗ੍ਰਸਤ ਹੋਣ ਤੇ ਤੰਦਰੁਸਤ ਹੋਣ ਦੌਰਾਨ ਕਈ ਸ਼ਬਦ ਲੋਕਾਂ ਨੂੰ ਇਕ ਅਕਾਲ ਪੁਰਖ ਨਾਲ ਜੋੜਣ ਵਾਲੇ ਰਚੇ। ਉਨ੍ਹਾਂ ਵਿਚੋਂ ਕੁਝ ਟੂਕਾਂ ਇਸ ਪ੍ਰਕਾਰ ਹਨ :

1. ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕ ਰਹਾਈ ॥ ਬਿਘਨ ਗਏ ਹਰਿ ਨਾਈ ॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥
ਅਰਦਾਸਿ ਸੁਣੀ ਭਗਤ ਅਪੁਨੇ ਕੀ ਸਭ ਜੀਅ ਭਇਆ ਕਿਰਪਾਲਾ ॥ ੧ ॥ ਰਹਾਉ ॥
ਪ੍ਰਭ ਕਰਣ ਕਾਰਣ ਸਮਰਾਥਾ ॥ ਹਰਿ ਸਿਮਰਤ ਸਭੁ ਦੁਖੁ ਲਾਥਾ ॥
ਆਪਣੇ ਦਾਸ ਕੀ ਸੁਣੀ ਬੇਨੰਤੀ ॥ ਸਭ ਨਾਨਕ ਸੁਖਿ ਸਵੰਤੀ ॥

(ਸੋਰਠਿ ਮ. ੫)
—(ਆਦਿ ਗ੍ਰੰਥ ਪੰ. ੬੨੭)

2. ਨੇਤ੍ਰ ਪਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ਰਹਾਉ॥
ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥ ੧ ॥
ਨਾਨਕ ਨਾਮੁ ਜਪੈ ਸੋ ਜੀਵੈ ॥ ਸਾਧਸੰਗਿ ਹਰਿ ਅੰਮ੍ਰਿਤੁ ਪੀਵੈ ॥

(ਗਉੜੀ ਮ. ੫, ਆਦਿ ਗ੍ਰੰਥ ਪੰ. ੨੦੦)

3. ਸਾਂਤ ਭਈ ਗੁਰ ਗੋਬਿੰਦ ਪਾਈ ॥
ਤਾਪ ਪਾਪ ਬਿਨਸੇ ਮੇਰੇ ਭਾਈ ॥
ਰਾਮ ਨਾਮੁ ਨਿਤ ਰਸਨ ਬਖਾਨ ॥
ਬਿਨਸੇ ਰੋਗ ਭਏ ਕਲਿਆਨ ॥ ੧ ॥

ਪ੍ਰਭੂ ਕਿਰਪਾ ਨਾਲ ਬਾਲਕ ਹਰਿਗੋਬਿੰਦ ਦੇ ਤੰਦਰੁਸਤ ਹੋਣ ਤੇ ਗੁਰੂ ਅਰਜਨ ਸਾਹਿਬ ਨੇ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਕਈ ਸ਼ਬਦ ਰਚੇ। ਇਨ੍ਹਾਂ ਦੁਆਰਾ ਗੁਰੂ ਪਾਤਸ਼ਾਹ ਜਿਥੇ ਹਰ ਦੁਖ ਵਿਚ ਉਸ ਅਕਾਲ ਪੁਰਖ ਦੀ ਓਟ ਦਾ ਸੰਦੇਸ਼ ਦਿੰਦੇ ਦਿਸਦੇ ਹਨ ਉਥੇ ਇਨ੍ਹਾਂ ਦੁਖਾਂ ਤੋਂ ਮੁਕਤੀ ਉਪਰੰਤ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਦੀ

ਸਿਖਿਆ ਵੀ ਦਿੰਦੇ ਹਨ। ਪ੍ਰਮਾਣ ਵਜੋਂ ਇਹ ਸ਼ਬਦ ਵੇਖੋ :

1. ਤਾਪ ਗਏ ਪਾਈ ਪ੍ਰਭ ਸਾਂਤਿ ॥
ਸੀਲ ਭਏ ਕੀਨੀ ਪ੍ਰਭ ਦਾਤਿ ॥ ੧ ॥
ਪ੍ਰਭ ਕਿਰਪਾ ਤੇ ਭਏ ਸੁਹੇਲੇ ॥
ਜਨਮ ਜਨਮ ਕੇ ਬਿਛੁਰੇ ਮੇਲੇ ॥੧॥ ਰਹਾਉ ॥
ਸਿਮਰਤ ਸਿਮਰਤ ਪ੍ਰਭ ਕਾ ਨਾਉ ॥
ਸਗਲ ਰੋਗ ਕਾ ਬਿਨਸਿਆ ਥਾਉ ॥ ੨ ॥
ਸਹਜ ਸੁਭਾਏ ਬੋਲੈ ਹਰਿ ਬਾਣੀ ॥
ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ ॥
ਦੂਖ ਦਰਦ ਜਮੁ ਨੇੜਿ ਨ ਆਵੈ ॥
ਕਹੁ ਨਾਨਕ ਜੋ ਹਰਿ ਗੁਣ ਗਾਵੈ ॥

2. ਠਾਕੁਰ ਹੋਏ ਆਪਿ ਦਇਆਲ ॥
ਭਈ ਕਲਿਆਣ ਅਨੰਦ ਰੂਪ ਹੋਈ ਹੈ
ਉਬਰੇ ਬਾਲ ਗੁਪਾਲ ॥
ਦੁਇ ਕਰ ਜੋੜ ਕਰੀ ਬੇਨੰਤੀ
ਪਾਰਬ੍ਰਹਮ ਮਨਿ ਧਿਆਇਆ ॥
ਹਾਥੁ ਦੇਇ ਰਾਖੇ ਪਰਮੇਸਰਿ
ਸਗਲਾ ਦੁਰਤੁ ਮਿਟਾਇਆ ॥ ੧ ॥
ਵਰ ਨਾਰੀ ਮਿਲਿ ਮੰਗਲੁ ਗਾਇਆ
ਠਾਕੁਰ ਕਾ ਜੈਕਾਰ ॥
ਕਹੁ ਨਾਨਕ ਜਨ ਕਉ ਬਲ ਜਾਈਐ
ਜੋ ਸਭਨਾ ਕਰੇ ਉਧਾਰੁ ॥

3. ਬਖਸਿਆ ਪਾਰਬ੍ਰਹਮ ਪਰਮੇਸਰਿ ਸਗਲੇ ਰੋਗ ਬਿਦਾਰੇ ॥
ਗੁਰ ਪੂਰੇ ਸਰਣੀ ਉਬਰੇ ਕਾਰਜ ਸਗਲ ਸਵਾਰੇ ॥
ਹਰਿ ਜਨਿ ਸਿਮਰਿਆ ਨਾਮਿ ਅਧਾਰਿ ॥
ਤਾਪ ਉਤਾਰਿਆ ਸਤਿਗੁਰਿ ਪੂਰੇ ਆਪਣੀ ਕ੍ਰਿਪਾ ਧਾਰਿ ॥
ਸਦਾ ਅਨੰਦ ਕਰਹ ਮੇਰੇ ਪਿਆਰੇ
ਹਰਿਗੋਵਿੰਦ ਗੁਰ ਰਾਖਿਆ ॥
ਵਡੀ ਵਡਿਆਈ ਨਾਨਕ ਕਰਤੇ ਕੀ
ਸਾਚਿ ਸਬਦ ਸਤਿ ਭਾਖਿਆ।

ਸੀਤਲਾ ਤੋਂ ਉਠੇ ਸਾਹਿਬਜ਼ਾਦੇ ਉਤੇ ਇਕ ਹੋਰ ਵਾਰ ਪ੍ਰਿਥੀ ਚੰਦ ਨੇ ਉਸ ਦੇ ਇਕ ਹਾਣੀ ਨੰਦ ਰਾਮ ਦੇ ਜ਼ਰੀਏ ਕੀਤਾ। ਨੰਦ ਰਾਮ ਦੇ ਚਾਚੇ ਨੂੰ ਰਕਮ ਦੇ ਕੇ ਪ੍ਰਿਥੀ ਚੰਦ ਨੇ ਸਿਖਾਇਆ ਕਿ ਉਹ ਦੋ ਜੇਬਾਂ ਵਾਲੀ ਕਮੀਜ਼ ਪਾਵੇ। ਇਕ ਜੇਬ ਵਿਚ ਜ਼ਹਿਰੀਲੀ ਮਿਠਾਈ

ਪਾਵੇ ਅਤੇ ਦੂਜੀ ਵਿਚ ਸਵੱਛ । ਜਦੋਂ ਸਾਹਿਬਜ਼ਾਦੇ ਨਾਲ ਖੇਡੇ ਤਾਂ ਆਪ ਸਵੱਛ ਮਿਠਾਈ ਖਾਈ ਜਾਵੇ ਅਤੇ ਸਾਹਿਬਜ਼ਾਦੇ ਨੂੰ ਦੂਜੀ ਜੇਬ ਵਿਚੋਂ ਜ਼ਹਿਰੀਲੀ ਮਿਠਾਈ ਖਵਾਈ ਜਾਵੇ । ਮਾਸੂਮ ਬਾਲ ਇਥੇ ਹੀ ਗਲਤੀ ਕਰ ਗਿਆ । ਉਹ ਆਪ ਤਾਂ ਜ਼ਹਿਰੀਲੀ ਮਿਠਾਈ ਖਾਈ ਗਿਆ ਅਤੇ ਸਾਹਿਬਜ਼ਾਦੇ ਨੂੰ ਸਵਛ ਮਿਠਾਈ ਦਿੰਦਾ ਰਿਹਾ । ਨਤੀਜਾ ਇਹ ਕਿ ਨੰਦ ਰਾਮ ਪ੍ਰਿਥੀ ਚੰਦ ਦੀ ਕਰਤੂਤ ਦੀ ਭੇਟਾ ਚੜ੍ਹ ਗਿਆ । ਨੰਦ ਰਾਮ ਮਿਠਾਈ ਖਾਂਦਾ ਖਾਂਦਾ ਹੀ ਡਿੱਗ ਪਿਆ ਤੇ ਖ਼ਤਮ ਹੋ ਗਿਆ । ਕੇਸਰ ਸਿੰਘ ਛਿਬਰ ਨੇ ਆਪਣੇ ਬੰਸਾਵਲੀਨਾਮੇ ਵਿਚ ਵੀ ਇਸ ਸਾਜ਼ਿਸ਼ ਦਾ ਜ਼ਿਕਰ ਇਉਂ ਕੀਤਾ ਹੈ :

...ਜਾਇ ਖੇਡੇ ਨਾਲੇ ਮਠਿਆਈ ਖਾਏ ॥
ਇਕ ਮੁਠ ਹਰਿਗੋਬਿੰਦ ਮੁਖ ਪਾਏ ॥
ਚੰਗੀ ਦੇਵੈ ਸਾਹਿਬ ਨੂੰ, ਮੰਦੀ ਖਾਇ ਆਪੁ ॥
ਖਾਂਦੇ ਖਾਂਦੇ ਪੇਟ ਹੋਈ ਪੀੜ, ਆਇ ਲੱਗਾ ਪਾਪੁ ॥[1]

ਇਸ ਪ੍ਰਕਾਰ ਸਾਹਿਬਜ਼ਾਦਾ ਹਰਿਗੋਬਿੰਦ ਜੀ ਹਰ ਪ੍ਰਕਾਰ ਦੀ ਸਾਜ਼ਿਸ਼ ਤੇ ਰੋਗ ਵਿਚੋਂ ਅਕਾਲ ਪੁਰਖ ਦੀ ਕ੍ਰਿਪਾ ਨਾਲ ਨਵੇਂ ਨਰੋਏ ਹੀ ਨਿਕਲਦੇ ਰਹੇ । ਸਪੱਸ਼ਟ ਹੈ ਕਿ ਗੁਰੂ ਅਰਜਨ ਸਾਹਿਬ ਦੀ ਗੁਰੂ-ਜੋਤਿ ਪਰਿਵਾਰਕ ਪੱਧਰ ਤੇ ਜਿਸ ਪ੍ਰਕਾਰ ਦੀ ਈਰਖਾ ਸਾੜੇ ਵੈਰ ਵਿਰੋਧ ਅਤੇ ਸਾਜ਼ਿਸ਼ਾਂ ਦਾ ਸ਼ਿਕਾਰ ਹੋਈ ਉਸ ਦੇ ਕਾਲੇ ਵਾਰ ਸਾਹਿਬਜ਼ਾਦੇ ਹਰਿਗੋਬਿੰਦ ਉਤੇ ਵੀ ਨਿਰਮਮਤਾ ਨਾਲ ਹੁੰਦੇ ਰਹੇ । ਕੁਦਰਤ ਦੇ ਕਹਿਰ ਵੀ ਟੁਟ ਟੁਟ ਪੈਂਦੇ ਰਹੇ । ਪਰਿਵਾਰਕ ਵਿਰੋਧੀ ਰਾਜਨੀਤਕ/ਸਮਾਜਕ ਪਧਰ ਤੇ ਦੁਸ਼ਮਣ ਦਾ ਆਸਰਾ ਲੈਣ ਤੋਂ ਵੀ ਨਾ ਟਲੇ । ਇਸ ਕਿਸਮ ਦੇ ਜ਼ਹਿਰੀਲੇ ਮਾਹੋਲ ਵਿਚ ਗੁਰੂ ਸਾਹਿਬ ਜਿਵੇਂ ਵਿਚਰੇ ਉਹ ਸਾਡੀਆਂ ਅੱਖਾਂ ਖੋਲ੍ਹਣ ਵਾਲਾ ਹੈ । ਆਪ ਨੇ ਕਦੀ ਪਰਤਵੇਂ ਵਿਰੋਧ ਤੇ ਸਾਜ਼ਿਸ਼ ਦਾ ਆਸਰਾ ਨਾ ਲਿਆ । ਕਦੇ ਬਦਲੇ ਦੀ ਭਾਵਨਾ, ਸਰਾਪ ਜਾਂ ਬਦ ਜ਼ਬਾਨੀ ਤੋਂ ਕੰਮ ਨਹੀਂ ਲਿਆ । ਅਡੋਲ, ਸ਼ਾਂਤ, ਬਖਸ਼ਿੰਦ । ਹਰ ਪੱਧਰ ਅਤੇ ਹਰ ਸਮੇਂ ਹਰ ਜ਼ਿਆਦਤੀ ਨੂੰ ਭੁਲਣਾ, ਨਜ਼ਰ ਅੰਦਾਜ਼ ਕਰਨਾ ਜਾਂ ਮੁਆਫ ਕਰਨਾ । ਓਟ ਕਿਸੇ ਦੁਨਿਆਵੀ ਸ਼ਕਤੀ ਦੀ ਨਹੀਂ—ਇਕੋ ਅਕਾਲ ਪੁਰਖ ਦੀ । ਇਹ ਮਾਰਗ ਕਠਿਨ ਹੈ, ਪਰ ਗੁਰਮਤਿ ਦਾ ਮਾਰਗ ਇਹ ਹੀ ਹੈ ਜਿਸ ਵਲ ਗੁਰੂ ਸਾਹਿਬ ਦੇ ਜੀਵਨ ਵਿਵਹਾਰ ਦੇ ਭਿੰਨ ਭਿੰਨ ਵੇਰਵੇ ਬਾਰ ਬਾਰ ਸੰਕੇਤ ਕਰਦੇ ਹਨ ।

ਗੁਰੂ ਅਰਜਨ ਦੇਵ ਜੀ ਦੀ ਨਿਰਮਲ ਪਵਿਤਰ ਜੋਤਿ ਦੇ ਚਾਨਣ ਵਿਚ ਸਾਹਿਬਜ਼ਾਦਾ ਹਰਿਗੋਬਿੰਦ ਜਿਉਂ ਜਿਉਂ ਵਡੇ ਹੋਏ ਤਿਉਂ ਤਿਉਂ ਉਨ੍ਹਾਂ ਦਾ ਮਨ ਤਨ ਨਿਖਰਦਾ ਹੀ ਗਿਆ । ਆਪ ਦਾ ਕੱਦ ਉਮਰ ਦੇ ਹਿਸਾਬ ਨਾਲ ਲੰਬਾ ਨਿਕਲਿਆ । ਬਾਹਾਂ ਲੰਬੀਆਂ ਅਤੇ ਰੰਗ ਸਾਫ । ਜੁੱਸਾ ਭਰਵਾਂ ਤੇ ਨੁਹਾਰ ਤਿੱਖੀ । ਪੈਰ ਸਰਖ ਤੇ ਛਬੀਲੇ । ਅੱਖਾਂ ਵਿਚ ਮਿਕਨਾਤੀਸੀ ਖਿੱਚ । ਚੰਦ ਜਿਹਾ ਮੁਖ । ਦੁਧ ਚਿਟੇ ਮੋਤੀਆਂ ਜਹੇ ਦੰਦ । ਸਾਹਿਬਜ਼ਾਦੇ ਦੀ ਉਮਰ ਜਿਉਂ ਹੀ ਪੜ੍ਹਣ ਲਿਖਣ ਦੀ ਹੋਈ ਪਿਤਾ ਗੁਰੂ ਅਰਜਨ ਆਪ ਉਸ ਨੂੰ ਬਾਬਾ ਬੁੱਢਾ

1. ਬੰਸਾਵਲੀਨਾਮਾ (1972), ਪੰਨਾ 48

ਜੀ ਕੋਲ ਲੈ ਕੇ ਗਏ ਕਿ ਇਸ ਨੂੰ ਵਿਦਿਆ ਦਿਓ। ਅੱਖਰੀ ਗਿਆਨ ਬਾਬਾ ਬੁੱਢਾ ਜੀ ਨੇ ਦਿਤਾ। ਕਵੀ ਸੋਹਨ ਦੇ ਗੁਰ ਬਿਲਾਸ ਅਨੁਸਾਰ ਸਾਹਿਬਜ਼ਾਦੇ ਨੂੰ ਲੜਾਕੂ ਹੁਨਰ ਦੀ ਸਿਖਿਆ ਵੀ ਦਿਤੀ ਗਈ। ਇਸ ਦੀ ਪੁਸ਼ਟੀ ਸਿਖਾਂ ਦੀ ਭਗਤਮਾਲਾ ਵੀ ਕਰਦੀ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਭਾਈ ਜੇਠਾ ਜੀ ਨੇ ਸਾਹਿਬਜ਼ਾਦੇ ਨੂੰ ਯੁਧ ਦੇ ਦਾਅ ਪੇਚ ਸਮਝਾਏ। ਸ਼ਸਤਰ ਵਿਦਿਆ ਦੀ ਜ਼ਿਮੇਵਾਰੀ ਭਾਈ ਪਰਾਗਾ ਜੀ ਨੇ ਨਿਭਾਈ ਅਤੇ ਘੋੜ ਸਵਾਰੀ ਗੰਗਾ ਸਹਿਗਲ ਨੇ ਸਿਖਾਈ। ਇਉਂ ਬਚਪਨ ਦੀ ਦਹਿਲੀਜ਼ ਟਪਦੇ ਟਪਦੇ ਹਰਿਗੋਬਿੰਦ ਜੀ ਜਿਥੇ ਅੱਖਰ ਵਿਦਿਆ ਪੜ੍ਹਦੇ ਹੋਏ ਧਰਮ ਸ਼ਾਸਤਰਾਂ ਦੇ ਮਰਮੱਗ ਬਣ ਗਏ ਉਥੇ ਤਲਵਾਰਬਾਜ਼ੀ, ਤੀਰ ਅੰਦਾਜ਼ੀ, ਨੇਜ਼ੇ ਬਾਜ਼ੀ ਤੇ ਘੋੜ ਸਵਾਰੀ ਸਿਖ ਕੇ ਯੁਧ-ਕਲਾ ਦੇ ਦਾਅ-ਪੇਚਾਂ ਤੋਂ ਵੀ ਜਾਣਕਾਰ ਹੋ ਗਏ।

ਸਾਹਿਬਜ਼ਾਦਾ ਹਰਿਗੋਬਿੰਦ ਜੀ ਦੀ ਸਰਵ ਪੱਖੀ ਸਿਖਿਆ ਦੀਖਿਆ ਵਲ ਸੰਕੇਤ ਗੁਰਬਿਲਾਸ ਵਿਚ ਇਉਂ ਕੀਤੇ ਗਏ ਹਨ :

> ਚੌਂਸਠ ਵਿਦਿਆ ਸਭ ਪੜ੍ਹ ਲਈ।
> ਯਾ ਮੈ ਬਹੁਤ ਅਵਧ ਨਹੀਂ ਪਈ।
> ਵਿਦਿਆ ਸਭ ਇਨ ਉਤਪਤ ਕਰੀ।
> ਕੌਣ ਸਿਖਾਵੈ ਇਨ ਕੌ ਨਰੀ।
> ... ...
> ....
> ਸ਼ਾਸਤ੍ਰ ਸ਼ਸਤਰ ਕੀ ਵਿਦਿਆ ਪਾਈ
> ਹਰਿਗੋਬਿੰਦ ਮਨ ਅਤਿ ਹਰਖਾਈ।[1]

ਸ਼ਾਂਤੀ ਦੇ ਪੁੰਜ ਗੁਰੂ ਅਰਜਨ ਜਾਣਦੇ ਸਨ ਕਿ ਉਹ ਸਮੇਂ ਦੂਰ ਨਹੀਂ ਜਦੋਂ ਜ਼ਾਲਮ ਤੇ ਅਨਿਆਈ ਮੁਗਲ ਸੱਤਾ ਨੂੰ ਸ਼ਸਤਰ ਦੀ ਜ਼ਬਾਨ ਵਿਚ ਉਤਰ ਦੇਣਾ ਜ਼ਰੂਰੀ ਹੋ ਜਾਵੇਗਾ। ਇਸੇ ਲਈ ਉਨ੍ਹਾਂ ਸਾਹਿਬਜ਼ਾਦੇ ਦੀ ਸਿਖਲਾਈ ਬੀੜ ਬਾਬਾ ਬੁੱਢਾ ਜੀ ਵਰਗੀ ਇਕਾਂਤ, ਗੁਪਤ ਅਤੇ ਨਿਵੇਕਲੀ ਥਾਂ ਉਤੇ ਕਰਨ ਦੇ ਪ੍ਰਬੰਧ ਕੀਤੇ। ਬੀੜ ਵਿਚ ਸ਼ਸਤਰ ਵਿਦਿਆ ਦੀ ਸਿਖਲਾਈ ਵੀ ਹੋ ਸਕਦੀ ਸੀ ਅਤੇ ਜੰਗਲ ਵਿਚ ਜੰਗਲੀ ਜਾਨਵਰਾਂ ਦੇ ਸ਼ਿਕਾਰ ਦੁਆਰਾ ਸ਼ਸਤਰ ਵਿਦਿਆ ਦਾ ਅਭਿਆਸ ਵੀ। ਇਥੇ ਰਹਿ ਕੇ ਪ੍ਰਿਥੀ ਚੰਦ ਦੀਆਂ ਕੁਟਲ ਤੇ ਕੋਝੀਆਂ ਸਾਜ਼ਿਸ਼ਾਂ ਤੋਂ ਵੀ ਬਚਿਆ ਜਾ ਸਕਦਾ ਸੀ। ਜੇ ਸਾਹਿਬਜ਼ਾਦੇ ਨੂੰ ਸ਼ਸਤਰਾਂ ਅਤੇ ਯੁਧ ਕਲਾ ਦੀ ਖੁਲ੍ਹੀ ਡੁਲ੍ਹੀ ਸਿਖਿਆ ਦੀਖਿਆ ਅੰਮ੍ਰਿਤਸਰ ਵਿਚ ਦਿੱਤੀ ਜਾਂਦੀ ਤਾਂ ਗੁਰੂ ਘਰ ਦਾ ਕੋਈ ਵੀ ਸਾਜ਼ਿਸ਼ੀ ਦੋਖੀ ਇਸ ਦੀ ਖ਼ਬਰ ਮੁਗਲ ਸਰਕਾਰ ਤਕ ਪੁਚਾ ਕੇ ਇਸ ਵਿਚ ਵਿਘਨ ਪਾ ਸਕਦਾ ਸੀ। ਕੁਝ ਵੀ ਹੋਵੇ ਬਾਰਾਂ ਸਾਲ ਦੀ ਉਮਰ ਤਕ ਸ਼ਾਹਿਬਜ਼ਾਦਾ ਸ਼ਾਸਤਰ ਵਿਦਿਆ, ਸ਼ਸਤਰ ਵਿਦਿਆ, ਘੋੜ ਸਵਾਰੀ, ਤਲਵਾਰ

1. ਗੁਰ ਬਿਲਾਸ ਪਾ. ੬ ਭਾਸ਼ਾ ਵਿਭਾਗ ਪੰਜਾਬ, 1972 ਪੰ. 58-59 (ਦੇਵਨਾਗਰੀ) ਸੰਪਾ. ਡਾ. ਮਨਮੋਹਨ ਸਹਿਗਲ

ਬਾਜ਼ੀ—ਹਰ ਚੀਜ਼ ਵਿਚ ਨਿਪੁੰਨ ਹੋ ਗਿਆ ਸੀ :

ਜਬ ਦੁਆਦਸ ਬਰਖ ਰੂਪ ਪ੍ਰਭ ਧਰਾ :
ਚੌਂਸਠ ਬਿਦਿਆ ਦ੍ਰਿੜ ਸਭ ਕਰਾ ।
ਚੜ ਬਾਹਨ ਸ਼ਸਤਰ ਵਿਦਿਆ ਕੋ ਧਾਰੇ ।
ਸਭ ਸ਼ਸਤਰ ਅਸਤਰ ਲੇ ਖੜਕ ਨਿਵਾਰੇ ।

ਇਸ ਦੌਰਾਨ ਪ੍ਰਿਥੀ ਚੰਦ ਨਿਰਾਸ ਹੋ ਕੇ ਆਪਣੇ ਸਹੁਰੇ ਪਿੰਡ 'ਹੇਹਰ' ਚਲਾ ਗਿਆ । ਉਥੇ ਉਸ ਨੇ ਹਰਿਮੰਦਰ ਸਾਹਿਬ ਅਤੇ ਇਸ ਦੇ ਪਵਿਤਰ ਸਰੋਵਰ ਦੀ ਨਕਲ ਕਰਦੇ ਹੋਏ ਨਵਾਂ ਹਰਿਮੰਦਰ ਸਥਾਪਤ ਕਰਨ ਦਾ ਯਤਨ ਕੀਤਾ ਜਿਸ ਵਿਚ ਉਸ ਨੂੰ ਕਾਮਯਾਬੀ ਹਾਸਲ ਨਾ ਹੋਈ । ਉਸ ਨੇ ਅਕਬਰ ਦੇ ਦਰਬਾਰੀ ਬੀਰਬਲ ਨੂੰ ਭੜਕਾਇਆ ਅਤੇ ਚੁਕਿਆ ਕਿ ਹਰਿਮੰਦਰ ਸਾਹਿਬ ਢਾਹ ਦੇਵੇ, ਪਰ ਉਸ ਦੀ ਇਹ ਚਾਲ ਉਦੋਂ ਨਾਕਾਮ ਹੋ ਗਈ ਜਦੋਂ ਬੀਰਬਲ 'ਪਿਸ਼ਾਵਰ' ਦੀ ਮੁਹਿੰਮ ਵਿਚ ਹੀ ਮਾਰਿਆ ਗਿਆ ।

ਏਧਰ ਸਾਹਿਬਜ਼ਾਦਾ ਹਰਿਗੋਬਿੰਦ ਜੀ ਬਚਪਨ ਦੀਆਂ ਦਹਿਲੀਜ਼ਾਂ ਟੱਪ ਰਹੇ ਸਨ ਅਤੇ ਉਧਰ ਆਪ ਦੇ ਪਿਤਾ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵਿਚ ਰੁਝੇ ਹੋਏ ਸਨ । ਤਤਕਾਲੀਨ ਧਾਰਮਿਕ ਜਗਤ ਵਿਚ ਇਹ ਬਹੁਤ ਮਹਤਵਪੂਰਨ ਕਾਰਜ ਸੀ । ਗੁਰੂ ਸਾਹਿਬ ਆਪਣ ਪੂਰਵ-ਵਰਤੀ ਗੁਰੂਆਂ ਭਗਤਾਂ ਤੋਂ ਬਿਨਾਂ ਸਮਕਾਲੀ ਭਗਤਾਂ ਦੀ ਬਾਣੀ ਨੂੰ ਵੀ ਨਿਰਖ ਪਰਖ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਰਹੇ ਸਨ । ਇਸ ਨਿਰਖ ਪਰਖ ਦੀ ਕਸਵਟੀ ਉਨ੍ਹਾਂ ਦੀ ਆਪਣੀ ਸੀ । ਜੋ ਉਸ ਉਤੇ ਪੂਰਾ ਨਾ ਉਤਰਦਾ ਰੱਦ ਕਰ ਦਿਤਾ ਜਾਂਦਾ । ਇਸ ਨਾਲ ਗੁਰੂ ਘਰ ਅਤੇ ਗੁਰੂ ਪਰਿਵਾਰ ਲਈ ਦੁਸ਼ਮਣੀਆਂ ਈਰਖਾ ਤੇ ਸਾੜੇ ਦਾ ਘੇਰਾ ਹੋਰ ਫੈਲਿਆ । ਭਾਈ ਮਨੀ ਸਿੰਘ ਨੇ ਇਸ ਸਿਲਸਿਲੇ ਵਿਚ ਕਾਹਨਾ, ਛੱਜੂ ਤੇ ਪੀਲੂ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ ।

ਭਗਤ ਕਾਹਨਾ ਨੇ ਕਿਹਾ :

ਮੈਂ ਓਹੀ ਰੇ, ਮੈਂ ਓਹੀ ਰੇ ।
ਜਾ ਕੋ ਬੇਦ ਪੁਰਾਨ ਸਭ ਗਾਵਹਿ
ਖੋਜਤ ਖੋਜ ਨਾ ਕੋਈ ਰੇ ।

ਗੁਰੂ ਅਰਜਨ ਸਾਹਿਬ ਨੇ ਕਿਹਾ ਕਿ ਇਸ ਹੰਕਾਰ ਲਈ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਥਾਂ ਨਹੀਂ ।

ਭਗਤ ਛੱਜੂ ਨੇ ਕਿਹਾ :

ਕਾਗਦ ਸੰਦੀ ਪੂਤਰੀ, ਤਊ ਨਾ ਤ੍ਰਿਆ ਨਿਹਾਰ ।

ਗੁਰੂ ਸਾਹਿਬ ਨੇ ਆਖਿਆ ਇਸਤਰੀ ਦੀ ਨਿੰਦਾ ਗੁਰਮਤਿ ਵਿਚ ਪ੍ਰਵਾਨ ਨਹੀਂ ।

ਪੀਲੂ ਨੇ ਆਖਿਆ :

ਅਸਾਂ ਨਾਲੋਂ ਸੇ ਭਲੇ ਜੋ ਜੰਮਦਿਆਂ ਮੋਏ ।
ਉਨ੍ਹਾਂ ਚਿਕੜ ਪੈਰ ਨਾ ਡੋਬਿਆ, ਨਾ ਆਲੂਦ ਭਏ ।

ਗੁਰੂ ਸਾਹਿਬ ਨੇ ਬਚਨ ਕੀਤਾ ਗੁਰਮਤਿ ਮਾਰਗ ਜੀਵਨ ਦੇ ਕਰਮ ਖੇਤਰ ਤੋਂ ਪਲਾਇਨ ਜਾਂ ਭਾਂਜ ਦੀ ਆਗਿਆ ਨਹੀਂ ਦਿੰਦਾ।

ਬਾਕੀ ਤਾਂ ਚੁਪ ਕਰ ਕੇ ਤੁਰ ਗਏ, ਪਰ ਭਗਤ ਕਾਹਨਾ ਕਾਫੀ ਔਖਾ ਭਾਰਾ ਹੋ ਕੇ ਗਿਆ। ਗੁਸੇ ਵਿਚ ਭਰਿਆ ਪੀਤਾ ਉਹ ਘੋੜੇ ਉਤੇ ਚੜ੍ਹ ਕੇ ਲਾਹੌਰ ਨੂੰ ਤੁਰਿਆ ਤਾਂ ਰਾਹ ਵਿਚ ਘੋੜਾ ਬੇਕਾਬੂ ਹੋ ਗਿਆ। ਕਾਹਨੇ ਦਾ ਪੈਰ ਰਕਾਬ ਵਿਚ ਫਸ ਗਿਆ। ਉਹ ਘੋੜੇ ਤੋਂ ਲਟਕ ਕੇ ਡਿਗਾ ਅਤੇ ਖ਼ਤਮ ਹੋ ਗਿਆ।

ਗੁਰੂ ਅਰਜਨ ਜੀ ਦੇ ਵਿਰੋਧੀਆਂ ਨੂੰ ਨਵਾਂ ਮੌਕਾ ਮਿਲਿਆ। ਉਨ੍ਹਾਂ ਕਾਹਨੇ ਦੀ ਮੌਤ ਦਾ ਦੋਸ਼ ਗੁਰੂ ਸਾਹਿਬ ਉਤੇ ਹੀ ਥੱਪਿਆ। ਕਾਹਨਾ 'ਕਲਾਨੌਰ' ਦਾ ਸੀ। ਉਸੇ ਕਲਾਨੌਰ ਦਾ ਜਿਥੇ ਸ਼ਹਿਨਸ਼ਾਹ ਅਕਬਰ ਦੀ ਤਾਜਪੋਸ਼ੀ ਹੋਈ ਸੀ। ਅਕਬਰ ਦੀ ਕਲਾਨੌਰ ਨਾਲ ਜਜ਼ਬਾਤੀ ਸਾਂਝ ਸੀ। ਕਾਹਨਾ ਉਸ ਦੇ ਸ਼ਾਹੀ ਦਰਬਾਰੀ ਚੰਦੂ ਦਾ ਚਾਚੇ ਦਾ ਪੁਤਰ ਸੀ। ਸਭ ਨੇ ਰਲ ਕੇ ਬਾਦਸ਼ਾਹ ਦੇ ਕੰਨ ਭਰੇ। ਅ ਕਬਰ ਨੇ ਗੁਰੂ ਸਾਹਿਬ ਨੂੰ ਸੱਦ ਭੇਜਿਆ। ਉਨ੍ਹਾਂ ਨੇ ਅਕਬਰ ਦੇ ਸ਼ੰਕੇ ਦੂਰ ਕਰਨ ਲਈ ਭਾਈ ਗੁਰਦਾਸ ਜੀ ਨੂੰ ਭੇਜਿਆ। ਭਾਈ ਗੁਰਦਾਸ ਜੀ ਨੇ ਅਕਬਰ ਦੀ ਤਸੱਲੀ ਕਰਵਾ ਦਿਤੀ। ਬਾਣੀ ਵਿਚ ਉਸ ਨੂੰ ਕਿਤੇ ਵੀ ਕੁਝ ਇਤਰਾਜ਼ ਯੋਗ ਨਾ ਪ੍ਰਤੀਤ ਹੋਇਆ। ਬਾਣੀ ਦੇ ਸੰਕਲਨ ਨੂੰ ਉਸ ਸ਼ਰਧਾ ਅਤੇ ਸਤਿਕਾਰ ਨਾਲ ਸਿਰ ਝੁਕਾਇਆ ਅਤੇ ਭਾਈ ਸਾਹਿਬ ਨੂੰ ਵਿਦਾ ਕੀਤਾ। ਅਕਬਰ ਦੀ ਉਦਾਰ ਤੇ ਸੁਲਾਹ ਕੁਲ ਨੀਤੀ ਨੂੰ ਵੇਖ ਕੇ ਵਿਰੋਧੀ ਕੁਝ ਸਮੇਂ ਲਈ ਚੁਪ ਹੋ ਗਏ ਅਤੇ ਕਿਸੇ ਯੋਗ ਅਵਸਰ ਦਾ ਇੰਤਜ਼ਾਰ ਕਰਨ ਲੱਗੇ।

ਅਧਿਆਇ 4

ਹਰਿਗੋਬਿੰਦ ਕੋ ਤਿਲਕ ਲਗਾਇ

ਸਾਹਿਬਜ਼ਾਦਾ ਹਰਿਗੋਬਿੰਦ ਬਚਪਨ ਦੀ ਦਹਿਲੀਜ਼ ਟੱਪ ਚੁਕੇ ਸਨ। ਜ਼ਮਾਨੇ ਦੇ ਰਿਵਾਜ ਅਨੁਸਾਰ ਉਨ੍ਹਾਂ ਲਈ ਰਿਸ਼ਤੇ ਆਉਣ ਲੱਗੇ। ਸ਼ਾਹੀ ਦੀਵਾਨ ਚੰਦੂ ਜੋ ਦਿੱਲੀ ਦਰਬਾਰ ਦਾ ਅਹਿਲਕਾਰ ਸੀ, ਉਨ੍ਹਾਂ ਦਿਨਾਂ ਵਿਚ ਆਪਣੀ ਬੇਟੀ ਲਈ ਰਿਸ਼ਤਾ ਲੱਭ ਰਿਹਾ ਸੀ। ਉਸ ਦੇ ਲਾਗੀ ਕੋਈ ਠਾਠ ਬਾਠ ਵਾਲਾ ਘਰ ਲਭ ਰਹੇ ਸਨ। ਉਨ੍ਹਾਂ ਗੁਰੂ ਅਰਜਨ ਦੇਵ ਜੀ ਦਾ ਇਜ਼ਤ ਮਾਨ ਦੇਖਿਆ, ਸਾਹਿਬਜ਼ਾਦਾ ਹਰਿਗੋਬਿੰਦ ਦੀ ਸੁੰਦਰ ਸ਼ਕਲ ਸੂਰਤ ਵੇਖੀ, ਹਰਿਮੰਦਰ ਅਤੇ ਅੰਮ੍ਰਿਤ ਸਰੋਵਰ ਉਤੇ ਜੁੜੀ ਸਿਖ ਸ਼ਰਧਾਲੂਆਂ ਦੀ ਭੀੜ ਤੱਕੀ ਤਾਂ ਉਨ੍ਹਾਂ ਨਿਰਣਾ ਕੀਤਾ ਕਿ ਸ਼ਾਹੀ ਅਹਿਲਕਾਰ ਦੀ ਬੇਟੀ ਲਈ ਇਸ ਤੋਂ ਵਧੇਰੇ ਸ਼ਾਨ ਸ਼ੌਕਤ ਵਾਲਾ ਘਰ ਕਿਹੜਾ ਹੋਵੇਗਾ। ਸਾਹਿਬਜ਼ਾਦਾ ਇੰਨੀ ਸ਼ਾਨ ਸ਼ੌਕਤ ਵਾਲੀ ਗੱਦੀ ਦਾ ਉਤਰਾਧਿਕਾਰੀ ਬਣਨਾ ਹੈ। ਉਨ੍ਹਾਂ ਸਤਿਗੁਰੂ ਅੱਗੇ ਮੱਥਾ ਟੇਕਿਆ ਅਤੇ ਸਾਹਿਬਜ਼ਾਦਾ ਹਰਿਗੋਬਿੰਦ ਨੂੰ ਪਸੰਦ ਕਰ ਇਹ ਆਖ ਕੇ ਦਿਲੀ ਚਲੇ ਗਏ ਕਿ ਲੜਕੀ ਦਾ ਪਿਤਾ ਸ਼ਗਨ ਦੀ ਰਸਮ ਲਈ ਜਲਦੀ ਹੀ ਅਗਲੀ ਕਾਰਵਾਈ ਕਰੇਗਾ। ਦਿਲੀ ਜਾ ਕੇ ਉਨ੍ਹਾਂ ਦੀਵਾਨ ਚੰਦੂ ਕੋਲ ਗੁਰੂ ਸਾਹਿਬ ਦੀ ਇਜ਼ਤ ਮਾਨ ਅਤੇ ਸਾਹਿਬਜ਼ਾਦੇ ਦੇ ਗੁਣਾਂ ਦੀ ਚਰਚਾ ਕਰਦੇ ਹੋਏ ਆਪਣੇ ਵਲੋਂ ਤੈਅ ਕੀਤੇ ਰਿਸ਼ਤੇ ਬਾਰੇ ਦਸਿਆ ਤਾਂ ਦੀਵਾਨ ਬੋਲ ਉਠਿਆ :

> ਇੱਟ ਚੁਬਾਰੇ ਮੋਰੀ ਲਾਈ।
> ਕਹਾ ਭਯੋ ਜੋ ਪੂਜ ਕਹਾਈ।[1]

ਕੀ ਹੋਇਆ ਜੇ ਉਨ੍ਹਾਂ ਦਾ ਇਜ਼ਤ ਮਾਨ ਹੈ। ਹੈ ਤਾਂ ਫਕੀਰ। ਚੁਬਾਰੇ ਦੀ ਇੱਟ ਤੁਸੀਂ ਮੋਰੀ ਨੂੰ ਲਾ ਆਏ ਹੋ। ਫਿਰ ਵੀ ਤੁਹਾਡਾ ਕਿਹਾ ਮੰਨ ਲੈਂਦੇ ਹਾਂ।

> ਚੁਬਾਰੇ ਇਟ ਮੋਰੀ ਨਹਿ ਸੋਹੈ।
> ਜੋ ਤੁਮ ਕਰਹੁ, ਮਨੈ ਹਮ ਓਹੈ।

ਇਹ ਕਹਿ ਕੇ ਉਸ ਨੇ ਸ਼ਗਨ ਪਕਾ ਕਰਨ ਲਈ ਲਾਗੀ ਭੇਜ ਦਿਤੇ :

> ਇਹੁ ਕਹਿ ਸਗਨ ਤਾਹਿ ਕਰ ਦੀਨੋ।
> ਬਹੁਤ ਦਰਬ ਦੇ ਬਿਦਿਆ ਕੀਨੋ।

---

1. ਗੁਰ ਬਿਲਾਸ ਪਾ. 6, ਭਾਸ਼ਾ ਵਿਭਾਗ ਪੰਜਾਬ, 1972, ਪੰਨਾ 139 (ਦੇਵਨਾਗਰੀ) ਸੰਪਾ. ਡਾ. ਮਨਮੋਹਨ ਸਹਿਗਲ।

ਦਿੱਲੀ ਦੀਆਂ ਸੰਗਤਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਬਹੁਤ ਬੁਰਾ ਮਨਾਇਆ। ਉਨ੍ਹਾਂ ਗੁਰੂ ਜੀ ਪਾਸ ਸੁਨੇਹਾ ਭੇਜਿਆ ਕਿ ਗੁਰੂ ਘਰ ਦੇ ਨਿੰਦਕ ਪਾਪੀ ਅਤੇ ਹੰਕਾਰੀ ਚੰਦੂ ਦੀ ਬੇਟੀ ਦਾ ਰਿਸ਼ਤਾ ਨਾ ਪ੍ਰਵਾਨ ਕੀਤਾ ਜਾਵੇ। ਸੰਗਤ ਦੀ ਗੱਲ ਪ੍ਰਵਾਨ ਕਰ ਲਈ ਗਈ। ਜਦੋਂ ਚੰਦੂ ਦੇ ਲਾਗੀ ਗੁਰੂ ਸਾਹਿਬ ਪਾਸ ਆਏ ਤਾਂ ਉਨ੍ਹਾਂ ਸਾਫ਼ ਕਹਿ ਦਿਤਾ— ''ਚੰਦੂ ਜੀ ਨੂੰ ਕਹੋ ਕਿ ਬੇਟੀ ਦਾ ਸਾਕ ਕਿਤੇ ਹੋਰ ਕਰ ਦੇਣ। ਚੁਬਾਰੇ ਦੀ ਇੱਟ ਚੁਬਾਰੇ ਨੂੰ ਹੀ ਲਾਈ ਜਾਵੇ।'' ਸ਼ਗਨ ਮੁੜਿਆ ਵੇਖ ਕੇ ਦੀਵਾਨ ਨੂੰ ਬੜਾ ਕ੍ਰੋਧ ਆਇਆ। ਉਸ ਹੋਰ ਭੀ ਵਧ ਘੱਟ ਬਹੁਤ ਕੁਝ ਆਖਿਆ। ਪ੍ਰਿਥੀ ਚੰਦ ਨੇ ਇਸ ਨੂੰ ਗਨੀਮਤ ਜਾਣਿਆ। ਉਸ ਨੇ ਵੀ ਗੁਰੂ ਸਾਹਿਬ ਦੇ ਖਿਲਾਫ਼ ਦੀਵਾਨ ਨਾਲ ਗਠ ਜੋੜ ਕਰ ਲਿਆ। ਬਾਕੀ ਵਿਰੋਧੀ ਵੀ ਉਨ੍ਹਾਂ ਨਾਲ ਆ ਜੁੜੇ।

ਜਿਸ ਭਰੇ ਦੀਵਾਨ ਵਿਚ ਸੰਗਤ ਦੀ ਇਛਾ ਅਨੁਸਾਰ ਸਾਹਿਬਜ਼ਾਦੇ ਦਾ ਰਿਸ਼ਤਾ ਮੋੜਿਆ ਗਿਆ, ਉਸੇ ਵਿਚ ਹੀ ਡਰੋਲੀ ਦੇ ਭਾਈ ਨਾਰਾਇਣ ਦਾਸ ਨੇ ਆਪਣੀ ਸਪੁੱਤਰੀ ਬੀਬੀ ਦਾਮੋਦਰੀ ਜੀ ਦਾ ਰਿਸ਼ਤਾ ਸਾਹਿਬਜ਼ਾਦੇ ਲਈ ਪੇਸ਼ ਕਰ ਦਿਤਾ। ਗੁਰੂ ਸਾਹਿਬ ਨੇ ਰਿਸ਼ਤਾ ਪ੍ਰਵਾਨ ਕੀਤਾ ਅਤੇ ਉਥੇ ਹੀ ਸ਼ਗਨ ਦੀ ਰਸਮ ਨੇਪਰੇ ਚਾੜ੍ਹ ਦਿਤੀ ਗਈ।

ਦੇਸ਼ ਦੇ ਰਾਜਸੀ ਹਾਲਾਤ ਤੇਜ਼ੀ ਨਾਲ ਬਦਲ ਰਹੇ ਸਨ। ਸੁਲਾਹਕੁਲ ਤੇ ਉਦਾਰ ਅਕਬਰ ਉਪਰੰਤ ਅਕਤੂਬਰ 1605 ਵਿਚ ਜਹਾਂਗੀਰ ਨੇ ਦੇਸ਼ ਦਾ ਸ਼ਾਸਨ ਸੰਭਾਲ ਲਿਆ ਸੀ। ਉਹ ਬਹੁਤ ਕਟੜ ਕਿਸਮ ਦਾ ਹੁਕਮਰਾਨ ਸੀ। 'ਸਰਹਿੰਦ' ਦੇ ਨਕਸ਼ਬੰਦੀ ਪੀਰ ਮੁਜੱਦਦ ਅਲਿਫਸਾਨੀ ਨਾਲ ਉਸ ਦੀ ਨਿਕਟਤਾ ਸੀ ਜੋ ਦੇਸ਼ ਵਿਚ ਇਸਲਾਮ ਦੇ ਕਠੋਰਤਾ ਨਾਲ ਪਸਾਰ ਅਤੇ ਹਰ ਕਿਸਮ ਦੀ ਹੋਰ ਧਾਰਮਿਕ ਆਵਾਜ਼ ਨੂੰ ਦਬਾਉਣ ਲਈ ਜਹਾਂਗੀਰ ਉਤੇ ਜ਼ੋਰ ਪਾਂਦਾ ਰਹਿੰਦਾ ਸੀ। ਜਹਾਂਗੀਰ ਦੇ ਤਾਕਤ ਸੰਭਾਲਣ ਨਾਲ ਅਜੇਹੇ ਲੋਕਾਂ ਦੀ ਚੜ੍ਹ ਮਚ ਗਈ।

ਅਕਬਰ ਆਪਣੇ ਜੀਉਂਦੇ ਜੀਅ ਸ਼ਹਿਜ਼ਾਦਾ ਸਲੀਮ ਦੇ ਸੁਭਾਅ ਅਤੇ ਸ਼ਖਸੀਅਤ ਤੋਂ ਕਦੇ ਪ੍ਰਭਾਵਿਤ ਨਹੀਂ ਸੀ ਹੋਇਆ। ਉਹ ਤਾਂ ਉਸ ਦੇ ਪੁਤਰ ਖੁਸਰੋ ਦਾ ਮਦਾਹ ਸੀ ਜੋ ਉਸ ਵਾਂਗ ਸੁਲਾਹਕੁਲ ਤਬੀਅਤ ਦਾ ਬੰਦਾ ਸੀ। ਇਹ ਵਖਰੀ ਗਲ ਹੈ ਕਿ ਹਾਲਾਤ ਨੇ ਐਸਾ ਪਲਟਾ ਖਾਧਾ ਕਿ ਸਲੀਮ ਹੀ ਜਹਾਂਗੀਰ ਦਾ ਲਕਬ ਧਾਰਨ ਕਰਕੇ ਰਾਜਗਦੀ ਉਤੇ ਬੈਠ ਗਿਆ। ਉਸ ਦਾ ਬੇਟਾ ਖੁਸਰੋ ਨਿਰਾਸ਼ ਤੇ ਨਾਰਾਜ਼ ਹੋ ਗਿਆ। ਜਹਾਂਗੀਰ ਉਸ ਨੂੰ ਆਪਣੇ ਲਈ ਖਤਰਾ ਸਮਝਦਾ ਸੀ। ਉਸ ਦੀ ਜਾਨ ਦਾ ਦੁਸ਼ਮਣ ਸੀ। ਛੇ ਕੁ ਮਹੀਨੇ ਵਿਚ ਹੀ ਨੌਬਤ ਇਹ ਆ ਗਈ ਕਿ ਖੁਸਰੋ ਬਾਗੀ ਹੋ ਗਿਆ। ਅਪਰੈਲ 1606 ਵਿਚ ਉਹ ਬਗਾਵਤ ਕਰ ਕੇ ਇਸ ਉਦੇਸ਼ ਨਾਲ ਘਰੋਂ ਨਿਕਲ ਤੁਰਿਆ ਕਿ ਪੰਜਾਬ ਅਤੇ ਅਫਗਾਨਿਸਤਾਨ ਤੋਂ ਮਦਦ ਹਾਸਿਲ ਕਰਕੇ ਦਿੱਲੀ ਦਾ ਤਖਤ ਹਾਸਿਲ ਕਰੇਗਾ। ਜਹਾਂਗੀਰ ਨੇ ਗਾਜ਼ੀ ਉਲ-ਮੁਲਕ ਨੂੰ ਉਸ ਦੇ ਪਿਛੇ ਲਾਇਆ, ਪਰ ਉਹ ਕਾਬੂ ਨਾ ਆਇਆ। ਜਹਾਂਗੀਰ ਨੇ ਦਿਲਾਵਰ ਖਾਨ ਨੂੰ ਖੁਸਰੋ ਨੂੰ ਦਬਾਉਣ ਲਈ ਭੇਜਿਆ। ਖੁਸਰੋ ਅਗੇ ਅਗੇ ਅਤੇ ਸ਼ਾਹੀ ਲਸ਼ਕਰ ਉਸ ਦੇ ਖੂਨ ਦਾ ਪਿਆਸਾ ਉਸ ਦੇ ਪਿਛੇ ਪਿਛੇ ਸੀ। ਖੁਸਰੋ ਪਹਿਲਾਂ ਵੀ ਕਈ ਵਾਰ 'ਗੋਇੰਦਵਾਲ' ਆ ਚੁੱਕਾ ਸੀ। ਉਹ ਗੁਰੂ ਘਰ ਦੀ

ਅਜ਼ਮਤ ਅਤੇ ਸ਼ਰਨ ਆਏ ਨੂੰ ਆਸਰਾ ਦੇਣ ਦੀ ਰੀਤੀ ਤੋਂ ਭਲੀ ਭਾਂਤ ਵਾਕਿਫ ਸੀ। ਇਸ ਮੁਸ਼ਕਿਲ ਦੇ ਸਮੇਂ ਵੀ ਉਸ ਗੁਰੂ ਘਰ ਦੀ ਹੀ ਸ਼ਰਨ ਭਾਲੀ।

ਗੁਰੂ ਅਰਜਨ ਸਾਹਿਬ 'ਤਰਨਤਾਰਨ' ਸਨ। ਖੁਸਰੋ ਸਾਥੀਆਂ ਸਮੇਤ ਨਤਮਸਤਕ ਹੋਇਆ। ਗੁਰੂ ਸਾਹਿਬ ਨੇ ਸਭ ਨੂੰ ਪ੍ਰਸ਼ਾਦ ਛਕਾਇਆ ਅਤੇ ਹਰ ਮੁਸ਼ਕਿਲ ਵਿਚ ਅਕਾਲਪੁਰਖ ਦਾ ਓਟ ਆਸਰਾ ਮਜ਼ਬੂਤੀ ਨਾਲ ਲੈਣ ਲਈ ਕਿਹਾ। ਉਨ੍ਹਾਂ ਦਾ ਸਨੇਹ ਅਤੇ ਹਮਦਰਦੀ ਭਰਿਆ ਅਸ਼ੀਰਵਾਦ ਲੈ ਕੇ ਉਹ ਲਾਹੌਰ ਪਹੁੰਚਿਆ ਜਿਥੇ ਜਹਾਂਗੀਰ ਨੇ ਪਹਿਲਾਂ ਹੀ ਡੇਰਾ ਲਾ ਰਖਿਆ ਸੀ। ਖੁਸਰੋ ਲਾਹੌਰ ਤੇ ਕਬਜ਼ਾ ਕਰਨ ਵਿਚ ਅਸਫਲ ਰਿਹਾ। ਉਸ ਨੇ ਪਿਛੇ ਮੁੜ ਕੇ ਮੁੜ ਲਾਹੌਰ ਉਤੇ ਹੱਲਾ ਕਰਨ ਦੀ ਯੋਜਨਾ ਬਣਾਈ, ਪਰ ਇਸੇ ਦੌਰਾਨ ਮੁਰਤਜ਼ਾ ਖਾਨ ਦੇ ਯਤਨਾ ਨਾਲ ਖੁਸਰੋ ਅਤੇ ਉਸ ਦੇ ਸਾਥੀ ਜਰਨੈਲ (ਅਬਦੁਲ ਰਹੀਮ ਅਤੇ ਹੁਸੈਨ ਬੇਗ) ਕਾਬੂ ਕਰ ਲਏ ਗਏ। ਪਹਿਲੀ ਮਈ 1606 ਨੂੰ ਜਹਾਂਗੀਰ ਨੂੰ ਇਨ੍ਹਾਂ ਦੀ ਗਰਿਫਤਾਰੀ ਦੀ ਖਬਰ ਦਿਤੀ ਗਈ। ਜਹਾਂਗੀਰ ਨੇ ਇਨ੍ਹਾਂ ਨੂੰ ਤਸੀਹੇ ਦੇ ਕੇ ਖਤਮ ਕਰਵਾ ਦਿਤਾ। ਉਸ ਨੇ ਹਰ ਉਸ ਆਦਮੀ ਨੂੰ ਸਖਤ ਸਜ਼ਾ ਦਿਤੀ ਜਿਸ ਬਾਰੇ ਉਸ ਨੂੰ ਸ਼ਿਕਾਇਤ ਕੀਤੀ ਗਈ ਕਿ ਉਸ ਨੇ ਖੁਸਰੋ ਦੀ ਕਿਸੇ ਤਰ੍ਹਾਂ ਮਦਦ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੇ ਵਿਰੋਧੀਆਂ ਨੇ ਇਸ ਨਾਜ਼ੁਕ ਮੌਕੇ ਉਤੇ ਸੰਗਠਿਤ ਹੋ ਕੇ ਜਹਾਂਗੀਰ ਦੇ ਕੰਨ ਭਰੇ। ਮੁਜਦਦ ਅਲਿਫਥਾਨੀ ਦਾ ਚੁਕਿਆ ਉਹ ਪਹਿਲਾਂ ਹੀ ਗੁਰੂ ਨਾਨਕ ਦੀ ਗੱਦੀ ਨੂੰ ਝੂਠ ਦੀ ਦੁਕਾਨ ਕਹਿ ਕੇ ਤਿਰਸਕਾਰ ਨਾਲ ਵੇਖਦਾ ਸੀ। ਉਸ ਨੇ ਹੁਕਮ ਦਿਤਾ, "ਗੁਰੂ ਅਰਜਨ ਸਾਹਿਬ ਦੀ ਸਭ ਸੰਪਤੀ ਜ਼ਬਤ ਕਰ ਲਈ ਜਾਵੇ। ਬਾਲ ਬਚੇ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿਤੇ ਜਾਣ ਅਤੇ ਗੁਰੂ ਨੂੰ ਯਾਸਾ ਦੇ ਤਸੀਹੇ ਦੇ ਕੇ ਖਤਮ ਕਰ ਦਿਤਾ ਜਾਵੇ।"

ਇਹ ਹੁਕਮ ਜਾਰੀ ਹੋਣ ਨਾਲ ਗੁਰੂ ਅਰਜਨ ਸਾਹਿਬ ਦੇ ਦੋਖੀਆਂ ਨੂੰ ਲਾਲੀਆਂ ਚੜ੍ਹ ਗਈਆਂ। ਉਨ੍ਹਾਂ ਸਰਕਾਰੀ ਪਿਆਦਿਆਂ ਨੂੰ ਰਿਸ਼ਵਤ ਅਤੇ ਲਾਲਚ ਦੇ ਕੇ ਛੇਤੀ ਅੰਮ੍ਰਿਤਸਰ ਨੂੰ ਰਵਾਨਾ ਕੀਤਾ। ਗੁਰੂ ਸਾਹਿਬ ਸਾਰੇ ਘਟਨਾ ਚੱਕਰ ਦਾ ਰੁਖ ਸਮਝ ਗਏ। ਉਨ੍ਹਾਂ ਨੇ ਸਾਰੇ ਮੁਖੀ ਸਿਖਾਂ ਨੂੰ ਆਪਣੇ ਕੋਲ ਬੁਲਾਇਆ ਅਤੇ ਦਸਿਆ ਕਿ ਸਾਨੂੰ ਸਰਕਾਰੀ ਹੁਕਮ ਅਨੁਸਾਰ ਜਾਣਾ ਪੈ ਰਿਹਾ ਹੈ। ਘਟਨਾਵਾਂ ਦਾ ਰੁਖ ਇਹ ਦਸ ਰਿਹਾ ਹੈ ਕਿ ਸਾਨੂੰ ਸਿਰ ਦੇਣਾ ਪਵੇਗਾ। ਗਲ ਇਸ ਨਾਲ ਵੀ ਮੁਕਣੀ ਨਹੀਂ। ਤੁਸੀਂ ਮਾਝੇ ਦਾ ਇਹ ਟਿਕਾਣਾ ਛੱਡ ਦੁਆਬੇ ਵਿਚ ਸੁਰਖਿਅਤ ਥਾਂ ਤੇ ਟਿਕਾਣਾ ਕਰ ਲੈਣਾ। ਗੁਰਗਦੀ ਹੁਣ ਹਰਿਗੋਬਿੰਦ ਜੀ ਦੇ ਹਵਾਲੇ ਹੈ। ਕੇਸਰ ਸਿੰਘ ਛਿਬਰ[1] ਨੇ ਇਸ ਸਮੇਂ ਦਾ ਬਿਰਤਾਂਤ ਬੰਸਾਵਲੀਨਾਮੇ ਵਿਚ ਇਉਂ ਦਰਜ ਕੀਤਾ ਹੈ :

ਸਿਖਾਂ ਨੂੰ ਕੀਤਾ ਸਪੁਰਦ, ਹਰਗਬਿੰਦ ਦੀ ਬਾਂਹ ਪਕੜਾਈ।
ਅਸਾਡੇ ਨਾਉਂ ਉਪਕਾਰ ਕੀਤਾ ਹੈ ਸਕੇ ਭਾਈ।

---

1. ਬੰਸਾਵਲੀ ਨਾਮਾ (1972), ਪੰ. ਯੂ. ਚੰਡੀਗੜ੍ਹ, ਪੰਨਾ 54-55

ਭਾਈ ਗੁਰਦਾਸ ਨੂੰ ਬੈਠ ਸਮਝਾਇਆ।
ਸਾਡਾ ਲਗੇਗਾ ਸੀਸ ਇਹ ਨਿਸਚਾ ਹੋ ਆਇਆ।

....

ਅਸਾਂ ਤਾਂ ਹੈ ਤੁਰਕਾਂ ਵਿਚ ਜਾਣਾ।
ਉਨ੍ਹਾਂ ਕਰਨੀ ਹੈ ਹੁੱਜਤ
ਤੁਸਾਂ ਦੁਆਬੇ ਵਿਚ ਕਰਨਾ ਟਿਕਾਣਾ।
ਸਰੀਰ ਹੈ ਛੁਟਣਾ, ਸੰਸਾ ਨਹੀ ਕੋਈ
ਰਾਇ ਖਾਵੰਦ ਦੀ ਹੈ, ਜਿਸ ਤਰ੍ਹਾਂ ਹੋਈ

ਸੋਹਨ ਕਵੀ ਵੀ ਇਸ ਦੀ ਗਵਾਹੀ ਦਿੰਦਾ ਹੈ ਕਿ ਗੁਰੂ ਅਰਜਨ ਸਾਹਿਬ ਨੂੰ ਆਪਣੀ ਸ਼ਹੀਦੀ ਦਾ ਆਭਾਸ ਹੋ ਗਿਆ ਸੀ। ਇਸੇ ਲਈ ਉਨ੍ਹਾਂ ਰਵਾਨਾ ਹੁੰਦੇ ਸਮੇਂ ਬਾਬਾ ਬੁੱਢਾ ਜੀ ਨੂੰ ਕਿਹਾ :

ਲਾਹੌਰ ਸੀਸ ਦੇਣੇ ਹਮ ਜਾਹੀ।
ਉਹਾਂ ਤੇ ਹਮ ਆਵਣ ਨਾਹੀਂ।
ਤਾਂ ਤੇ ਅਬ ਹੀ ਮਾਥ ਟਿਕਾਵੇਂ।
ਤੁਮ ਇਨ ਮਸਤਕ ਤਿਲਕ ਲਗਾਵੇਂ।

(ਗੁਰ ਬਿਲਾਸ 1978, ਪੰ. 202)

ਦੋ ਦਿਨ ਵਿਚ ਪੈਂਤੀ ਮੀਲ ਦਾ ਪੈਂਡਾ ਤੈਅ ਕਰ ਕੇ ਆਪ 'ਲਾਹੌਰ' ਪੁਜੇ। ਉਹ ਇਹ ਵੀ ਕਹਿੰਦਾ ਹੈ ਕਿ ਗੁਰੂ ਸਾਹਿਬ ਨੇ ਜਾਂਦੇ ਸਮੇਂ ਗੁਰੂ ਘਰ ਦੀ ਪਰੰਪਰਾ ਅਨੁਸਾਰ ਰਵਾਨਾ ਹੁੰਦੇ ਸਮੇਂ ਪੰਜ ਪੈਸੇ ਅਤੇ ਨਾਰੀਅਲ ਮੰਗਵਾ ਕੇ ਬਾਬਾ ਬੁੱਢਾ ਜੀ ਨੂੰ ਹੁਕਮ ਦਿਤਾ ਕਿ ਉਹ ਸਾਹਿਬਜ਼ਾਦਾ ਹਰਿਗੋਬਿੰਦ ਜੀ ਨੂੰ ਤਿਲਕ ਲਗਾ ਦੇਣ :

ਗੁਰ ਅਰਜਨ ਅਸ ਰੀਤ ਕਰਾਈ।
ਪੈਸੇ ਪਾਂਚ ਨਾਰੀਏਲ ਮੰਗਾਈ।
ਬੁੱਢੇ ਕੋ ਗੁਰ ਕਹਾ ਸੁਨਾਇ।
ਹਰਿਗੋਬਿੰਦ ਕੋ ਤਿਲਕ ਲਗਾਇ।[1]

ਗੁਰੂ ਹਰਿਗੋਬਿੰਦ ਜੀ ਨੂੰ ਤਿਲਕ ਉਪਰੰਤ ਗੁਰੂ ਅਰਜਨ ਦੇਵ ਜੀ ਨੇ ਸਾਹਿਬਜ਼ਾਦੇ ਨੂੰ ਮੁਖ਼ਾਤਿਬ ਹੋ ਕੇ ਕਿਹਾ :

ਤੁਮ ਨੇ ਕਰਨੇ ਜੁਧ ਅਨੇਕ।
ਬਦਲਾ ਲੇਵਨਿ ਤੁਰਕਨਿ ਛੇਕ।
ਜੋ ਤੁਮ ਉਪਰ ਸਸਤਰ ਚਲਾਈ।
ਸੁਣ ਮਨ ਮਾਹਿ, ਟੂਟਿ ਸਭ ਜਾਹੀ।
ਤੁਮ ਪਰ ਕਾਹੂ ਕੀ ਜਯ ਨਾਹੀ।
ਨਿਰਭਉ ਰਹੋ ਸਦਾ ਮਨ ਮਾਹੀਂ।

1. ਗੁਰ ਬਿਲਾਸ ਪਾ. 6, (1972) ਪੰ. 201

ਦੋ ਦਿਨ ਵਿਚ ਪੈਂਤੀ ਮੀਲ ਦਾ ਪੈਂਡਾ ਤੈਅ ਕਰ ਕੇ ਆਪ ਲਾਹੌਰ ਪੁਜੇ। ਗੁਰਬਿਲਾਸ ਅਨੁਸਾਰ ਸ਼ਾਹੀ ਕੈਦ ਵਿਚੋਂ ਹੀ ਆਪ ਨੇ ਵਿਸ਼ੇਸ਼ ਸੰਦੇਸ਼ ਗੁਰੂ ਹਰਿਗੋਬਿੰਦ ਜੀ ਦੇ ਨਾਮ ਭੇਜਿਆ[1] :

ਹਰਿਗੋਬਿੰਦ ਗੁਰ ਪਾਸ
ਬਾਹਰ ਜਾਇ ਸਭ ਹੀ ਕਹੋ।
ਕਰਿਉ ਪੁਨਾ ਅਰਦਾਸ
ਬਹੁ ਤੁਰਕਨ ਕੋ ਜੁਧ ਕਰੋ।

ਇਸ ਸੰਦੇਸ਼ ਵਿਚ ਸਾਹਿਬਜ਼ਾਦੇ ਨੂੰ ਗੁਰੂ ਕਿਹਾ ਹੈ। ਸਪਸ਼ਟ ਹੈ ਕਿ ਗੁਰੂ ਸਾਹਿਬ ਲਾਹੌਰ ਰਵਾਨਾ ਹੁੰਦੇ ਸਮੇਂ ਆਪਣੀ ਥਾਂ ਗੁਰਗਦੀ ਹਰਿਗੋਬਿੰਦ ਜੀ ਨੂੰ ਸੌਂਪ ਗਏ ਸਨ ਜਿਸ ਦੀ ਤਾਜਪੋਸ਼ੀ ਬਾਦ ਵਿਚ ਹੋਈ। ਇਹ ਵੀ ਸਪਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪ ਗੁਰੂ ਹਰਿਗੋਬਿੰਦ ਜੀ ਨੂੰ ਜੰਗੀ ਤਰਬੀਅਤ ਬਚਪਨ ਵਿਚ ਵੀ ਦਿਵਾਈ। ਜ਼ੁਲਮ ਦੇ ਖਿਲਾਫ਼ ਸ਼ਾਤਮਈ ਟੱਕਰ ਦੀ ਸਿਖਰ ਉਪਰੰਤ ਸਿਖ ਲਹਿਰ ਨੂੰ ਹਥਿਆਰਬੰਦ ਸੰਘਰਸ਼ ਵਲ ਤੋਰਨ ਦੇ ਗੁਰੂ ਹਰਿਗੋਬਿੰਦ ਜੀ ਦੇ ਫੈਸਲੇ ਨੂੰ ਗੁਰੂ ਅਰਜਨ ਦੇਵ ਜੀ ਦਾ ਦਿਸ਼ਾ ਨਿਰਦੇਸ਼, ਆਸ਼ੀਰਵਾਦ ਅਤੇ ਸਹਿਮਤੀ ਪ੍ਰਾਪਤ ਸੀ।

ਸੀ. ਅਚ. ਪੇਨ. ਦਾ ਵਿਚਾਰ ਹੈ ਕਿ ਗੁਰੂ ਅਰਜਨ ਸਾਹਿਬ ਨੇ ਵੇਖ ਲਿਆ ਸੀ ਕਿ ਸਿਖਾਂ ਦਾ ਬਗੈਰ ਸ਼ਸਤਰ ਅਪਣਾਏ ਬਚਨਾ ਮੁਸ਼ਕਿਲ ਹੈ। ਉਨ੍ਹਾਂ ਆਪਣੇ ਪੁਤਰ ਨੂੰ ਜਾਂਦੀ ਵਾਰ ਉਪਦੇਸ਼ ਹੀ ਇਹ ਦਿਤੇ ਸਨ ਕਿ ਆਪ ਸ਼ਸਤਰ ਸਜਾ ਕੇ ਗੁਰਗਦੀ ਤੇ ਬੈਠਣਾ ਤੇ ਜਿਨੀ ਵਡੀ ਤੋਂ ਵਡੀ ਫੌਜ ਹੋ ਸਕੇ ਤਿਆਰ ਕਰਨੀ। ਪਿਤਾ ਗੁਰੂ ਨੇ ਬੇਟੇ ਨੂੰ ਦੱਸ ਦਿਤਾ ਕਿ ਬੇਟਾ ਕਰੜੇ ਸਮੇਂ ਆ ਰਹੇ ਹਨ। ਬਦੀ ਦੀਆਂ ਕਰੂਰ ਤਾਕਤਾਂ ਮੁਢਲੇ ਹੱਕਾਂ ਦੀ ਜੜ੍ਹ ਵਢ ਰਹੀਆਂ ਹਨ। ਗੁਰੂ ਨਾਨਕ ਦੀ ਗੱਦੀ ਸ਼ੁਰੂ ਤੋਂ ਹੀ ਸਚ, ਪ੍ਰੇਮ ਅਣਖ ਅਤੇ ਆਜ਼ਾਦੀ ਲਈ ਲੜਦੀ ਰਹੀ ਹੈ। ਇਹ ਕੰਮ ਹੁਣ ਤਕ ਅਸੀਂ ਪੁਰ ਅਮਨ ਅਤੇ ਸ਼ਾਂਤਮਈ ਢੰਗ ਨਾਲ ਹੀ ਕੀਤਾ ਹੈ, ਪਰੰਤੂ ਹੁਣ ਸਮੇਂ ਬਦਲ ਗਏ ਹਨ। ਮੈਂ ਜਾਂਦਾ ਹਾਂ ਅਤੇ ਜਹਾਂਗੀਰ ਨੂੰ ਦਸਦਾ ਹਾਂ ਕਿ ਉਸ ਦੇ ਹੁਕਮ ਨਾਲ ਕੀ ਕੀ ਅਤਿਆਚਾਰ ਹੋ ਰਹੇ ਹਨ ਅਤੇ ਰਬ ਦੇ ਬੰਦਿਆਂ ਦੇ ਪਿਆਰ ਦੀ ਖਾਤਰ ਕੀ ਕੀ ਦੁਖ ਝਲੇ ਜਾ ਸਕਦੇ ਹਨ। ਸ਼ਾਇਦ ਉਸ ਦੀ ਆਤਮਾ ਜਾਗ ਪਵੇ। ਪਰ ਜੇ ਸ਼ਾਂਤੀ ਨਾਲ ਦੁਖੜੇ ਜਰਨ ਨਾਲ ਹੀ ਕੁਝ ਨਾ ਬਣਿਆ ਤਾਂ ਸਮਝਣਾ ਕਿ ਮੁਗਲ ਸ਼ਾਸਕਾਂ ਦੀ ਆਤਮਾ ਅਸਲੋਂ ਮਰ ਚੁਕੀ ਹੈ। ਅਜਿਹੀ ਹਾਲਤ ਵਿਚ ਸ਼ਾਂਤੀ ਨਾਲ ਦੁਖ ਝਲਦੇ ਰਹਿਣਾ ਇਉਂ ਹੀ ਵਿਅਰਥ ਹੋਵੇਗਾ ਜਿਵੇਂ ਕੋਈ ਸਿੰਗਾਂ ਵਾਲੇ ਵਹਿਸ਼ੀ ਜੰਗਲੀ ਜਾਨਵਰ ਅਗੇ ਲੰਮਾਂ ਪੈ ਕੇ ਉਸ ਦੇ ਪਾਸ਼ਵਿਕ ਸੁਭਾਅ ਨੂੰ ਬਦਲਣ ਦਾ ਵਿਅਰਥ ਯਤਨ ਕਰੇ। ਐਸੀ ਹਾਲਤ ਵਿਚ ਆਪ ਸ਼ਸਤਰ ਪਹਿਨੋ ਅਤੇ ਹੋਰਾਂ ਨੂੰ ਵੀ ਸ਼ਸਤਰ ਪਹਿਨਣ ਦੀ ਪ੍ਰੇਰਣਾ ਦਿਉ।

---

1. ਗੁਰ ਬਿਲਾਸ ਪਾ. 6, (1972) ਪੰ. 216

ਇਸ ਪ੍ਰਕਾਰ ਸਰਕਾਰੀ ਹੁਕਮ ਮਿਲਣ ਉਤੇ ਗੁਰੂ ਅਰਜਨ ਦੇਵ ਜੀ ਨੇ ਸਿਖ ਲਹਿਰ ਦੇ ਭਵਿਖ ਦਾ ਨਿਰਣਾ ਕੀਤਾ । ਸ੍ਰੀ ਅੰਮ੍ਰਿਤਸਰ ਇਸ਼ਨਾਨ ਕੀਤਾ। ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਪੈੜਾ, ਭਾਈ ਲੰਗਾਹ ਤੇ ਭਾਈ ਪਿਰਾਣਾ ਨਾਮ ਦੇ ਪੰਜ ਸਿੰਘ ਨਾਲ ਲਏ ਅਤੇ ਲਾਹੌਰ ਵਲ ਕੂਚ ਕੀਤਾ। ਭਾਈ ਗੁਰਦਾਸ ਅਤੇ ਬਾਬਾ ਬੁਢਾ ਜੀ ਆਪ ਨੂੰ ਸ਼ਹਿਰ ਤੋਂ ਬਾਹਰ ਤਕ ਛਡਣ ਆਏ। ਪੈਂਡਾ ਕੁਲ ਪੈਂਤੀ ਮੀਲ ਸੀ ਪਰੰਤੂ ਥਾਂ ਥਾਂ ਸੰਗਤਾਂ ਆਪ ਦੇ ਦਰਸ਼ਨਾਂ ਨੂੰ ਉਮੜ ਰਹੀਆਂ ਸਨ। ਦੋ ਦਿਨ ਲੱਗ ਗਏ । ਲਾਹੌਰ ਵਿਚ ਆਪ ਗੁਰੂ ਘਰ ਦੇ ਸਰਲ ਚਿਤ ਪ੍ਰੇਮੀ ਭਾਈ ਬੁਧੂ ਦੇ ਘਰ ਟਿਕੇ। ਉਸ ਦੇ ਘਰ ਹੀ ਪ੍ਰਸ਼ਾਦ ਪਾਇਆ। ਉਸ ਦਾ ਇਟਾਂ ਦਾ ਆਵਾ ਸੀ। ਉਸ ਦੀ ਘਰ ਵਾਲੀ ਨੇ ਬੇਨਤੀ ਕੀਤੀ—ਗੁਰੂ ਸਾਹਿਬ ਅਰਦਾਸ ਕਰੋ ਕਿ ਸਾਡਾ ਆਵਾ ਪੱਕੇ। ਸੰਗਤ ਜੁੜੀ। ਘਰ ਸੰਗਤਾਂ ਨਾਲ ਭਰ ਗਿਆ ਸੀ। ਘਰ ਦੇ ਦਰਵਾਜ਼ੇ ਬੰਦ ਕਰ ਦਿਤੇ ਗਏ। ਇਕ ਪ੍ਰੇਮੀ ਸਿੱਖ ਭਾਈ ਲੱਖੂ ਬਾਹਰ ਦਰਵਾਜ਼ੇ ਨਾਲ ਹੀ ਲੱਗਾ ਖਲੋਤਾ ਰਿਹਾ। ਕਥਾ ਕੀਰਤਨ ਉਪਰੰਤ ਜਦੋਂ ਗੁਰੂ ਸਾਹਿਬ ਨੇ ਕਿਹਾ—ਭਾਈ ਬੁਧੂ ਦਾ ਆਵਾ ਪੱਕਾ। ਤਾਂ ਬਾਹਰੋਂ ਭਾਈ ਲਖੂ ਨੇ ਕਿਹਾ—ਭਾਈ ਬੁਧੂ ਦਾ ਆਵਾ ਕੱਚਾ। ਭਾਈ ਬੁਧੂ ਨੇ ਬਾਹਰ ਖੜ੍ਹੇ ਭਾਈ ਲੱਖੂ ਨੂੰ ਗੁਰੂ ਸਾਹਿਬ ਕੋਲ ਪੇਸ਼ ਕੀਤਾ। ਗੁਰੂ ਸਾਹਿਬ ਨੇ ਸਾਰੀ ਗਲ ਸੁਣ ਕੇ ਕਿਹਾ—ਭਾਈ ਲੱਖੂ ਦੇ ਸਚੇ ਪ੍ਰੇਮ ਦਾ ਨਿਰਾਦਰ ਹੋਇਆ ਹੈ। ਭਾਈ ਸਾਹਿਬ ਦੇ ਬੋਲ ਸਚੇ ਹੋਣਗੇ। ਆਵਾ ਤਾਂ ਕੱਚਾ ਹੀ ਰਹੇਗਾ, ਪਰੰਤੂ ਇਹ ਕਚੀ ਇਟ ਵੀ ਪੱਕੀ ਦੇ ਭਾਅ ਵਿਕ ਜਾਵੇਗੀ। ਉਸ ਸਾਲ ਬਰਸਾਤ ਬਹੁਤ ਹੋਈ। ਇਟਾਂ ਦੀ ਕਮੀ ਕਾਰਨ ਭਾਈ ਬੁਧੂ ਦੀ ਕੱਚੀ ਇਟ ਵੀ ਪੱਕੀ ਦੇ ਭਾਅ ਹੀ ਵਿਕ ਗਈ।

ਸੰਗਤਾਂ ਦੇ ਹਿਰਦੇ ਠਾਰਦੇ, ਗੁਰੂ ਅਰਜਨ ਸ਼ਾਹੀ ਦਰਬਾਰ ਪੁਜੇ। ਆਪ ਨੂੰ ਲਾਹੌਰ ਦੇ ਹਾਕਮ ਮੁਰਤਜ਼ਾ ਖਾਨ ਦੇ ਹਵਾਲੇ ਕੀਤਾ ਗਿਆ। ਯਾਸਾ ਦੁਆਰਾ ਸ਼ਹੀਦ ਕਰਨ ਦਾ ਹੁਕਮ ਸਾਦਰ ਕੀਤਾ ਗਿਆ। ਮੁਰਤਜ਼ਾ ਖਾਨ ਨੇ ਇਸ ਨਿਰਦਈ ਕਾਰਜ ਦੀ ਦੇਖ ਰੇਖ ਦੀਵਾਨ ਚੰਦੂ ਨੂੰ ਸੌਂਪੀ ਤਾਂ ਕਿ ਉਹ ਗੁਰੂ ਸਾਹਿਬ ਨਾਲ ਆਪਣੇ ਵੈਰ ਕਾਰਨ ਤਸੀਹੇ ਦੇਣ ਸਮੇਂ ਕੋਈ ਸੰਕੋਚ ਨਾ ਕਰੇ। ਗੁਰੂ ਜੀ ਨੂੰ ਤਤੀ ਤਵੀ ਉਤੇ ਬਿਠਾਇਆ ਗਿਆ। ਕੜਛੇ ਭਰ ਭਰ ਤਪਦੀ ਰੇਤ ਸੀਸ ਵਿਚ ਸੁੱਟੀ ਗਈ। ਪਾਣੀ ਵਿਚ ਬਿਠਾ ਕੇ ਉਬਾਲਿਆ ਗਿਆ। ਸਾਰਾ ਸਰੀਰ ਝੁਲਸ ਗਿਆ। ਛਾਲੇ ਛਾਲੇ ਹੋ ਗਿਆ। ਗੁਰੂ ਸਾਹਿਬ ਨੇ 'ਤੇਰਾ ਭਾਣਾ ਮੀਠਾ ਲਾਗੇ। ਨਾਮ ਪਦਾਰਥ ਨਾਨਕ ਮਾਂਗੇ'-ਤੋਂ ਵਧ ਕੁਝ ਨਾ ਕਿਹਾ। ਹਜ਼ਰਤ ਮੀਆਂ ਮੀਰ ਇਹ ਦ੍ਰਿਸ਼ ਦੇਖ ਕੇ ਬੜੇ ਦੁਖੀ ਹੋਏ। ਉਨ੍ਹਾਂ ਗੁਰੂ ਅਰਜਨ ਸਾਹਿਬ ਪਾਸ ਬੇਨਤੀ ਕੀਤੀ ਕਿ ਹੁਕਮ ਕਰੋ ਤਾਂ ਮੈਂ ਕਰਾਮਾਤੀ ਸ਼ਕਤੀ ਦੁਆਰਾ ਇਹ ਜ਼ੁਲਮ ਬੰਦ ਕਰਵਾ ਦਿਆਂ ਅਤੇ ਜ਼ਾਲਮ ਦਾ ਨਾਸ ਕਰ ਦਿਆਂ। ਪਰਲੋ ਲੈ ਆਵਾਂ। ਕਿਆਮਤ ਬਰਪਾ ਕਰ ਦਿਆਂ। ਗੁਰੂ ਅਰਜਨ ਸਾਹਿਬ ਨੇ ਅਜੇਹਾ ਕਰਨ ਤੋਂ ਵਰਜ ਦਿਤਾ ਅਤੇ ਅਕਾਲ ਪੁਰਖ ਦੇ ਹੁਕਮ ਵਿਚ ਰਹਿਣ ਲਈ ਕਿਹਾ। ਮੀਆਂ ਮੀਰ ਜੀ ਦੀ ਅਜ਼ਮਤ ਤੋਂ ਉਸ ਸਮੇਂ ਤਕ ਜਹਾਂਗੀਰ ਪ੍ਰਭਾਵਿਤ ਨਹੀਂ ਸੀ। ਕਰਾਮਾਤ ਤੋਂ ਉਨ੍ਹਾਂ ਨੂੰ ਵਰਜਿਆ ਜਾ ਚੁਕਾ ਸੀ। ਇਸ ਲਈ ਉਹ ਬੇਬਸ ਹੋ ਕੇ ਇਹ ਭਾਣਾ ਮੰਨਣ ਲਈ ਮਜਬੂਰ ਸਨ।

ਜਦ ਗੁਰੂ ਅਰਜਨ ਸਾਹਿਬ ਦੇ ਦੋ ਸਿਖਾਂ ਭਾਈ ਸੀਗਾਰੂ ਅਤੇ ਜੈਤਾ ਨੇ ਆਪ ਨੂੰ ਦਰਦਨਾਕ ਤਸੀਹੇ ਸਹਿੰਦੇ ਵੇਖਿਆ ਤਾਂ ਉਨ੍ਹਾਂ ਦੇ ਮਨ ਦਾ ਧੀਰਜ ਜਾਂਦਾ ਰਿਹਾ। ਸਿਖਾਂ ਦੀ ਭਗਤਮਾਲਾ ਅਨੁਸਾਰ (ਵੇਖੋ ਸਾਖੀ ਨੰ: 93) ਆਪ ਨੇ ਉਨ੍ਹਾਂ ਨੂੰ ਇਹ ਕਹਿ ਕੇ ਸ਼ਾਂਤ ਕੀਤਾ, 'ਅਸਾਂ ਜੋ ਸ਼ਸਤਰ ਪਕੜਨੇ ਹੈਨਿ ਸੋ ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਣੇ ਹੇਨਿ। ਸਮਾਂ ਕਲਜੁਗ ਦਾ ਵਰਤਨਾ ਹੈ। ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਖਿਚ ਲੈਣੀ ਹੈ। ਤੁਸੀਂ ਛੇਵੀਂ ਪਾਤਸ਼ਾਹੀ ਦੇ ਹਜ਼ੂਰ ਰਹਿਣਾ।"

ਇਸ ਤਰ੍ਹਾਂ ਹਰ ਪ੍ਰਕਾਰ ਦੀ ਉਤੇਜਨਾ ਤੇ ਭੜਕਾਹਟ ਨੂੰ ਸ਼ਾਂਤ ਕਰਦੇ ਹੋਏ, ਗੁਰੂ ਸਾਹਿਬ ਨੇ ਹਰ ਜ਼ੁਲਮ ਤੇ ਤਸੀਹੇ ਦਾ ਸ਼ਾਂਤੀ ਨਾਲ ਮੁਕਾਬਲਾ ਕੀਤਾ। ਸਰੀਰ ਛਾਲੇ ਛਾਲੇਂ ਹੋ ਗਿਆ। ਝੁਲਸੇ ਹੋਏ ਸਰੀਰ ਨੂੰ ਹੋਰ ਕਸ਼ਟ ਦੇਣ ਲਈ ਗੁਰੂ ਸਾਹਿਬ ਨੂੰ ਰਾਵੀ ਵਿਚ ਇਸ਼ਨਾਨ ਲਈ ਲਿਆਂਦਾ ਗਿਆ। 30 ਮਈ 1606 ਨੂੰ 'ਫਜਰ' ਵੇਲੇ ਗੁਰੂ ਸਾਹਿਬ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ। ਪਾਠ ਉਪਰੰਤ ਆਪ ਰਾਵੀ ਵਿਚ ਉਤਰੇ ਅਤੇ ਰਾਵੀ ਦੇ ਪਾਣੀਆਂ ਵਿਚ ਅਲੋਪ ਹੋ ਗਏ।

ਅਧਿਆਇ 5

ਸ੍ਰੀ ਗੁਰੂ ਤਖਤ ਬਿਰਾਜੇ

ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਅਤੇ ਬੇਮਿਸਾਲ ਸ਼ਹਾਦਤ ਨੇ ਸਿੱਖ ਲਹਿਰ ਵਿਚ ਇਕ ਨਵੇਂ ਯੁਗ ਅਤੇ ਨਵੇਂ ਮੋੜ ਦਾ ਆਰੰਭ ਕੀਤਾ। ਸ਼ਾਂਤਮਈ ਸਿਖਰ ਤੋਂ ਬਾਦ ਇਸ ਨਵੇਂ ਮੋੜ ਦਾ ਦਿਸ਼ਾ ਨਿਰਦੇਸ਼ ਗੁਰੂ ਅਰਜਨ ਸਾਹਿਬ ਦੇ ਹੀ ਚੁਕੇ ਸਨ। ਗੁਰੂ ਅਰਜਨ ਸਾਹਿਬ ਦੀ ਸ਼ਾਂਤਮਈ ਸ਼ਹਾਦਤ ਨੇ ਸਿੱਖ ਹਿਰਦਿਆਂ ਨੂੰ ਬੁਰੀ ਤਰ੍ਹਾਂ, ਵਲੂੰਧਰਿਆ। ਉਨ੍ਹਾਂ ਦੇ ਪੁਰਅਮਨ ਜਜ਼ਬੇ ਭੜਕ ਉਠੇ। ਜ਼ੁਲਮ ਅਤੇ ਤਸੀਹੇ ਸਿੱਖ ਲਹਿਰ ਦੇ ਭਵਿਖ ਦੇ ਰਾਹ ਨੂੰ ਵੇਖ ਰਹੇ ਸਨ। ਦਮਨ, ਡਰਾਵੇ, ਜੁਰਮਾਨੇ, ਗਰਿਫ਼ਤਾਰੀਆਂ, ਬੰਦਸ਼ਾਂ, ਕਤਲੇਆਮ, ਘਲੂਘਾਰੇ, ਤਸੀਹੇ, ਫਾਂਸੀਆਂ ਨਵੇਂ ਰਾਹ ਦੇ ਨਵੇਂ ਨਵੇਂ ਮੀਲ ਪੱਥਰ ਸਨ। ਇਸ ਰਾਹ ਉਤੇ ਤੁਰਨ ਲਈ ਕੌਮ ਨੂੰ ਜਥੇਬੰਦ ਕਰਕੇ ਸ਼ਸਤਰਬਧ ਕਰਨਾ ਵਕਤ ਦੀ ਲੋੜ ਸੀ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਮੁਰਤਜ਼ਾ ਖਾਨ ਨੂੰ ਪੰਜਾਬ ਦੇ ਰਾਜਸੀ ਸੀਨ ਤੋਂ ਹਟਾ ਲਿਆ ਗਿਆ ਤਾਂ ਕਿ ਉਹ ਲੋਕਾਂ ਦੇ ਵਿਵਾਦ ਦਾ ਕੇਂਦਰ ਨਾ ਬਣੇ ਅਤੇ ਹਕੂਮਤ ਪੰਜਾਬ ਨਾਲ ਨਵੇਂ ਸਿਰਿਉਂ ਪਰਿਸਥਿਤੀਆਂ ਅਨੁਸਾਰ ਸਿਝ ਸਕੇ। ਇਹ ਇਕ ਪ੍ਰਕਾਰ ਨਾਲ ਲੋਕਾਂ ਨੂੰ ਭਰੋਸੇ ਵਿਚ ਲੈਣ ਦਾ ਸੰਕੇਤ ਸੀ ਕਿ ਹਕੂਮਤ ਪੰਜਾਬ ਬਾਰੇ ਨਵੀਂ ਨੀਤੀ ਅਪਣਾਏਗੀ। ਜਹਾਂਗੀਰ ਨੇ ਭਾਵੇਂ ਗੁਰੂ ਅਰਜਨ ਸਾਹਿਬ ਦਾ ਘਰ ਘਾਟ ਅਤੇ ਬਾਲ ਬੱਚਾ ਮੁਰਤਜ਼ਾ ਖਾਨ ਦੇ ਹਵਾਲੇ ਕਰਨ ਦਾ ਹੁਕਮ ਕੀਤਾ ਸੀ ਪਰ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਇਹ ਗੱਲ ਇਥੇ ਹੀ ਠੱਪ ਦਿਤੀ ਗਈ ਅਤੇ ਮੁਰਤਜ਼ਾ ਖਾਨ ਦੀ ਥਾਂ ਸੈਦ ਖਾਨ ਨੂੰ ਪੰਜਾਬ ਦਾ ਗਵਰਨਰ ਲਾਇਆ ਗਿਆ। ਉਸ ਨੂੰ ਵੀ ਦੇਰ ਤਕ ਨਾ ਰੱਖਿਆ ਗਿਆ ਅਤੇ ਸਾਲ ਕੁ ਪਿਛੋਂ ਹੀ ਕੁਲੰਜ ਖਾਨ ਨੂੰ ਉਸ ਦੀ ਥਾਂ ਦੇ ਦਿਤੀ ਗਈ।

ਗੁਰ ਬਿਲਾਸ ਅਨੁਸਾਰ ਜਦੋਂ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੀ ਖਬਰ ਪੁੱਜੀ ਉਦੋਂ ਹਰਿਗੋਬਿੰਦ ਜੀ ਗੁਰੂ ਗ੍ਰੰਥ ਸਾਹਿਬ ਵਾਲੇ ਕਮਰੇ (ਕੋਠਾ ਸਾਹਿਬ) ਵਿਚ ਸਨ। ਆਪ ਨੇ ਸਭ ਸੰਗਤ ਨੂੰ ਹੌਂਸਲਾ ਦਿਤਾ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਵਾ ਦਿਤਾ ਤਾਂ ਕਿ ਆਉਂਦੀਆਂ ਜਾਂਦੀਆਂ ਸੰਗਤਾਂ ਗੁਰਬਾਣੀ ਸੁਣਨ। ਬਾਰਾਂ ਦਿਨ ਬਾਦ ਦੀਵਾਨ ਸਜੇ ਤਾਂ ਮਸੰਦ ਪਰੰਪਰਾਗਤ ਸੇਲੀ ਟੋਪੀ ਲੈ ਕੇ ਆਏ ਤਾਂ ਕਿ ਗੁਰੂ ਹਰਿਗੋਬਿੰਦ ਜੀ ਨੂੰ ਵਿਧੀਵਤ ਗੁਰਗੱਦੀ ਉਤੇ ਸਥਾਪਤ ਕੀਤਾ ਜਾਵੇ। ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ-ਇਹ ਵਸਤਾਂ ਹੁਣ ਤੋਸ਼ੇਖਾਨੇ ਵਿਚ ਰਖ ਦਿਓ। ਬਦਲੇ ਹੋਏ ਹਾਲਾਤ ਵਿਚ

ਇਹ ਕਾਫ਼ੀ ਨਹੀਂ। ਸੇਲੀ ਦੀ ਥਾਂ ਹੁਣ ਮੈਂ ਤਲਵਾਰ ਵਾਸਤੇ ਗਾਤਰਾ ਪਹਿਣਾਂਗਾ ਅਤੇ ਫਕੀਰਾਨਾ ਟੋਪੀ ਦੀ ਥਾਂ ਹੁਣ ਕਲਗੀ ਸਮੇਤ ਸ਼ਾਹੀ ਠਾਠ ਵਾਲੀ ਦਸਤਾਰ ਸਜਾਵਾਂਗਾ। ਆਗਿਆ ਅਨੁਸਾਰ ਬਾਬਾ ਬੁੱਢਾ ਜੀ ਨੇ ਆਪ ਨੂੰ ਦੋ ਤਲਵਾਰਾਂ ਸਜਾ ਦਿਤੀਆਂ। ਚੰਨ ਸੂਰਜ ਗੁਰੂ ਸਾਹਿਬ ਦੇ ਜਲਾਲ ਅਗੇ ਫਿਕੇ ਪੈ ਰਹੇ ਸਨ। ਇਕ ਪਾਸੇ ਅਜ਼ਮਤ ਦੀ ਤਲਵਾਰ ਦੂਜੇ ਪਾਸੇ ਜ਼ੁਲਮ ਖਿਲਾਫ਼ ਸੰਘਰਸ਼ ਦੀ। ਢਾਡੀ ਮੀਰ ਅਬਦੁਲ ਅਤੇ ਨੱਥ ਮਲ ਨੇ ਆਪ ਦੀ ਸ਼ਾਨ ਤੇ ਜਸ ਦਾ ਗਾਇਣ ਵਾਰ ਗਾ ਕੇ ਕੀਤਾ ਜਿਸ ਦੀਆਂ ਕੁਝ ਟੂਕਾਂ ਇਸ ਪ੍ਰਕਾਰ ਹਨ :

1. ਛੱਬ ਬਰਨੀ ਨਹਿ ਜਾਇ ਕਹੌ ਕਿਆ ਗਾਇਕੈ।
ਰਵਿ ਸਸਿ ਭਏ ਮਲੀਨ ਸੁ ਦਰਸ ਦਿਖਾਇ ਕੈ।
ਸ੍ਰੀ ਗੁਰੂ ਤਖਤ ਬਿਰਾਜੇ ਪ੍ਰਭੂ ਧਿਆਇ ਕੈ।
ਮੀਰ ਅਬਦੁਲ ਔ ਨੱਥ ਜਸ ਕਹੈ ਬਣਾਇ ਕੈ।[1]

2. ਦੋ ਤਲਵਾਰੀ ਬੱਧੀਆਂ ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਫਕੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ ਦਰਵਾਜ਼ਾ ਬਲਖ ਬਖੀਰ ਜੀ।
ਕੱਟ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਾਗੀਰ ਜੀ।

ਤਖਤ ਨਸ਼ੀਨੀ ਸਮੇਂ ਜੁੜੀ ਸੰਗਤ ਨੂੰ ਸੰਬੋਧਤ ਹੁੰਦੇ ਹੋਏ ਗੁਰੂ ਸਾਹਿਬ ਨੇ ਆਖਿਆ ''ਅੱਜ ਤੋਂ ਮੇਰੀ ਪਿਆਰੀ ਭੇਟਾ ਵਧੀਆ ਸ਼ਸਤਰ ਅਤੇ ਚੰਗੀ ਜਵਾਨੀ ਹੋਵੇਗੀ। ਮੇਰੀ ਖੁਸ਼ੀ ਇਸੇ ਵਿਚ ਹੈ ਕਿ ਤੁਸੀਂ ਵਰਜਿਸ਼ ਕਰੋ, ਕੁਸ਼ਤੀਆਂ ਲੜੋ, ਗਤਕਾ ਖੇਡੋ, ਜੰਗਲਾਂ ਵਿਚ ਜਾ ਕੇ ਸ਼ਿਕਾਰ ਕਰੋ। ਘੋੜ ਸਵਾਰੀ ਸਿਖੋ। ਕਮਜ਼ੋਰੀ ਨਾਕਾਬਲੇ ਮੁਆਫ਼ੀ ਗੁਨਾਹ ਹੈ। ਤੁਸੀਂ ਇਸ ਲਈ ਤਲਵਾਰ ਫੜਨੀ ਹੈ ਕਿ ਅਗੇ ਲਈ ਜ਼ਾਲਮ ਜ਼ੁਲਮ ਦੀ ਤਲਵਾਰ ਚਲਾਣ ਦੀ ਹਿੰਮਤ ਨਾ ਕਰ ਸਕੇ।...ਤੁਸੀਂ ਦੂਰ ਦੂਰ ਤੋਂ ਇਥੇ ਆ ਕੇ ਜੁੜੇ ਹੋ। ਤੁਹਾਡੀ ਅਤੇ ਮੇਰੀ ਹੀ ਨਹੀਂ ਸਾਰੇ ਸੰਸਾਰ ਦੀ ਰੂਹਾਨੀ ਸ਼ਾਂਤੀ ਖੋਹ ਲਈ ਗਈ ਹੈ। ਜਿੰਨੀ ਦੇਰ ਤਕ ਜ਼ੁਲਮ ਨਹੀਂ ਮੁਕਦਾ ਸਾਡੀ ਤਲਵਾਰ ਚਲਦੀ ਰਹੇਗੀ।... ਤੁਸੀਂ ਪਿੰਡ ਪਿੰਡ ਫਿਰ ਜਾਓ। ਦਿਨ ਰਾਤ ਇਕ ਕਰ ਦਿਓ। ਭਾਂਬੜ ਮਚਾ ਦਿਓ। ਲੋਕਾਂ ਨੂੰ ਆਖੋ ਕਿ ਗੁਰੂ ਨੂੰ ਤੁਹਾਡੀ ਜਵਾਨੀ ਦੀ ਲੋੜ ਹੈ। ਮਰਨ ਲਈ ਤਿਆਰ ਹੋਵੋ। ਮੌਤ ਤੋਂ ਨਾ ਡਰੋ। ਮੌਤ ਨੂੰ ਵੰਗਾਰੋਗੇ ਤਾਂ ਮੌਤ ਦਾ ਡਰ ਨਹੀਂ ਰਹੇਗਾ। ਘਬਰਾਓ ਨਹੀਂ। ਘਬਰਾਹਟ ਗੁਲਾਮ ਜ਼ਿਹਨੀਅਤ ਨੂੰ ਹੁੰਦੀ ਹੈ, ਬੇਅਣਖੇ ਬੰਦੇ ਨੂੰ ਹੁੰਦੀ ਹੈ। ਸਿਰ ਉਠਾ ਕੇ ਤੁਰੋਗੇ ਤਾਂ ਘਬਰਾਹਟ ਨਹੀਂ ਰਹੇਗੀ। ਦੁਨਿਆਵੀ ਸ਼ਹਿਨਸ਼ਾਹਾਂ ਦੇ ਡਰ ਉਨ੍ਹਾਂ ਨੂੰ ਹੁੰਦੇ ਹਨ ਜੋ ਅਕਾਲ ਪੁਰਖ ਤੋਂ ਟੁਟੇ ਹੋਏ ਹਨ। ਸਭ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਇਕ ਅਕਾਲ ਪੁਰਖ ਦੀ ਓਟ ਆਸਰਾ ਲਵੋਗੇ ਤਾਂ ਸਾਰੇ ਡਰ ਮੁਕ ਜਾਣਗੇ।... ਇਹ ਸੋਚ ਕੇ ਨਾ ਡਰੋ ਕਿ ਤੁਸੀਂ ਥੋੜ੍ਹੇ ਹੋ। ਤੁਸੀਂ ਇਕ ਚਸ਼ਮੇ ਦੀ ਨਿਆਈਂ ਹੋ। ਜ਼ੋਰ ਜਬਰ ਖਿਲਾਫ ਟੱਕਰ ਦੇ ਚਸ਼ਮੇ ਹੋ ਤੁਸੀਂ ਸਾਰੇ। ਹਰ ਦਰਿਆ ਨਿਕੇ ਜਹੇ ਚਸ਼ਮੇ ਤੋਂ ਹੀ

1. ਗੁਰ ਬਿਲਾਸ, (1972) ਪੰਨਾ 227

ਜਨਮ ਲੈਂਦਾ ਹੈ ਅਤੇ ਫਿਰ ਸਮਾਂ ਆਉਂਦਾ ਹੈ ਜਦੋਂ ਇਸ ਤੋਂ ਬਣੇ ਵੇਗਵਾਨ ਦਰਿਆ ਅਗੇ ਵਡੇ ਵਡੇ ਰੁਖ ਤੇ ਪਥਰ ਵੀ ਕਖ ਕਾਣ ਵਾਂਗ ਰੁੜ੍ਹ ਜਾਂਦੇ ਹਨ। ਇਕਠੇ ਹੋ ਕੇ ਤੁਰੋਗੇ ਤਾਂ ਤੁਸੀਂ ਹੜ੍ਹ ਲਿਆ ਦਿਓਗੇ। ਬੇਜਾਨ ਲੱਕੜ ਦੀ ਇਕ ਤੀਲੀ ਜੰਗਲ ਫੂਕ ਸਕਦੀ ਹੈ। ਤੁਸੀਂ ਤਾਂ ਇਨਸਾਨ ਹੋ। ਅੱਗ ਅਤੇ ਸੇਕ ਨਾਲ ਭਰੇ ਉਹ ਇਨਸਾਨ ਜਿਨ੍ਹਾਂ ਦਾ ਕਲੇਜਾ ਤੱਤੀਆਂ ਤਵੀਆਂ ਉਤੇ ਸਾੜਿਆ ਗਿਆ ਹੈ।''

ਫਿਰ ਆਪ ਨੇ ਕਵੀਆਂ ਅਤੇ ਢਾਡੀਆਂ ਨੂੰ ਵੰਗਾਰਿਆ, ''ਤੁਸੀਂ ਕੋਮ ਨੂੰ ਸੂਰਬੀਰਾਂ ਦੇ ਇਤਿਹਾਸ ਨਾਲ ਜੋੜੋ। ਕੁਵੇਲੇ ਦਾ ਰਾਗ ਬੰਦ ਕਰੋ। ਕਵੀ ਐਸੀਆਂ ਰਚਨਾਵਾਂ ਲਿਖਣ ਕਿ ਜਬਰ ਜ਼ੁਲਮ ਖਿਲਾਫ ਉਠੀ ਇਸ ਲਹਿਰ ਲਈ ਲੋਕ ਇਉਂ ਆ ਜੁੜਣ ਜਿਵੇਂ ਸ਼ਮ੍ਹਾਂ ਉਤੇ ਪਰਵਾਨੇ ਆ ਜੁੜਦੇ ਹਨ। ਪੜ੍ਹ ਕੇ ਲੋਕਾਂ ਦਾ ਖੂਨ ਖੋਲ ਉਠੇ। ਸੁਤੀਆਂ ਜਵਾਨੀਆਂ ਜਾਗ ਉਠਣ। ਢਾਡੀ ਐਸੀਆਂ ਸੁਰਾਂ ਛੇੜਣ ਕਿ ਸੰਗਤਾਂ ਵਿਚ ਜੂਝ ਮਰਨ ਦਾ ਚਾਅ ਪੈਦਾ ਹੋ ਜਾਵੇ।''

ਆਪ ਦੀ ਵੰਗਾਰ ਦੇ ਉਤਰ ਵਿਚ ਪਹਿਲਾਂ 52 ਸੂਰਮਿਆਂ ਨੇ ਆਪਣੀ ਜਵਾਨੀ ਭੇਟ ਕੀਤੀ। ਇਹ ਸਾਰੇ ਆਪ ਨੇ ਆਪਣੇ ਅੰਗ-ਰਖਿਅਕ ਵਾਂਗ ਨਿਜੀ ਨਿਗਰਾਨੀ ਵਿਚ ਰੱਖ ਲਏ। ਵੇਖਦੇ ਹੀ ਵੇਖਦੇ 400 ਹੋਰ ਸੂਰਬੀਰਾਂ ਨੇ ਆਪਣਾ ਜੀਵਨ ਆਪ ਅਗੇ ਅਰਪਿਤ ਕਰ ਦਿਤਾ। ਸਭ ਨੇ ਇਹੀ ਆਖਿਆ ਕਿ ਸਾਡੇ ਪਾਸ ਆਪ ਨੂੰ ਭੇਟ ਕਰਨ ਲਈ ਇਸ ਸਿਰ ਤੋਂ ਸਿਵਾ ਹੋਰ ਕੁਝ ਨਹੀਂ। ਗੁਰੂ ਸਾਹਿਬ ਨੇ ਇਨ੍ਹਾਂ ਦੇ ਸੋ ਸੋ ਦੇ ਚਾਰ ਜਥੇ ਬਣਾ ਕੇ ਭਾਈ ਬਿਧੀ ਚੰਦ, ਭਾਈ ਪੈੜਾ ਜੀ, ਭਾਈ ਜੇਠਾ ਜੀ, ਤੇ ਭਾਈ ਪਿਰਾਣਾ ਜੀ ਨੂੰ ਇਨ੍ਹਾਂ ਦੀ ਅਗਵਾਈ ਸੋਂਪੀ। ਸੋ ਇਹੀ ਸਿਖ ਸੈਨਾਂ ਦੇ ਪਹਿਲੇ ਚਾਰ ਸੈਨਾਪਤੀ ਬਣੇ :

ਬਿਧੀਆ ਪੈੜਾ ਔਰ ਪਿਰਾਣਾ।
ਚੋਥਾ ਜੇਠਾ ਕਹੋ ਬਖਾਣਾ।
ਸਹਸ ਸਹਸ ਤਾਬਿਆ ਇਨ ਦੀਏ।
ਚਾਰੋਂ ਸਿਖ ਸੈਨਾਪਤਿ ਕੀਏ।[1]

ਸੰਗਤਾਂ ਨੂੰ ਲਲਕਾਰਦੇ ਹੋਏ ਆਪ ਨੇ ਕਿਹਾ, "ਅਜ ਤੋਂ ਤੁਸੀਂ ਕੇਵਲ ਸਚੇ ਤਖਤ ਅਗੇ ਆਪਣਾ ਸਿਰ ਝੁਕਾਣਾ ਹੈ। ਕਿਸੇ ਝੂਠੇ ਦੁਨਿਆਵੀ ਤਖਤ ਅਗੇ ਨਹੀਂ।'' ਇਹ ਆਖ ਕੇ ਆਪ ਨੇ 5 ਹਾੜ 1663 ਬਿਕਰਮੀ (1606 ਈ.) ਨੂੰ ਅਕਾਲ ਤਖਤ ਦੀ ਨੀਂਹ ਆਪਣੇ ਹੱਥੀਂ ਰੱਖੀ। ਦੋ ਮਹਾਨ ਬ੍ਰਹਮ ਗਿਆਨੀਆਂ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਨੇ ਇਸ ਦੀ ਉਸਾਰੀ ਕੀਤੀ। ਕਿਸੇ ਰਾਜ ਨੂੰ ਹੱਥ ਨਾ ਲਾਣ ਦਿਤਾ ਗਿਆ :

ਕਿਸੀ ਰਾਜ ਨਹਿ ਹਾਥ ਲਗਾਇਓ।
ਬੁਢਾ ਅਰ ਗੁਰਦਾਸ ਬਣਾਇਓ।[2]

1. ਕਥਾ ਪੁਰਾਤਨ ਇਉਂ ਸੁਣੀ, ਸਤਿਬੀਰ ਸਿੰਘ, ਜਲੰਧਰ, 1991, ਪੰ. 59
2. ਗੁਰ ਬਿਲਾਸ (1972) ਪੰ. 224

ਵੀਹ ਦਿਨਾਂ ਵਿਚ ਇਸ ਤਖਤ ਦੀ ਸਥਾਪਨਾ ਹੋ ਗਈ। ਗੁਰੂ ਸਾਹਿਬ ਢਾਲ, ਤਲਵਾਰਾਂ, ਕਲਗੀ ਅਤੇ ਬਾਜੂਬੰਦ ਆਦਿ ਸਜਾ ਕੇ ਇਥੇ ਬਿਰਾਜਦੇ। ਅਕਾਲ ਤਖਤ ਦੀ ਮਰਿਆਦਾ ਅਤੇ ਸੰਭਾਲ ਲਈ ਭਾਈ ਗੁਰਦਾਸ ਜੀ ਲਾਏ ਗਏ।

ਗੁਰੂ ਜੀ ਦੇ ਰੋਜ਼ਾਨਾ ਪ੍ਰੋਗਰਾਮ ਵਿਚ ਭਗਤੀ ਅਤੇ ਸ਼ਕਤੀ ਦੋਹਾਂ ਦਾ ਸੁੰਦਰ ਸੁਮੇਲ ਸੀ। ਅੰਮ੍ਰਿਤ ਵੇਲੇ ਜਾਗਦੇ। ਪਹਿਲਾਂ ਮਾਤਾ ਜੀ ਨੂੰ ਸੀਸ ਨਿਵਾ ਕੇ ਆਸ਼ੀਰਵਾਦ ਲੈਂਦੇ। ਫਿਰ ਇਸ਼ਨਾਨ ਕਰ ਕੇ ਪਾਠ ਕਰਦੇ। ਆਪ ਨੇ ਸਭ ਸੇਵਕਾਂ ਨੂੰ ਹੁਕਮ ਦੇ ਰਖਿਆ ਸੀ ਕਿ ਕੁਝ ਵੀ ਹੋਵੇ ਪਾਠ ਕਰਦੇ ਸਮੇਂ ਉਨ੍ਹਾਂ ਨੂੰ ਨਾ ਬੁਲਾਇਆ ਜਾਵੇ। ਪਾਠ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਸੁਣਨ ਲਈ ਆਪ ਦਰਬਾਰ ਸਾਹਿਬ ਆ ਜਾਂਦੇ। ਦਿਨ ਚੜ੍ਹੇ ਭੋਗ ਪੈਂਦਾ ਤੇ ਕਥਾ ਹੁੰਦੀ। ਕਥਾ ਗੁਰੂ ਜੀ ਆਪ ਕਰਦੇ। ਆਨੰਦ ਸਾਹਿਬ ਦੇ ਪਾਠ ਉਪਰੰਤ ਕੜਾਹ ਪ੍ਰਸ਼ਾਦ ਵਰਤਦਾ। ਫਿਰ ਕੀਰਤਨ ਆਰੰਭ ਹੋ ਜਾਂਦਾ। ਜਦ ਕੀਰਤਨ ਦੀ ਤੀਜੀ ਚੌਂਕੀ ਆਰੰਭ ਹੁੰਦੀ ਤਾਂ ਆਪ ਸੰਗਤ ਸਮੇਤ ਪ੍ਰਸ਼ਾਦ ਛਕਣ ਲੰਗਰ ਵਿਚ ਚਲੇ ਜਾਂਦੇ। ਚਾਰ ਘੜੀ ਆਰਾਮ ਉਪਰੰਤ ਆਪ ਸ਼ਿਕਾਰ ਨੂੰ ਨਿਕਲਦੇ। ਚਾਰ ਸੌ ਸਵਾਰ ਨਾਲ ਹੁੰਦੇ। ਸ਼ਾਮ ਨੂੰ ਤਖਤ ਤੇ ਬਿਰਾਜਦੇ। ਲੋੜ ਅਨੁਸਾਰ ਸੰਗਤਾਂ ਅਤੇ ਸੈਨਿਕਾਂ ਨੂੰ ਹੁਕਮ ਦਿੰਦੇ। ਲੋਕਾਂ ਦੇ ਦੁਖ ਤਕਲੀਫਾਂ ਸੁਣਦੇ। ਉਲਝੇ ਮਾਮਲੇ ਨਿਬੇੜਦੇ। ਫਿਰ ਸੋਦਰ ਦੀ ਚੌਂਕੀ ਸਰਵਣ ਕਰਨ ਲਈ ਦਰਬਾਰ ਸਾਹਿਬ ਹਾਜ਼ਿਰ ਹੁੰਦੇ। ਪੰਚਮ ਚੌਂਕੀ ਕਾਨੜਾ ਦੀ ਵਾਰ ਦੀ ਹੁੰਦੀ। ਸੋਹਿਲੇ ਦਾ ਪਾਠ ਸੁਣ ਮਹਿਲਾਂ ਨੂੰ ਬਿਸਰਾਮ ਕਰਨ ਤੁਰਦੇ ਅਤੇ ਉਥੇ ਆਪ ਸੋਹਿਲੇ ਦੇ ਪਾਠ ਉਪਰੰਤ ਬਿਸਰਾਮ ਕਰਦੇ।

ਗੁਰੂ ਸਾਹਿਬ ਨਿਤ ਸੰਗਤਾਂ ਨੂੰ ਵੀ ਇਹੀ ਹੁਕਮ ਦਿੰਦੇ ਅਤੇ ਦੇਸ਼ ਵਿਦੇਸ਼ ਵਿਚ ਵੀ ਇਹੀ ਸੰਦੇਸ਼ ਭੇਜਦੇ ਕਿ ਗੁਰੂ ਘਰ ਨੂੰ ਜੋ ਭੇਟ ਵੀ ਭੇਜਣ ਉਹ ਸ਼ਸਤਰਾਂ, ਘੋੜਿਆਂ ਜਾਂ ਅਜੇਹੇ ਸਾਮਾਨ ਦੇ ਰੂਪ ਵਿਚ ਭੇਜਣ ਜੋ ਬਦਲ ਰਹੇ ਹਾਲਾਤ ਵਿਚ ਵਰਤਿਆ ਜਾ ਸਕੇ। ਆਪ ਸਭ ਨੂੰ ਕਹਿੰਦੇ, "ਗੁਲਾਮੀ ਦੀ ਜ਼ਿੰਦਗੀ ਨਾਲੋਂ ਅਣਖ ਦੀ ਮੌਤ ਚੰਗੀ ਹੈ। ਗੁਰੂ ਅਰਜਨ ਦੇਵ ਜੀ ਨੇ ਹਕੂਮਤ ਨੂੰ ਜੁਰਮਾਨਾ ਭਰਨ ਤੋਂ ਨਾਂਹ ਕਰ ਕੇ ਅਤੇ ਗੁਰਮਤਿ ਸਿਧਾਂਤਾਂ ਉਤੇ ਪਹਿਰਾ ਦਿੰਦੇ ਹੋਏ ਬਗਾਵਤ ਦਾ ਜੋ ਝੰਡਾ ਖੜ੍ਹਾ ਕੀਤਾ ਹੈ, ਉਸ ਬਗਾਵਤ ਨੂੰ ਅਸੀਂ ਜਾਰੀ ਰਖਣਾ ਹੈ। ਇੰਜ ਅਸੀਂ ਆਪ ਮਰ ਕੇ ਨਹੀਂ ਜ਼ਾਲਮ ਨੂੰ ਮਾਰ ਕੇ ਕਰਨਾ ਹੈ। ਜ਼ਾਲਮ ਹਕੂਮਤ ਤਾਕਤ ਦੀ ਜ਼ਬਾਨ ਹੀ ਸਮਝਦੀ ਹੈ, ਸ਼ਾਂਤੀ ਦੀ ਨਹੀਂ। ਤੁਸੀਂ ਆਪਣੇ ਅੰਦਰ ਉਹ ਅੱਗ ਪੈਦਾ ਕਰੋ ਜੋ ਜ਼ਾਲਮ ਸਾਮਰਾਜ ਨੂੰ ਸਾੜ ਕੇ ਸੁਆਹ ਕਰ ਦੇਵੇ। ਤੁਸੀਂ ਧਰਮ ਹਿਤ ਲੜਣ ਵਾਲੇ ਮਰਜੀਵੜੇ ਹੋ। ਧਰਮੀ ਦੀ ਸਦਾ ਜਿਤ ਹੁੰਦੀ ਹੈ। ਤੁਹਾਡੀ ਟੱਕਰ ਜ਼ਰ-ਖਰੀਦ ਬੰਦਿਆਂ ਨਾਲ ਹੋਣੀ ਹੈ। ਪੈਸੇ ਲਈ ਲੜਣ ਵਾਲਿਆਂ ਦੇ ਪੈਰ ਛੇਤੀ ਥਿੜਕ ਜਾਂਦੇ ਹਨ। ਇਸ ਲਈ ਫਤਹਿ ਤੁਹਾਡੀ ਹੀ ਹੋਣੀ ਹੈ। ਅਜ ਮੈਂ ਸ਼ਸਤਰ ਧਾਰਨ ਕੀਤੇ ਹਨ। ਕਲ੍ਹ ਤੁਸੀਂ ਕਰਨੇ ਹਨ। ਕਲ੍ਹ ਤਕ ਤੁਸੀਂ ਸੰਤ ਸੀ। ਅੱਜ ਤੁਸੀਂ ਸੰਤ ਸਿਪਾਹੀ ਹੋ। ਧਰਮ ਦਾ ਪੱਲਾ ਕਦੇ ਨਾ ਛੱਡਣਾ। ਅਧਰਮ ਦਾ ਨਾਸ ਕਰਨ ਲਈ ਤਤਪਰ ਰਹਿਣਾ। ਭੈ ਸਿਰਫ ਅਕਾਲ ਪੁਰਖ ਦਾ ਰੱਖਣਾ। ਕਿਸੇ ਸੰਸਾਰੀ ਬੰਦੇ ਦਾ ਭੈਅ ਨਾ ਮੰਨਣਾ। ਅੱਜ ਤੋਂ ਮੁਗਲ ਸਰਕਾਰ ਨੂੰ ਕੋਈ ਅਦਾਇਗੀ ਨਹੀਂ

ਕਰਨੀ। ਸ਼ਾਹੀ ਹਾਕਮ ਗਰੀਬਾਂ ਨੂੰ ਲੁਟ ਲੁਟ ਕੇ ਐਸ਼ ਕਰ ਰਹੇ ਹਨ ਅਤੇ ਦਿਨ ਰਾਤ ਮਿਹਨਤ ਕਰਨ ਵਾਲਿਆਂ ਨੂੰ ਰੋਟੀ ਵੀ ਨਹੀਂ ਮਿਲਦੀ। ਤੁਹਾਡੀ ਤਾਕਤ ਦੇ ਮੁਕਾਬਲੇ ਵਿਚ ਸਰਕਾਰ ਦੀ ਤਾਕਤ ਕਮਜ਼ੋਰ ਹੈ। ਉਹ ਵਧ ਤੋਂ ਵਧ ਤੁਹਾਡੀ ਜਾਨ ਲੈ ਸਕਦੀ ਹੈ, ਪਰ ਜਿਸ ਨੇ ਜਾਨ ਪਹਿਲਾਂ ਹੀ ਤਲੀ ਉਤੇ ਰਖੀ ਹੋਵੇ, ਉਸ ਦਾ ਕੋਈ ਕੀ ਵਿਗਾੜ ਸਕਦਾ ਹੈ। ਮਰਨਾ ਤਾਂ ਸਭ ਨੇ ਹੈ। ਪਰ ਹੱਕ ਸਚ ਲਈ ਮਰਨ ਵਾਲੇ ਦਾ ਨਾਮ ਸਦਾ ਕਾਇਮ ਰਹਿੰਦਾ ਹੈ। ਜੋ ਬਗਾਵਤ ਅਸੀਂ ਆਰੰਭੀ ਹੈ ਇਹ ਨਵੀਂ ਨਹੀਂ। ਇਸ ਦੀ ਸ਼ੁਰੂਆਤ ਗੁਰੂ ਨਾਨਕ ਨੇ ਆਪ ਕੀਤੀ ਸੀ। ਜਹਾਂਗੀਰ ਦੇ ਵਡੇ ਵਡੇਰੇ ਇਸ ਦੇਸ਼ ਦੇ ਵਾਸੀ ਨਹੀਂ ਸਨ। ਉਨ੍ਹਾਂ ਕਾਬਲ ਤੋਂ ਪਾਪ ਦੀ ਜੰਞ ਚਾੜ੍ਹ ਕੇ ਲਿਆਂਦੀ ਅਤੇ ਇਸ ਦੇਸ਼ ਉਤੇ ਕਾਬਜ ਹੋ ਗਏ। ਬਾਬਰ ਦੇ ਇਨ੍ਹਾਂ ਜ਼ੁਲਮਾਂ ਨੂੰ ਵੇਖ ਕੇ ਹੀ ਗੁਰੂ ਨਾਨਕ ਨੇ ਕਿਹਾ ਸੀ ਕਿ ਸੂਰਮਾਂ ਸੂਰਮੇ ਨੂੰ ਮਾਰੇ ਤਾਂ ਕੋਈ ਗੱਲ ਵੀ ਹੈ। ਸੂਰਮੇ ਨੂੰ ਨਿਰਦੋਸ਼ ਅਤੇ ਨਿਹੱਥੇ ਲੋਕਾਂ ਉਤੇ ਤਾਕਤ ਵਰਤਨ ਦਾ ਕੋਈ ਮਤਲਬ ਨਹੀਂ। ਅੱਜ ਤੋਂ ਤੁਸੀਂ ਪਰਾਧੀਨ ਨਹੀਂ, ਸਵਾਧੀਨ ਹੋ। ਗੁਰੂ ਤੁਹਾਡੇ ਅੰਗ ਸੰਗ ਹੈ। ਸਦਾ ਆਪਣੇ ਆਪ ਨੂੰ ਗੁਰੂ ਦੇ ਸੈਨਿਕ ਸਮਝ ਕੇ ਜ਼ੁਲਮ ਨਾਲ ਟੱਕਰ ਲਓ। ਆਪਣੀ ਜ਼ਿੰਦਗੀ ਹਮੇਸ਼ਾ ਗੁਰੂ ਘਰ ਦੀ ਅਮਾਨਤ ਸਮਝੋ।

ਗੁਰੂ ਸਾਹਿਬ ਦੇ ਇਨ੍ਹਾਂ ਸੰਦੇਸ਼ਾਂ ਦੀ ਚਰਚਾ ਗੁਰ ਬਿਲਾਸ ਵਿਚ ਬੜੇ ਵਿਸਤਾਰ ਨਾਲ ਅੰਕਿਤ ਹੈ। ਇਨ੍ਹਾਂ ਸੰਦੇਸ਼ਾਂ ਨਾਲ ਦਬੇ ਕੁਚਲੇ ਨੀਵੇਂ ਤੇ ਲਿਤਾੜੇ ਲੋਕ ਗੁਰੂ ਜੀ ਦੁਆਲੇ ਪਰਵਾਨਿਆਂ ਵਾਂਗ ਆ ਜੁੜੇ। ਚਾਰ ਸੌ ਸੈਨਿਕ ਤਾਂ ਉਨ੍ਹਾਂ ਬਾਕਾਇਦਾ ਤਨਖਾਹ ਦੇ ਕੇ ਭਰਤੀ ਕਰ ਲਿਆ। ਇਹ ਸੂਰਮੇ ਰੋਜ਼ ਗੁਰੂ ਸਾਹਿਬ ਦੀ ਅਗਵਾਈ ਵਿਚ ਸ਼ਿਕਾਰ ਖੇਡਣ ਜਾਂਦੇ ਅਤੇ ਜੰਗਲੀ ਜਾਨਵਰਾਂ ਨਾਲ ਲੜ ਕੇ ਲੜਾਈ ਦਾ ਅਭਿਆਸ ਕਰਦੇ। ਇਸ ਤਰ੍ਹਾਂ ਨੇਜ਼ਾ ਬਾਜ਼ੀ, ਤੀਰ ਅੰਦਾਜ਼ੀ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਹੁੰਦਾ। ਸ਼ਿਕਾਰ ਨਾਲ ਉਨ੍ਹਾਂ ਨੂੰ ਆਪਣੇ ਸੂਰਬੀਰਾਂ ਲਈ ਖੁਰਾਕ ਦਾ ਪ੍ਰਬੰਧ ਕਰਨ ਵਿਚ ਵੀ ਮਦਦ ਮਿਲਦੀ।

ਛੇਤੀ ਹੀ ਗੁਰੂ ਸਾਹਿਬ ਪਾਸ ਸ਼ਸਤਰਾਂ, ਘੋੜਿਆਂ ਅਤੇ ਸੈਨਿਕਾਂ ਦੀ ਥੁੜ ਨਾ ਰਹੀ। ਮੁਹਸਨ ਫ਼ਾਨੀ ਅਨੁਸਾਰ ਆਪ ਦੇ ਤਬੇਲੇ ਵਿਚ ਸਤ ਸੌ ਘੋੜੇ, ਤਿੰਨ ਸੌ ਸਵਾਰ ਤੇ ਸਠ ਤੋਪਚੀ ਸਦਾ ਤਿਆਰ ਬਰ ਤਿਆਰ ਰਹਿੰਦੇ। ਹਕੂਮਤ ਦਾ ਸਤਾਇਆ ਹਰ ਦੁਖੀ ਆਦਮੀ ਆਪ ਦੀ ਸ਼ਰਨ ਵਿਚ ਆਉਂਦਾ ਤੇ ਗੁਰੂ ਸਾਹਿਬ ਦੀ ਹਮਦਰਦੀ ਅਤੇ ਸ਼ਰਨ ਪਾ ਕੇ ਉਨ੍ਹਾਂ ਦਾ ਮੁਰੀਦ ਬਣ ਜਾਂਦਾ। ਜੈਸਲਮੇਰ ਦਾ ਰਾਜਪੂਤ ਰਾਜਾ ਰਾਮ ਪ੍ਰਤਾਪ ਇਸ ਦੀ ਮਿਸਾਲ ਹੈ। ਉਸ ਨੂੰ ਜਹਾਂਗੀਰ ਨੇ ਦੁਖੀ ਕਰ ਰੱਖਿਆ ਸੀ। ਉਹ ਗੁਰੂ ਜੀ ਦੀ ਸ਼ਰਨ ਪਿਆ ਤੇ ਗੁਰੂ ਸਾਹਿਬ ਦੇ ਸਨੇਹ ਕਾਰਨ ਉਮਰ ਭਰ ਲਈ ਆਪ ਦਾ ਹੀ ਹੋ ਕੇ ਰਹਿ ਗਿਆ।

ਗੁਰੂ ਸਾਹਿਬ ਸ਼ਾਹਾਨਾ ਠਾਠ ਅਤੇ ਤਾਕਤ ਦੇ ਪ੍ਰਤੀਕ ਬਾਜ਼ ਨਾਲ ਤਖ਼ਤ ਉਤੇ ਬਿਰਾਜਦੇ। ਗੁਰਬਾਣੀ ਕੀਰਤਨ ਦੇ ਨਾਲ ਨਾਲ ਬੀਰ ਰਸੀ ਵਾਰਾਂ ਸੁਣਦੇ। ਭਾਵੇਂ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਉਤੇ ਬੀਰ ਰਸੀ ਵਾਰਾਂ ਦੀਆਂ ਧੁਨੀਆਂ ਗੁਰੂ ਅਰਜਨ ਦੇਵ ਜੀ

ਨੇ ਅੰਕਿਤ ਕਰ ਦਿਤੀਆਂ ਸਨ ਇਨ੍ਹਾਂ ਨੂੰ ਬੀਰ ਰਸੀ ਧੁਨੀਆਂ ਤੇ ਗਾਣ ਦੀ ਪਰੰਪਰਾ ਗੁਰੂ ਹਰਿਗੋਬਿੰਦ ਜੀ ਨੇ ਹੀ ਚਲਾਈ। ਆਪ ਦੇ ਸ਼ਾਹਾਨਾ ਵਰਤਾਰੇ ਤੇ ਜੰਗਜੂ ਵਿਚਾਰਾਂ ਨੂੰ ਵੇਖ ਕੇ ਇਕ ਸਿਖ ਨੇ ਪ੍ਰਸ਼ਨ ਕੀਤਾ ਤਾਂ ਆਪ ਨੇ ਸਪਸ਼ਟ ਕਿਹਾ ਅਸੀਂ ਜ਼ਾਲਮਾਂ ਪਾਸੋਂ ਰਾਜ ਖੋਹ ਕੇ ਗਰੀਬਾਂ ਨੂੰ ਦੇਣਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵਾਰਾਂ ਨੂੰ ਵੀਰ ਰਸੀ ਅੰਦਾਜ਼ ਨਾਲ ਗਾਉਣ ਨਾਲ ਇਹ ਵਾਰਾਂ ਦੋ ਕੰਮ ਕਰਦੀਆਂ। ਇਕ ਪਾਸੇ ਇਹ ਸੰਗਤਾਂ ਨੂੰ ਆਤਮਕ ਰੰਗ ਵਿਚ ਰੰਗਦੀਆਂ, ਦੂਜੇ ਪਾਸੇ ਧਰਮ ਯੁਧ ਲਈ ਜੋਸ਼ ਪੈਦਾ ਕਰਦੀਆਂ। ਧਰਮ ਦੀ ਰਾਖੀ ਲਈ ਸ਼ਸਤਰ ਅਤੇ ਸਿਆਸਤ ਨੂੰ ਵਰਤਨ ਦੀ ਰੀਤ ਗੁਰੂ ਜੀ ਨੇ ਤੋਰੀ। ਭਾਈ ਗੁਰਦਾਸ ਜੀ ਅਨੁਸਾਰ ਧਰਮ ਦੀ ਰਾਖੀ ਲਈ ਵਾੜ ਲਾਈ ਜਾ ਰਹੀ ਸੀ ਜਿਵੇਂ ਖੇਤਾਂ ਦੀ ਰਾਖੀ ਲਈ ਵਾੜ ਲਾਈ ਜਾਂਦੀ ਹੈ ਅਤੇ ਬਾਗਾਂ ਦੀ ਰਾਖੀ ਲਈ ਕਿੱਕਰ :

ਖੇਤੀ ਵਾੜ ਸੁ ਢਿੰਗਰੀ, ਕਿੱਕਰ ਆਸ ਪਾਸ ਜਿਉਂ ਬਾਗੈ।
ਸਪ ਲਪੇਟੇ ਚੰਨਣੈ, ਬੂਹੇ ਜੰਦਾ ਕੁਤਾ ਜਾਗੈ।

ਗੁਰੂ ਸਾਹਿਬ ਨੇ ਰਾਤ ਦੇ ਵਕਤ ਹਰਿਮੰਦਰ ਸਾਹਿਬ ਦੇ ਚੌਗਿਰਦੇ ਬਿਗਲਾਂ ਦੀ ਗੂੰਜ, ਜੋਤਾਂ ਦੀ ਚਮਕ ਅਤੇ ਉਤੇਜਿਤ ਕਰਨ ਵਾਲੀਆਂ ਧੁਨਾਂ ਵਿਚ ਸ਼ਬਦਾਂ ਦਾ ਗਾਇਣ ਕਰਨ ਦੀ ਪਰੰਪਰਾ ਸ਼ੁਰੂ ਕੀਤੀ। ਸਮੇਂ ਸਮੇਂ ਆਪ ਅਕਾਲ ਤਖਤ ਦੇ ਸਾਹਮਣੇ ਸਿੱਖਾਂ ਦੇ ਸਰੀਰਕ ਜ਼ੋਰ ਨੂੰ ਪਰਖਨ ਲਈ ਮੁਕਾਬਲੇ ਕਰਵਾਂਦੇ। ਇਸ ਨਾਲ ਸਿਖ ਲਹਿਰ ਵਿਚ ਇਕ ਨਵੇਂ ਜੋਸ਼ ਦਾ ਸੰਚਾਰ ਹੋ ਗਿਆ। ਲੋਕ ਵੱਡੀ ਗਿਣਤੀ ਵਿਚ ਆਪ ਨਾਲ ਜੁੜਣ ਲਗੇ। ਉਨ੍ਹਾਂ ਦੀ ਮੰਗ ਵੀ ਕੋਈ ਨਹੀਂ ਸੀ। ਛੇ ਮਹੀਨੇ ਬਾਦ ਇਕ ਕੁੜਤਾ ਅਤੇ ਦੋ ਵੇਲੇ ਦੀ ਲੰਗਰ ਦੀ ਰੁਖੀ ਮਿਸੀ ਰੋਟੀ ਖਾ ਕੇ ਉਹ ਆਪਣੇ ਆਪ ਨੂੰ ਗੁਰੂ ਘਰ ਨੂੰ ਸਮਰਪਿਤ ਕਰ ਦਿੰਦੇ। ਗੁਰੂ ਸਾਹਿਬ ਦਾ ਪ੍ਰੇਮ ਹੀ ਉਨ੍ਹਾਂ ਲਈ ਕਾਫੀ ਸੀ। ਇਕ ਮਿਹਰ ਤੇ ਪਿਆਰ ਦੀ ਨਜ਼ਰ ਹੀ ਉਨ੍ਹਾਂ ਲਈ ਸਭ ਕੁਝ ਸੀ। ਗੁਰੂ ਸਾਹਿਬ ਹਰ ਇਕ ਨੂੰ ਇਕ ਘੋੜਾ ਅਤੇ ਸ਼ਸਤਰ ਬਖਸ਼ਦੇ।

ਇਹ ਸਾਰਾ ਕੁਝ ਸਰਕਾਰ ਨੂੰ ਸਿੱਧਾ ਵੰਗਾਰਨ ਵਾਲੀ ਗੱਲ ਸੀ। ਆਰਾਮ ਦਾ ਜੀਵਨ ਖਿਤਾ ਰਹੇ ਮਸੰਦਾਂ ਲਈ ਇਹ ਚਿੰਤਾ ਦੀ ਗਲ ਸੀ। ਉਹ ਇਕਠੇ ਹੋ ਕੇ ਮਾਤਾ ਜੀ ਕੋਲ ਗਏ ਕਿ ਦੇਖੋ—"ਆਪ ਦੇ ਸਾਹਿਬਜ਼ਾਦੇ ਕੀ ਕਰ ਰਹੇ ਹਨ। ਸ਼ਸਤਰ ਪਹਿਣ ਲਏ ਹਨ। ਗੁਰੂ ਨਾਨਕ ਦੇਵ ਜੀ ਦੀਆਂ ਦਸੀਆਂ ਰੀਤਾਂ ਤਿਆਗ ਰਹੇ ਹਨ। ਜ਼ਾਲਮ ਸਰਕਾਰ ਨਾਲ ਆਢਾ ਲਾ ਰਹੇ ਹਨ।"

ਮਾਤਾ ਜੀ ਨੇ ਕਿਹਾ "ਉਹ ਸਰਬ ਸਮਰਥ ਹਨ ਜੋ ਕਰ ਰਹੇ ਹਨ ਠੀਕ ਹੈ;" :

ਸੁਨਹੁ ਮਾਤ ਤੁਮ ਸੁਤ ਕਿਆ ਕਰੀ।
ਰੀਤ ਗੁਰ ਨਾਨਕ ਨਹਿੰ ਧਰੀ।
ਮਾਤ ਕਹਾ ਇਸ ਨਰ ਨਹੀਂ ਜਾਨੋ।
ਸਤਿ ਪਰਮੇਸ਼ਰ ਨਿਸਚੈ ਮਾਨੋ।[1]

---
1. ਗੁਰ ਬਿਲਾਸ (1972) ਪੰਨਾ 223.

ਉਹ ਸਾਧਾਰਨ ਜੀਵ ਨਹੀਂ ਹਨ। ਅਕਾਲ ਪੁਰਖ ਦੀ ਜੋਤਿ ਹਨ। ਉਹ ਜੋ ਵੀ ਕਰ ਰਹੇ ਹਨ ਅਕਾਲ ਪੁਰਖ ਦੇ ਹੁਕਮ ਨਾਲ ਹੀ ਕਰ ਰਹੇ ਹਨ। ਮਸੰਦ ਚੁੱਪ ਹੋ ਕੇ ਰਹਿ ਗਏ। ਫਿਰ ਵੀ ਕਚੇ ਪਿਲੇ ਲੋਕ ਸਮੇਂ ਸਮੇਂ ਸ਼ੰਕੇ ਪ੍ਰਗਟ ਕਰਦੇ ਰਹਿੰਦੇ। ਕਈ ਇਹ ਵੀ ਕਹਿੰਦੇ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਨਾਨਕ ਵਾਲਾ ਰਾਹ ਛਡ ਦਿਤਾ ਹੈ। ਯਦੂ ਨਾਥ ਸਿਰਕਾਰ ਵਰਗੇ ਅਜੋਕੇ ਭਾਰਤੀ ਇਤਿਹਾਸਕਾਰ ਵੀ ਇਸੇ ਸੋਚਣੀ ਦੇ ਧਾਰਨੀ ਰਹੇ ਹਨ ਅਤੇ ਉਹ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਜੰਗੀ ਰੁਚੀਆਂ ਤੇ ਕਿੰਤੂ ਕਰਦੇ ਰਹੇ ਹਨ। ਅਸਲ ਵਿਚ ਉਹ ਗੁਰੂ ਹਰਿਗੋਬਿੰਦ ਸਾਹਿਬ ਦੀ ਪ੍ਰਤਿਭਾ ਨੂੰ ਸਹੀ ਰੂਪ ਵਿਚ ਸਮਝ ਹੀ ਨਹੀਂ ਸਕੇ। ਉਹ ਗੁਰੂ—ਜੋਤਿ ਦੀ ਨਿਰੰਤਰਤਾ ਨੂੰ ਨਹੀਂ ਸਮਝਦੇ। ਇਸੇ ਲਈ ਉਨ੍ਹਾਂ ਨੂੰ ''ਗੁਰੂ ਨਾਨਕ ਦੀ ਫਕੀਰੀ ਦਾ ਸੀਤਲ ਸੋਮਾ ਫੌਜੀ, ਛਾਉਣੀ ਦੇ ਮਾਰੂਥਲ ਵਿਚ ਗਵਾਚਦਾ ਦਿਸਦਾ ਹੈ।'' ਉਹ ਇਹ ਨਹੀਂ ਸਮਝਦੇ ਕਿ ਇਸ ਫੌਜੀ ਛਾਉਣੀ ਬਿਨਾਂ ਇਸ ਸੋਮੇਂ ਨੇ ਜੋ ਸਦਾ ਸਦਾ ਲਈ ਦਰਿਆ ਵਾਂਗ ਕਾਇਮ ਹੋ ਗਿਆ ਹੈ ਉਦੋਂ ਹੀ ਸੁਕ ਜਾਂਦਾ ਸੀ। ਉਹ ਨਹੀਂ ਸਮਝਦੇ ਕਿ ਗੁਰੂ ਨਾਨਕ ਤਾਂ ਅਕਾਲ ਪੁਰਖ ਨੂੰ ਸਤਿ ਦਾ ਹੀ ਪਰਿਆਇਵਾਚੀ ਮੰਨਦੇ ਹਨ। ਹਕ ਸਚ ਲਈ ਡਟਣਾ ਹੀ ਧਰਮ ਹੈ। ਜਬਰ ਵਿਰੁਧ ਟੱਕਰ ਲੈਣੀ ਗੁਰੂ ਨਾਨਕ ਸਾਹਿਬ ਦਾ ਦਸਿਆ ਰਾਹ ਹੈ। ਕਮਜ਼ੋਰ ਅਤੇ ਗੁਲਾਮ ਦਾ ਕਾਹਦਾ ਧਰਮ ? ਗੁਰੂ ਨਾਨਕ ਆਸਾਂ ਦੀ ਵਾਰ ਵਿਚ ਸਾਫ ਕਹਿੰਦੇ ਹਨ ਕਿ ਅੰਦਰ ਬਹਿ ਕੇ ਪਾਠ ਪੂਜਾ ਕਰਨ ਵਾਲੇ ਨੂੰ ਬਾਹਰ ਜ਼ਾਲਮ ਹਕੂਮਤ ਦੀ ਗੁਲਾਮੀ ਵਿਚ ਆਪਣੇ ਹੀ ਧਰਮ ਦੇ ਖਿਲਾਫ ਗਊ ਬ੍ਰਾਹਮਣ ਨੂੰ ਕਰ ਲਾਣਾ ਪੈਂਦਾ ਹੈ। ਉਨ੍ਹਾਂ ਦਾ ਹੀ ਧਾਨ ਖਾਣ ਲਈ ਮਜਬੂਰ ਹੋਣਾ ਪੈਂਦਾ ਹੈ ਜਿਨ੍ਹਾਂ ਨੂੰ ਉਹ ਮਲੇਛ ਆਖਦੇ ਹਨ। ਸਿਖਾਂ ਦੀ ਭਗਤਮਾਲਾ ਵਿਚ ਗੁਰੂ ਅਰਜਨ ਸਾਹਿਬ ਦੇ ਸਮੇਂ ਦੀ ਇਕ ਵਾਰਤਾ ਦਰਜ ਹੈ। ਭਾਈ ਮਨੀ ਸਿੰਘ ਦਸਦੇ ਹਨ ਕਿ ਇਕ ਸਮੇਂ ਭਾਈ ਆਡਿਤ ਸੁਇਨੀ ਗੁਰੂ ਅਰਜਨ ਸਾਹਿਬ ਪਾਸ ਆਇਆ ਤੇ ਉਪਦੇਸ਼ ਲਈ ਬੇਨਤੀ ਕੀਤੀ। ਗੁਰੂ ਅਰਜਨ ਸਾਹਿਬ ਨੇ ਕਿਹਾ, ''ਧਰਮ ਦਾ ਯੁਧ ਧਰਮ ਹੈ।'' ਜੋ ਗਰੀਬਾਂ ਨੂੰ ਰੰਵਾਣੇ, ਉਸ ਨਾਲ ਯੁਧ ਕਰਨਾ...... ਤੁਸਾਡੀ ਜੈ ਵੀ ਹੋਵੇਗੀ ਤੇ ਮੁਖ ਭੀ ਉਜਲਾ ਹੋਵੇਗਾ।'' (ਸਾਖੀ ਨੰ: 71) ਇਸੇ ਪ੍ਰਕਾਰ ਭਾਈ ਕੱਕਾ ਨੂੰ ਉਪਦੇਸ਼ ਕਰਦੇ ਹੋਏ ਗੁਰੂ ਅਰਜਨ ਸਾਹਿਬ ਨੇ ਬਚਨ ਕੀਤਾ : ਜੋ ਧਰਮ ਦੇ ਜੁੱਧ ਤੇ ਸਰੀਰ ਤਿਆਗਦੇ ਹੈਨਿ ਤੇ ਅੰਤ ਕਾਲ ਵਾਹਿਗੁਰੂ ਦਾ ਨਾਮ ਸਿਮਰਨ ਕਰਦੇ ਹੈਨਿ ਸੋ ਪਰਮਗਤ ਨੂੰ ਪ੍ਰਾਪਤ ਹੁੰਦੇ ਹੈਨਿ। (ਸਾਖੀ ਨੰ: 65)। ਗੁਰੂ ਅਰਜਨ ਸਾਹਿਬ ਨੇ ਭਾਈ ਪਰਤਾਪ ਨੂੰ ਵੀ ਕਿਹਾ ਸੀ : ਸੂਰਮੇ ਨੂੰ ਚਾਹੀਦਾ ਹੈ ਜੋ ਧਰਮ ਦਾ ਜੁੱਧ ਕਰੇ। (ਸਾਖੀ ਨੰ: 84)।

ਸਿਖ ਧਰਮ ਪਰੰਪਰਾ ਦੇ ਉਪਰੋਕਤ ਸਿਧਾਂਤਕ ਤੇ ਵਿਵਹਾਰਕ ਪਿਛੋਕੜ ਦੇ ਬਾਵਜੂਦ ਸ਼ਕਾਲੂ ਭਾਂਤ ਭਾਂਤ ਦੇ ਸ਼ੰਕੇ ਕਰਦੇ ਰਹੇ। ਇਸ ਦਾ ਕਾਰਨ ਭਾਰਤੀ ਧਰਮ-ਪਰੰਪਰਾ ਦੇ ਸੰਸਕਾਰਾਂ ਦੀ ਮਜ਼ਬੂਤ ਜਕੜ ਸੀ। ਭਾਈ ਗੁਰਦਾਸ ਨੇ ਇਨ੍ਹਾਂ ਦਾ ਜ਼ਿਕਰ ਆਪਣੀ ਇਕ ਵਾਰ ਵਿਚ ਬੜੀ ਖ਼ੂਬਸੂਰਤੀ ਨਾਲ ਇਸ ਪ੍ਰਕਾਰ ਕੀਤਾ ਹੈ :

ਧਰਮਸਾਲ ਕਰ ਬਹੀਦਾ, ਇਕਤ ਥਾਂ ਨ ਟਿਕੈ ਟਿਕਾਯਾ ॥
ਪਾਤਸ਼ਾਹ ਘਰ ਆਵਦੇ, ਗੜ੍ਹ ਚੜ੍ਹਯਾ ਪਾਤਸ਼ਾਹ ਚੜ੍ਹਾਯਾ ॥

ਉਮਤ ਮਹਿਲ ਨ ਪਾਵਦੀ, ਨਠਾ ਫਿਰੈ ਨ ਡਰੈ ਡਰਾਯਾ ॥
ਮੰਜੀ ਬਹਿ ਸੰਤੋਖਦਾ, ਕੁਤੇ ਰੱਖ ਸ਼ਿਕਾਰ ਖਿਲਾਯਾ ॥
ਬਾਣੀ ਕਰ, ਸੁਣ ਗਾਂਵਦਾ, ਕਥੇ ਨ ਸੁਣੈ, ਗਾਵ ਸੁਣਾਯਾ ॥
ਸੇਵਕ ਪਾਸ ਨਾ ਰਖੀਅਨ, ਦੋਖੀ ਦੁਸ਼ਟ ਆਗੂ ਮੁਹਿਲਾਯਾ ॥

ਪਹਿਲੇ ਗੁਰੂ ਧਰਮਸ਼ਾਲਾ ਵਿਚ ਟਿਕ ਕੇ ਬਹਿੰਦੇ ਸਨ। ਇਹ ਗੁਰੂ ਇਕ ਥਾਂ ਟਿਕਾਇਆਂ ਨਹੀਂ ਟਿਕਦਾ। ਪਹਿਲੇ ਗੁਰੂਆਂ ਦੇ ਘਰ ਪਾਤਸ਼ਾਹ ਆਪ ਚਲ ਕੇ ਆਉਂਦੇ ਸਨ। ਇਸ ਨੂੰ ਬਾਦਸ਼ਾਹ ਵਲੋਂ ਗਰਿਫਤਾਰ ਕਰਨ ਦੀਆਂ ਸੋਚਾਂ ਹੋ ਰਹੀਆਂ ਹਨ। ਇਸ ਨੂੰ ਕਿਸੇ ਦਾ ਡਰ ਭੈ ਨਹੀਂ। ਪਹਿਲੇ ਗੁਰੂ ਆਸਣ ਤੇ ਬਹਿ ਕੇ ਲੋਕਾਂ ਨੂੰ ਤਸੱਲੀ ਦਿੰਦੇ ਸਨ, ਇਹ ਕੁਤੇ ਰੱਖ ਕੇ ਸ਼ਿਕਾਰ ਖੇਡਦਾ ਹੈ। ਪਹਿਲੇ ਗੁਰੂ ਬਾਣੀ ਰਚਦੇ ਤੇ ਗਾਂਦੇ ਸਨ। ਇਹ ਗੁਰੂ ਨਾ ਬਾਣੀ ਰਚਦਾ ਹੈ। ਨਾ ਗਾਂਦਾ ਹੈ। ਇਹ ਤਾਂ ਬਾਣੀ ਵੀ ਢਾਡੀਆਂ ਤੋਂ ਗਵਾਂਦਾ ਹੈ। ਪਹਿਲੇ ਗੁਰੂ ਸਿਖ ਸੇਵਕਾਂ ਨੂੰ ਪਾਸ ਰਖਦੇ ਸਨ। ਇਹ ਤਾਂ ਹਕੂਮਤ ਦੇ ਵਿਰੋਧੀਆਂ ਨੂੰ ਆਪਣੇ ਕੋਲ ਮਾਣ ਦਿੰਦਾ ਹੈ।

ਭਾਈ ਸਾਹਿਬ ਨੇ ਇਨ੍ਹਾਂ ਸ਼ੰਕਾਲੂਆਂ ਨੂੰ ਸਮਝਾਇਆ ਕਿ ਮਣੀ ਲੈਣ ਲਈ ਸੱਪ ਮਾਰਨਾ ਪੈਂਦਾ ਹੈ। ਕਸਤੂਰੀ ਲੈਣ ਲਈ ਹਿਰਨ ਖ਼ਤਮ ਕਰਨਾ ਪੈਂਦਾ ਹੈ। ਤੇਲ ਲੈਣ ਲਈ ਤਿਲ ਪੀੜਨੇ ਪੈਂਦੇ ਹਨ। ਗਰੀ ਖਾਣ ਲਈ ਨਾਰੀਅਲ ਭੰਨਣਾ ਪੈਂਦਾ ਹੈ। ਜ਼ਾਲਮਾਂ ਤੇ ਬੇਮੁਖਾਂ ਨੂੰ ਸਿਧਾ ਕਰਨ ਲਈ ਉਨ੍ਹਾਂ ਨਾਲ ਲੋਹਾ ਲੈਣਾ ਵੀ ਇਕ ਮਜਬੂਰੀ ਹੈ:

ਜਿਉਂ ਮਣਿ ਕਾਲੇ ਸਪੁ ਸਿਰ, ਹੱਸ ਦੇਇ ਨ ਜਾਣੀ।
ਜਾਣ ਕਥੂਰੀ ਮਿਰਗ ਤਨ, ਮਰ ਮੁਕੈ ਆਣੀ।
ਤੇਲ ਤਿਲਹੁ ਕਿਉ ਨਿਕਲੈ, ਵਿਣ ਪੀੜੇ ਘਾਣੀ।
ਜਿਉਂ ਮੂੰਹ ਭੰਨੇ ਗਰੀਦੇ ਨਲੀਏਰ ਨਿਸਾਣੀ।
ਬੇਮੁਖਾ ਲੋਹਾ ਸਾਧੀਐ ਵਗਦੀ ਵਾਦਾਣੀ।

ਹੌਲੀ ਹੌਲੀ ਕੱਚੇ ਪਿੱਲੇ ਲੋਕ ਵੀ ਗੁਰੂ ਸਾਹਿਬ ਦੀ ਨਵੀਂ ਨੀਤੀ ਦੇ ਸਮਰਥਕ ਬਣ ਗਏ। ਗੱਦੀ ਉਤੇ ਬੈਠਣ ਦੇ ਪਹਿਲੇ ਪੰਜ ਵਰ੍ਹਿਆਂ ਵਿਚ ਹੀ ਆਪ ਦੀ ਸ਼ਕਤੀ ਅਤੇ ਸ਼ਾਨ ਦੀਆਂ ਦੂਰ ਦੂਰ ਤਕ ਧੁੰਮਾਂ ਪੈ ਗਈਆਂ। 1609 ਵਿਚ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਲੋਹਗੜ੍ਹ ਦੀ ਸਥਾਪਨਾ ਨਾਲ ਅੰਮ੍ਰਿਤਸਰ ਵਿਰੋਧੀਆਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ।

ਅਧਿਆਇ 6

ਬੰਦੀ ਖਾਨਾ ਸਗਲ ਛੁਡਾਵੈ

ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਸਿਖ ਲਹਿਰ ਦੀ ਚੜ੍ਹਤ ਦਿਨੋ ਦਿਨ ਵਧ ਰਹੀ ਸੀ। ਜਹਾਂਗੀਰ ਦੁਆਰਾ ਲਾਏ ਪੰਜਾਬ ਦੇ ਗਵਰਨਰ ਪੰਜਾਬ ਦੀ ਸਥਿਤੀ ਨੂੰ ਸੰਭਾਲਣ ਵਿਚ ਅਸਫਲ ਰਹੇ ਸਨ। ਉਹ ਆਪਣੀ ਐਸ਼ ਅਯਾਸ਼ੀ ਕਾਰਨ ਬਦਨਾਮ ਹੋ ਗਏ ਸਨ। 1610 ਵਿਚ ਜਹਾਂਗੀਰ ਨੇ ਪੰਜਾਬ ਦੀ ਗਵਰਨਰੀ ਮੁੜ ਬਖਸ਼ੀ ਫਰੀਦ ਖਾਂ ਉਰਫ਼ ਮੁਰਤਜ਼ਾ ਖਾਨ ਨੂੰ ਸੌਂਪ ਦਿਤੀ। ਇਹ ਉਹੀ ਆਦਮੀ ਸੀ ਜਿਸ ਨੂੰ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਨ ਦਾ ਕੰਮ ਸੌਂਪਿਆ ਗਿਆ ਸੀ। ਇਸ ਨਾਲ ਗੁਰੂ-ਘਰ ਦੇ ਵਿਰੋਧੀਆਂ ਦੀ ਚੜ੍ਹ ਮਚ ਗਈ। ਉਨ੍ਹਾਂ ਹੌਲੀ ਹੌਲੀ ਮੁਰਤਜ਼ਾ ਖਾਨ ਦੇ ਨੇੜੇ ਹੋਣਾ ਸ਼ੁਰੂ ਕੀਤਾ ਅਤੇ ਅੰਤ ਉਸ ਨੂੰ ਇਹ ਯਕੀਨ ਦਵਾਉਣ ਵਿਚ ਕਾਮਯਾਬ ਹੋ ਗਏ ਕਿ ਗੁਰੂ ਹਰਿਗੋਬਿੰਦ ਪੰਜਾਬ ਵਿਚ ਬਗਾਵਤ ਨੂੰ ਸ਼ਹਿ ਦੇ ਰਿਹਾ ਹੈ। ਉਸ ਨੇ ਸਮਾਂਨਾਂਤਰ ਤਖਤ, ਫੌਜ ਅਤੇ ਸਰਕਾਰ ਕਾਇਮ ਕਰ ਰਖੇ ਹਨ। ਝੰਡੇ ਝੂਲਦੇ ਹਨ। ਸ਼ਿਕਾਰ ਖੇਡੇ ਜਾਂਦੇ ਹਨ। ਫੌਜੀ ਮਸ਼ਕਾਂ ਹੁੰਦੀਆਂ ਹਨ। ਸਰਕਾਰੀ ਬਾਗੀਆਂ ਨੂੰ ਪਨਾਹ ਦਿਤੀ ਜਾਂਦੀ ਹੈ। ਉਸ ਦੇ ਜ਼ਰੀਏ ਉਨ੍ਹਾਂ ਜਹਾਂਗੀਰ ਤਕ ਵੀ ਸ਼ਿਕਾਇਤਾਂ ਕੀਤੀਆਂ।

ਜਹਾਂਗੀਰ ਦੇ ਨਿਕਟੀ ਅਹਿਲਕਾਰਾਂ ਵਿਚੋਂ ਇਕ ਵਜ਼ੀਰ ਖਾਨ ਸੀ ਜੋ ਗੁਰੂ ਘਰ ਦਾ ਸ਼ਰਧਾਲੂ ਸੀ। ਉਹ ਬਾਦਸ਼ਾਹ ਨੂੰ ਗੁਰੂ-ਘਰ ਬਾਰੇ ਪੈਦਾ ਕੀਤੀਆਂ ਗਈਆਂ ਗਲਤਫਹਿਮੀਆਂ ਤੋਂ ਸੁਚੇਤ ਕਰਦਾ ਰਹਿੰਦਾ। ਉਹ ਜਹਾਂਗੀਰ ਦੀ ਨਿਆਂ-ਪਸੰਦ ਬਿਰਤੀ ਅਤੇ ਉਸ ਦੇ ਅੰਦਰ ਛੁਪੇ ਨੇਕ ਦਿਲ ਇਨਸਾਨ ਦੀ ਇਨਸਾਨੀਅਤ ਅਤੇ ਨੇਕੀ ਨੂੰ ਟੁੰਬ ਕੇ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ਕੀਰੀ ਅਤੇ ਅਜ਼ਮਤ ਬਾਰੇ ਦਸਦਾ ਰਹਿੰਦਾ। ਸਿਟਾ ਇਹ ਹੁੰਦਾ ਕਿ ਗੁਰੂ ਘਰ ਦੇ ਦੋਖੀ ਜਦੋਂ ਵੀ ਮੁਰਤਜ਼ਾ ਖਾਨ ਦੇ ਜ਼ਰੀਏ ਕੋਈ ਚੁਗਲੀ ਖਾਂਦੇ ਜਾਂ ਸ਼ਿਕਾਇਤ ਕਰਦੇ ਤਾਂ ਵਜ਼ੀਰ ਖਾਂ ਜਹਾਂਗੀਰ ਨੂੰ ਉਤੇਜਿਤ ਹੋ ਕੇ ਕੋਈ ਵੀ ਕਾਰਵਾਈ ਕਰਨ ਤੋਂ ਵਰਜਣ ਵਿਚ ਕਾਮਯਾਬ ਹੋ ਜਾਂਦਾ। ਇਸ ਲੁਕਣ ਮੀਚੀ ਵਿਚ ਹੀ ਸਮਾਂ ਬੀਤਦਾ ਰਿਹਾ।

ਇਸੇ ਦੌਰਾਨ ਗੁਰੂ ਹਰਿਗੋਬਿੰਦ ਸਾਹਿਬ ਭਾਈ ਸਾਈਂ ਦਾਸ ਜੀ ਦੇ ਬੇਨਤੀ ਕਰਨ ਉਤੇ ਪਰਿਵਾਰ ਸਹਿਤ ਮਾਲਵੇ ਵਿਚ 'ਡਰੋਲੀ' ਚਲੇ ਗਏ। ਡਰੋਲੀ ਉਨ੍ਹਾਂ ਦਿਨਾਂ ਵਿਚ ਘਣੇ ਜੰਗਲਾਂ ਵਾਲਾ ਇਲਾਕਾ ਸੀ। ਇਸ ਲਈ ਗੁਰੂ ਸਾਹਿਬ ਦੀ ਸ਼ਿਕਾਰ ਅਤੇ ਜੰਗੀ ਅਭਿਆਸ ਲਈ ਵੀ ਇਹ ਚੰਗੀ ਨਿਵੇਕਲੀ ਥਾਂ ਸੀ। ਸਰਕਾਰ ਦੀ ਸਿਧੀ ਨਜ਼ਰ ਤੋਂ ਵੀ ਇਹ ਥਾਂ ਦੂਰ ਸੀ। ਡੇਢ ਸਾਲ ਇਥੇ ਰਹਿ ਕੇ ਗੁਰੂ ਸਾਹਿਬ ਗੋਇੰਦਵਾਲ ਚਲੇ ਗਏ।

ਕੁਝ ਦੇਰ ਉਥੇ ਸੰਗਤਾਂ ਨੂੰ ਨਿਹਾਲ ਕਰਨ ਉਪਰੰਤ ਆਪ ਵਾਪਸ ਅੰਮ੍ਰਿਤਸਰ ਆ ਗਏ।

1612 ਈ. ਵਿਚ ਲਾਹੌਰ ਦੀਆਂ ਸੰਗਤਾਂ ਨੇ ਆਪ ਨੂੰ ਦਰਸ਼ਨਾਂ ਲਈ ਬੇਨਤੀ ਕੀਤੀ। ਸੰਗਤਾਂ ਦੀ ਬੇਨਤੀ ਪ੍ਰਵਾਨ ਕਰ ਕੇ ਆਪ ਲਾਹੌਰ ਪੁਜੇ। ਆਪ ਦਾ ਠਾਠ ਪਹਿਲੇ ਸਤਿਗੁਰਾਂ ਨਾਲੋਂ ਵਖਰਾ ਸੀ। ਆਪ ਘੋੜੇ ਉਤੇ ਸਵਾਰ ਸਨ। ਨਾਲ ਉਚੇ ਲੰਮੇ ਸ਼ਸਤਰਧਾਰੀ ਸਾਥੀ। ਲਾਹੌਰ ਵਿਚ ਆਪ ਤਿੰਨ ਮਹੀਨੇ ਰਹੇ। ਇਸ ਸਮੇਂ ਵਿਚ ਆਪ ਨੇ ਸਿਖੀ ਪ੍ਰਚਾਰ ਕੀਤਾ। ਇਸੇ ਸਮੇਂ ਆਪ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਉਤੇ ਯਾਦਗਾਰ ਦੀ ਨੀਂਹ ਰਖੀ। ਇਥੇ ਹੁਣ ਗੁਰਦਵਾਰਾ ਡੇਹਰਾ ਸਾਹਿਬ ਹੈ। ਮੀਆਂ ਮੀਰ ਜੀ ਨਾਲ ਪ੍ਰੇਮ ਭਰੀ ਵਾਰਤਾਲਾਪ ਕੀਤੀ। ਲਾਹੌਰ ਟਿਕਣ ਸਮੇਂ ਭਾਂਤ ਭਾਂਤ ਦੇ ਹਿੰਦੂ ਭਗਤ ਅਤੇ ਸੂਫੀ ਫਕੀਰ ਆਪ ਨਾਲ ਗਿਆਨ ਚਰਚਾ ਲਈ ਆਏ। ਇਨ੍ਹਾਂ ਵਿਚੋਂ ਕਈਆਂ ਨੇ ਆਪ ਦੀਆਂ ਦੋ ਤਲਵਾਰਾਂ ਅਤੇ ਸ਼ਸਤਰਾਂ ਉਤੇ ਕਿੰਤੂ ਕੀਤਾ। ਕਿਸੇ ਨੇ ਇਹ ਜਾਣਨਾਂ ਚਾਹਿਆ ਕਿ ਆਪ ਸ਼ਿਕਾਰ ਕਿਉਂ ਖੇਡਦੇ ਹੋ ? ਕੀ ਇਹ ਜੀਵ ਹਤਿਆ ਨਹੀਂ ? ਗੁਰੂ ਸਾਹਿਬ ਨੇ ਸਭ ਦੀ ਤਸੱਲੀ ਕਰਵਾਈ। ਆਪ ਨੇ ਕਿਹਾ ਜਿਵੇਂ ਫੁੱਲਾਂ ਦੀ ਰਾਖੀ ਲਈ ਕੰਡੇ ਹੁੰਦੇ ਹਨ ਤਿਵੇਂ ਧਰਮ ਦੀ ਰਾਖੀ ਲਈ ਸ਼ਸਤਰ ਹਨ। ਸ਼ਿਕਾਰ ਇਹ ਅਭਿਆਸ ਕਰਨ ਵਾਸਤੇ ਖੇਡਿਆ ਜਾਂਦਾ ਹੈ ਕਿ ਜਦੋਂ ਦੁਸ਼ਮਣ ਨਾਲ ਸ਼ਸਤਰ ਬੱਧ ਟੱਕਰ ਲੈਣੀ ਪਵੇ ਤਾਂ ਤਨ ਮਨ ਅਤੇ ਸ਼ਸਤਰ ਉਸੇ ਤਰ੍ਹਾਂ ਕੰਮ ਕਰਨ ਜਿਵੇਂ ਸ਼ਿਕਾਰ ਖੇਡਦੇ ਸਮੇਂ ਜੰਗਲੀ ਜਾਨਵਰ ਦੇ ਹਮਲੇ ਸਮੇਂ ਕਰਦੇ ਹਨ। ਜੋ ਦੁਸ਼ਟ ਸਾਡੀ ਇਜ਼ਤ ਮਾਲ ਅਤੇ ਧਰਮ ਨੂੰ ਲੁਟਦੇ ਲਿਤਾੜਦੇ ਹਨ, ਅਨਿਆਂ ਤੇ ਜ਼ੁਲਮ ਕਰਦੇ ਹਨ, ਉਨ੍ਹਾਂ ਦਾ ਮੁਕਾਬਲਾਂ ਤਲਵਾਰ ਨਾਲ ਹੀ ਕੀਤਾ ਜਾ ਸਕਦਾ ਹੈ। ਉਨ੍ਹਾਂ ਨੂੰ ਮਾਰਨਾ ਪਾਪ ਨਹੀਂ। ਉਨ੍ਹਾਂ ਬੰਦਿਆਂ ਜਾਂ ਜੀਵਾਂ ਨੂੰ ਮਾਰਨਾ ਪਾਪ ਨਹੀਂ ਜੋ ਅਮਨ ਚੈਨ ਨਾਲ ਵਸ ਰਹੇ ਲੋਕਾਂ ਦੇ ਜੀਵਨ ਨੂੰ ਦੁਭਰ ਕਰਦੇ ਹਨ।

ਲਾਹੌਰ ਬਿਸ਼ਰਾਮ ਦੌਰਾਨ ਹੀ ਮਿਹਰਬਾਨ ਵੀ ਲਾਹੌਰ ਆਇਆ। ਉਸ ਦੇ ਆਉਣ ਦਾ ਪਤਾ ਲੱਗਣ ਤੇ ਗੁਰੂ ਸਾਹਿਬ ਨੇ ਭਾਈ ਬਿਧੀ ਚੰਦ ਨੂੰ ਉਸ ਕੋਲ ਭੇਜਿਆ ਕਿ ਈਰਖਾ ਤੇ ਦਵੈਤ ਛੱਡ ਕੇ ਮਿਤਰ ਭਾਵ ਅਪਣਾਵੇ। ਉਸ ਨੇ ਸਗੋਂ ਇਹ ਆਖਿਆ ਕਿ ਸੁਲਾਹ ਹੁਣ ਗੱਲਾਂ ਨਾਲ ਨਹੀਂ ਸ਼ਸਤਰਾਂ ਨਾਲ ਹੀ ਹੋਵੇਗੀ। ਸਿਖਾਂ ਨੇ ਇਸ ਦਾ ਬੁਰਾ ਮਨਾਇਆ। ਪਤਾ ਲਗਣ ਤੇ ਗੁਰੂ ਸਾਹਿਬ ਆਪ ਚੱਲ ਕੇ ਉਸ ਪਾਸ ਗਏ ਪਰ ਉਸ ਨੇ ਗੁਰੂ ਸਾਹਿਬ ਨੂੰ ਬਣਦਾ ਆਦਰ ਦੇਣ ਦੀ ਥਾਂ ਕੋੜੇ ਅਤੇ ਖਰ੍ਹਵੇ ਬਚਨ ਹੀ ਬੋਲੇ।

1614 ਈ. ਵਿਚ ਗੁਰੂ ਹਰਿਗੋਬਿੰਦ ਜੀ ਨੇ ਦੁਆਬੇ ਵਲ ਫੇਰੀ ਪਾਈ। ਦੁਆਬੇ ਵਿਚ ਆਪ ਕੁਝ ਅਰਸਾ ਕਰਤਾਰ ਪੁਰ ਸਾਹਿਬ ਵੀ ਟਿਕੇ। ਥਾਂ ਥਾਂ ਆਪ ਨੇ ਸਿਖ ਲਹਿਰ ਨੂੰ ਸ਼ਸਤਰ ਧਾਰੀ ਅਤੇ ਸੰਤ-ਸਿਪਾਹੀ ਸਰੂਪ ਵਿਚ ਢਾਲਣ ਦਾ ਆਪਣਾ ਮਨੋਰਥ ਦਸਦੇ ਹੋਏ ਸਿਖਾਂ ਨੂੰ ਸ਼ਸਤਰਧਾਰੀ ਸੰਤ ਸਿਪਾਹੀ ਬਣਾਇਆ। ਮਾਲਵੇ ਤੇ ਦੁਆਬੇ ਦੇ ਇਨ੍ਹਾਂ ਦੌਰਿਆਂ ਨੇ ਇਨ੍ਹਾਂ ਇਲਾਕਿਆਂ ਦੀਆਂ ਸਿਖ ਸੰਗਤਾਂ ਨੂੰ ਵੀ ਗੁਰੂ ਸਾਹਿਬ ਦੇ ਉਦੇਸ਼ਾਂ ਨਾਲ ਉਨਾ ਹੀ ਇਕਸੁਰ ਕਰ ਦਿਤਾ ਜਿੰਨਾ ਕਿ ਮਾਝੇ ਦੀਆਂ ਸੰਗਤਾਂ ਸਨ।

ਸਾਰਾ ਪੰਜਾਬ ਜਾਗ ਉਠਿਆ। ਗੁਰੂ ਨਾਨਕ ਦਾ ਮਿਸ਼ਨ ਕੇਲੇ ਦੀ ਵੇਲ ਵਾਂਗ ਵਧਣ ਫੁੱਲਣ ਲੱਗਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਾਨ ਤੇ ਪ੍ਰਤਾਪ ਵਿਚ ਬੇਮਿਸਾਲ ਵਾਧਾ ਹੋਇਆ।

ਗੁਰੂ ਸਾਹਿਬ ਦੀ ਪ੍ਰਸਿਧੀ ਨੇ ਪ੍ਰਿਥੀ ਚੰਦ ਤੇ ਉਸ ਦੇ ਬੇਟੇ ਮਿਹਰਬਾਨ ਨੂੰ ਈਰਖਾ ਤੇ ਸਾੜੇ ਨਾਲ ਭੁੰਨ ਕੇ ਰਖ ਦਿਤਾ। ਉਹ ਗੁਰਗੱਦੀ ਉਤੇ ਆਪਣਾ ਹੱਕ ਸਮਝਦਾ ਸੀ। ਉਹ ਪੰਜਾਬ ਦੇ ਹਾਕਮਾਂ ਕੋਲ ਵੀ ਰੋਇਆ ਅਤੇ ਦਿੱਲੀ ਦੇ ਅਹਿਲਕਾਰਾਂ ਕੋਲ ਵੀ। ਦੀਵਾਨ ਚੰਦੂ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਦਿੱਲੀ ਹੀ ਚਲਾ ਗਿਆ ਸੀ। ਮਿਹਰਬਾਨ ਉਸ ਕੋਲ ਗਿਆ ਤੇ ਜਾ ਕੇ ਕਹਿਣ ਲਗਾ ਕਿ ਮੇਰਾ ਹੱਕ (ਗੁਰ) ਹਰਿਗੋਬਿੰਦ ਨੇ ਮਾਰ ਲਿਆ ਹੈ। ਉਹ ਗੱਦੀ ਤੇ ਬਹਿ ਗਿਆ ਹੈ। ਤਖਤ ਬਣਾਈ ਫਿਰਦਾ ਹੈ। ਲੋਕਾਂ ਦੇ ਝਗੜੇ ਨਿਬੇੜਦਾ ਹੈ। ਮੈਂ ਥਾਂ ਥਾਂ ਦੇ ਧੱਕੇ ਖਾ ਰਿਹਾ ਹਾਂ। ਚੰਦੂ ਨੇ ਕਿਹਾ ਕਿ ਮੈਂ ਵੀ ਉਸ ਤੋਂ ਦੁਖੀ ਹਾਂ। ਮੇਰੀ ਧੀ ਦਾ ਸਾਕ ਜਦੋਂ ਦਾ ਮੁੜਿਆ ਹੈ, ਕਿਤੋਂ ਰਿਸ਼ਤਾ ਨਹੀਂ ਮਿਲਿਆ। ਹਿੰਦੂ ਸਿਖ ਦੋਵੇਂ ਮੇਰੇ ਤੋਂ ਕਤਰਾਂਦੇ ਹਨ। ਹਰ ਪਾਸੇ ਮੈਨੂੰ ਫਿਟਕਾਰਾਂ ਹਨ। ਧੀ ਵੱਖ ਕਵਾਰੀ ਬੈਠੀ ਹੈ। ਦੋਹਾਂ ਨੇ ਰਲ ਕੇ ਬਾਦਸ਼ਾਹ ਦੇ ਕੰਨ ਭਰੇ।

ਸ਼ਿਕਾਇਤਾਂ ਤੇ ਚੁਗਲੀਆਂ ਸੁਣ ਕੇ ਜਹਾਂਗੀਰ ਬੜਾ ਕ੍ਰੋਧਿਤ ਹੋਇਆ ਤੇ ਕਹਿਣ ਲੱਗਾ—"ਉਹ (ਗੁਰੂ) ਅਰਜਨ (ਜੀ) ਦਾ ਪੁਤਰ ਹੈ ਅਤੇ ਅਜੇ ਜੀਉਂਦਾ ਹੈ ? ਕੀ ਇਹ ਗੁਰਗੱਦੀ ਅਜੇ ਵੀ ਚਲਦੀ ਹੈ ? ਵਜ਼ੀਰ ਖਾਨ ਨੂੰ ਕਹੋ ਕਿ ਸੈਨਾ ਲੈ ਕੇ ਅੰਮ੍ਰਿਤਸਰ ਪੁੱਜੇ ਤੇ ਉਸ (ਸਤਿਗੁਰੂ) ਨੂੰ ਫੜ ਕੇ ਹਾਜ਼ਰ ਕਰੇ। ਇਹ ਝੂਠ ਦੀ ਦੁਕਾਨ ਬੰਦ ਕਰਨੀ ਹੋਵੇਗੀ।"

ਵਜ਼ੀਰ ਖਾਂ ਨੇ ਬਥੇਰਾ ਆਖਿਆ ਕਿ ਉਹ (ਹਰਿਗੋਬਿੰਦ) ਇਕ ਨੇਕ ਸੁਭਾ ਪੀਰ ਹੈ। ਹਿੰਦੂ ਮੁਸਲਮਾਨ ਦੋਵੇਂ ਉਸ ਨਾਲ ਪ੍ਰੇਮ ਕਰਦੇ ਹਨ। ਉਹ ਸਭ ਨੂੰ ਮਿਲ ਬੈਠਣ ਤੇ ਇਕ ਦੂਜੇ ਦੇ ਦੁਖ ਸੁਖ ਵਿਚ ਭਾਈਵਾਲ ਬਣਨ ਦੀ ਸਿਖਿਆ ਦਿੰਦਾ ਹੈ। ਉਹ ਲੋਕਾਂ ਨੂੰ ਬੁਤ ਪੂਜਾ, ਚੋਰੀ, ਚੁਗਲੀ, ਨਿੰਦਾ, ਨਸ਼ਿਆਂ, ਪਾਪਾਂ ਤੇ ਭੈੜੇ ਕਰਮਾਂ ਤੋਂ ਵਰਜਦਾ ਹੈ। ਖ਼ੁਦਾ ਦੇ ਅਜੇਹੇ ਨੇਕ ਇਨਸਾਨ ਨੂੰ ਤੰਗ ਕਰਨਾ ਉਚਿਤ ਨਹੀਂ ਪ੍ਰਤੀਤ ਹੁੰਦਾ। ਇਹ ਰਿਪੋਰਟਾਂ ਝੂਠੀਆਂ ਪ੍ਰਤੀਤ ਹੁੰਦੀਆਂ ਹਨ।" ਪਰ ਬਾਦਸ਼ਾਹ ਉਤੇ ਇਸ ਦਾ ਕੋਈ ਖਾਸ ਅਸਰ ਨਾ ਹੋਇਆ। ਉਸ ਇਨਾ ਹੀ ਕਿਹਾ ਕਿ ਮੈਂ ਆਪ (ਗੁਰੂ) ਹਰਿਗੋਬਿੰਦ ਨੂੰ ਮਿਲਣਾ ਚਾਹੁੰਦਾ ਹਾਂ। ਉਸ ਨੂੰ ਮੇਰੇ ਕੋਲ ਲਿਆਂਦਾ ਜਾਵੇ। ਵਜ਼ੀਰ ਖਾਂ ਸਮਝ ਗਿਆ ਕਿ ਇਹ ਇਕ ਪ੍ਰਕਾਰ ਦੀ ਗਰਿਫਤਾਰੀ ਹੀ ਹੈ। ਇਸ ਭੈੜੇ ਕੰਮ ਲਈ ਡਿਊਟੀ ਵੀ ਉਸੇ ਦੀ ਲਾਈ ਗਈ। ਉਸ ਦਾ ਸਹਾਇਤਾ ਲਈ ਗੁੰਚਾ ਬੇਗ ਨੂੰ ਨਿਯਤ ਕੀਤਾ ਗਿਆ। ਇਹ ਕਹਿ ਕੇ ਬਾਦਸ਼ਾਹ ਆਗਰੇ ਨੂੰ ਰਵਾਨਾ ਹੋ ਗਿਆ। ਗੁੰਚਾ ਬੇਗ ਅਤੇ ਵਜ਼ੀਰ ਖਾਨ ਅੰਮ੍ਰਿਤਸਰ ਨੂੰ ਤੁਰ ਪਏ। ਗੁਰੂ ਸਾਹਿਬ ਦੀ ਨਜ਼ਰਬੰਦੀ ਦੇ ਬਾਨ੍ਹਣੂ ਬੰਨ੍ਹੇ ਜਾ ਰਹੇ ਸਨ।

ਵਜ਼ੀਰ ਖਾਨ ਆਪ ਗੁਰੂ ਸਾਹਿਬ ਪਾਸ ਗਿਆ। ਨਜ਼ਰ ਪੇਸ਼ ਕਰਨ ਉਪਰੰਤ ਉਸ ਨੇ ਸਾਰੀ ਗੱਲ ਦਸ ਕੇ ਅਰਜ਼ ਕੀਤੀ ਕਿ ਮੁਰਤਜ਼ਾ ਖਾਨ ਦੁਆਰਾ ਗਰਿਫਤਾਰ ਕੀਤੇ

ਜਾਣਾ ਉਚਿਤ ਨਹੀਂ । ਆਪ ਖੁਦ ਆਗਰੇ ਚਲ ਕੇ ਬਾਦਸ਼ਾਹ ਜਹਾਂਗੀਰ ਦੇ ਸ਼ੰਕੇ ਨਵਿਰਤ ਕਰਨ ਦੀ ਕਿਰਪਾ ਕਰੋ । ਸਰਧਾਲੂ ਸਿਖ ਸੇਵਕ ਕਹਿਣ ਲੱਗੇ ਕਿ ਜਹਾਂਗੀਰ ਦੀ ਨੀਅਤ ਠੀਕ ਨਹੀਂ ਲਗਦੀ । ਅੱਗੇ ਗੁਰੂ ਅਰਜਨ ਦੇਵ ਜੀ ਸ਼ਹੀਦ ਕਰ ਦਿਤੇ ਗਏ ਹਨ । ਦਿੱਲੀ ਵਲ ਜਾਣਾ ਠੀਕ ਨਹੀਂ । ਗੁਰ ਬਿਲਾਸ ਅਨੁਸਾਰ ਗੁਰੂ ਸਾਹਿਬ ਨੇ ਸਭ ਦੇ ਵਿਚਾਰ ਸੁਣਨ ਉਪਰੰਤ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਆਪ ਦੋਵੇਂ ਮਾਤਾ ਜੀ ਨਾਲ ਰਾਇ ਕਰ ਕੇ ਯੋਗ ਨਿਰਣਾ ਕਰੋ :

ਗੁਰਦਾਸ ਬੁੱਢਾ ਜੀ ਤੁਮ ਕਹੋ, ਮਾਤ ਸਲਾਹ ਰਲਾਇ ।[1]

ਦੋਹਾਂ ਨੇ ਮਾਤਾ ਜੀ ਨਾਲ ਸਲਾਹ ਉਪਰੰਤ ਇਹ ਕਿਹਾ ਕਿ ਸਾਡੀ ਰਾਇ ਵਿਚ ਤਾਂ ਤੁਹਾਡਾ ਜਾਣਾ ਬਣਦਾ ਹੈ । ਅੱਗੇ ਆਪ ਦੀ ਮਰਜ਼ੀ :

ਤੁਮ ਕੋ ਜਾਵਨ ਹੀ ਬਨਿ ਆਵੈ ।
ਆਗੈ ਜੋ ਤੁਮਰੇ ਮਨ ਭਾਵੈ ।[2]

ਗੁਰੂ ਸਾਹਿਬ ਨੇ ਵਜ਼ੀਰ ਖਾਨ ਨੂੰ ਕਿਹਾ—ਜੇ ਕਰ ਬਾਦਸ਼ਾਹ ਨੇ ਯਾਦ ਕੀਤਾ ਹੈ ਤਾਂ ਅਸੀਂ ਉਸ ਨੂੰ ਮਿਲਣ ਜ਼ਰੂਰ ਜਾਵਾਂਗੇ । ਸਾਡਾ ਅਕਾਲ ਪੁਰਖ ਉਤੇ ਭਰੋਸਾ ਹੈ । ਕਿਸੇ ਗੱਲ ਦੀ ਚਿੰਤਾ ਨਹੀਂ । ਵਜ਼ੀਰ ਖਾਨ ਆਪਣੀ ਸ਼ਰਧਾ ਅਧੀਨ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰ ਰਿਹਾ ਸੀ । ਉਹ ਜਹਾਂਗੀਰ ਦਾ ਵੀ ਵਿਸ਼ਵਾਸ ਪਾਤਰ ਸੀ ਅਤੇ ਗੁਰੂ ਘਰ ਦਾ ਵੀ ਪ੍ਰੇਮੀ । ਉਸ ਦਾ ਵਸ ਨਹੀਂ ਸੀ ਚਲ ਰਿਹਾ । ਗੁਰੂ ਸਾਹਿਬ ਦੇ ਬਾਦਸ਼ਾਹ ਨੂੰ ਮਿਲਣ ਜਾਣ ਦੇ ਫੈਸਲੇ ਨੂੰ ਸੁਣ ਕੇ ਉਸ ਆਖਿਆ—''ਮੈਂ ਚਾਹੁੰਦਾ ਹਾਂ ਕਿ ਆਪ ਕੁਝ ਸਮਾਂ ਬਾਦਸ਼ਾਹ ਕੋਲ ਰਹੋ । ਆਪ ਦੀ ਸੰਗਤ ਨਾਲ ਸ਼ਾਇਦ ਉਸ ਨੂੰ ਸੁਮੱਤ ਆ ਜਾਵੇ । ਮਾੜੇ ਬੰਦਿਆਂ ਦੀ ਸੰਗਤ ਨੇ ਉਸ ਦਾ ਦਿਲ ਖੁਦਾ ਅਤੇ ਖੁਦਾ ਦੇ ਬੰਦਿਆਂ ਤੋਂ ਦੂਰ ਕਰ ਦਿਤਾ ਹੈ ।'' ਗੁਰੂ ਸਾਹਿਬ ਨੇ ਸਪਸ਼ਟ ਕੀਤਾ ਕਿ ਅਸੀਂ ਜਹਾਂਗੀਰ ਨਾਲ ਖੁਲ੍ਹ ਕੇ ਗੱਲ ਕਰਨੀ ਚਾਹੁੰਦੇ ਹਾਂ । ਉਸ ਦੀਆਂ ਅੱਖਾਂ ਅਗੋਂ ਭਰਮ, ਅਗਿਆਨ, ਹੰਕਾਰ, ਈਰਖਾ ਅਤੇ ਤਅੱਸਬ ਦਾ ਪਰਦਾ ਦੂਰ ਕਰਨ ਲਈ ਇੰਜ ਕਰਨਾ ਜ਼ਰੂਰੀ ਹੈ ।

ਸ਼ਾਮ ਤਕ ਗੁਰੂ ਸਾਹਿਬ ਬਾਰੇ ਦਿੱਲੀ ਦਰਬਾਰ ਦੇ ਹੁਕਮ ਅਤੇ ਉਸ ਦੀ ਰੋਸ਼ਨੀ ਵਿਚ ਗੁਰੂ ਸਾਹਿਬ ਦੁਆਰਾ ਕੀਤੇ ਨਿਰਣੇ ਦੀ ਖਬਰ ਸਾਰੇ ਅੰਮ੍ਰਿਤਸਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ । ਹਰਿਮੰਦਰ ਸਾਹਿਬ ਦੀ ਸੇਵਾ ਬਾਬਾ ਬੁਢਾ ਜੀ ਨੂੰ ਸੌਂਪ, ਅਕਾਲ ਤਖਤ ਸਾਹਿਬ ਦੀ ਸੇਵਾ ਭਾਈ ਗੁਰਦਾਸ ਜੀ ਨੂੰ ਸੰਭਾਲ, ਇਕ ਸੌ ਸਵਾਰ ਨਾਲ ਲੈ ਕੇ ਗੁਰੂ ਸਾਹਿਬ ਅਗਲੇ ਦਿਨ ਦਿੱਲੀ ਰਵਾਨਾ ਹੋ ਗਏ । 'ਗੋਇੰਦਵਾਲ', 'ਫੀਰੋਜ਼ਪੁਰ', 'ਡਰੋਲੀ' ਆਦਿ ਥਾਵਾਂ ਉਤੇ ਪੜਾਅ ਕਰਦੇ ਹੋਏ ਆਪ ਦਿੱਲੀ ਪੁੱਜੇ । ਸ਼ਹਿਰੋਂ ਬਾਹਰ ਮਜਨੂੰ ਫਕੀਰ ਦੇ ਟਿਲੇ ਉਤੇ ਡੇਰਾ ਕੀਤਾ । ਇੱਥੇ ਅਜ ਕਲ ਗੁਰਦਵਾਰਾ ਮਜਨੂੰ ਕਾ ਟਿਲਾ ਹੈ ।

---

1. ਗੁਰ ਬਿਲਾਸ (1972), ਪੰ. 244
2. ਉਹੀ, ਪੰ. 245

ਹਜ਼ਰਤ ਨਿਜ਼ਾਮੁਦੀਨ ਦਾ ਚੇਲਾ ਸਿਕੰਦਰ ਸ਼ਾਹ ਅਤੇ ਸ਼ਾਹੀ ਮੌਲਵੀ ਮੁਹੰਮਦ ਬਖ਼ਸ਼ ਆਪਣੇ ਸਾਥੀਆਂ ਸਮੇਤ ਦਰਸ਼ਨਾਂ ਲਈ ਆਏ। ਉਨ੍ਹਾਂ ਨੇ ਵੀ ਗੁਰੂ ਜੀ ਦੇ ਸ਼ਸਤਰਧਾਰੀ ਸਰੂਪ ਬਾਰੇ ਸ਼ੰਕਾ ਕੀਤਾ। ਘੋੜਿਆਂ, ਤਲਵਾਰਾਂ, ਸ਼ਸਤਰਾਂ ਤੇ ਬਾਜ਼ ਵਲ ਇਸ਼ਾਰਾ ਕਰਦੇ ਹੋਏ ਜਾਣਨਾ ਚਾਹਿਆ ਕਿ ਭਗਤੀ ਵਿਚ ਇਨ੍ਹਾਂ ਚੀਜ਼ਾਂ ਦੀ ਕੀ ਲੋੜ। ਗੁਰੂ ਸਾਹਿਬ ਨੇ ਦਸਿਆ ਕਿ ਪ੍ਰਭੂ ਅਤੇ ਪ੍ਰਭੂ ਦੇ ਬੰਦਿਆਂ ਨਾਲ ਪ੍ਰੇਮ ਹੀ ਸਾਡਾ ਧਰਮ ਹੈ। ਇਹ ਪ੍ਰੇਮ ਹੀ ਸਾਡੀ ਭਗਤੀ ਹੈ। ਕੋਈ ਧਰਮ ਜਾਂ ਵਿਅਕਤੀ ਸ਼ਕਤੀ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ। ਇੰਨਾ ਜ਼ਰੂਰ ਹੈ ਕਿ ਸ਼ਕਤੀ ਦੀ ਵਰਤੋਂ ਵਿਚਾਰ ਨਾਲ ਕੀਤੀ ਜਾਵੇ। ਸਾਰਿਆਂ ਦੀ ਤਸੱਲੀ ਹੋ ਗਈ। ਇਥੋਂ ਆਪ ਆਗਰੇ ਗਏ। ਆਗਰੇ ਵਿਚ ਗੁੱਚਾ ਬੇਗ, ਵਜ਼ੀਰ ਖ਼ਾਨ, ਸਿਕੰਦਰ ਸ਼ਾਹ, ਮਹੁੰਮਦ ਬਖ਼ਸ਼ ਆਦਿ ਸਾਰੇ ਬਾਦਸ਼ਾਹ ਕੋਲ ਗਏ ਅਤੇ ਉਸ ਨੂੰ ਗੁਰੂ ਸਾਹਿਬ ਦੀ ਅਜ਼ਮਤ ਬਾਰੇ ਦਸਿਆ। ਉਹ ਕੁਝ ਨਰਮ ਹੋ ਗਿਆ। ਗੁਰੂ ਸਾਹਿਬ ਨੂੰ ਬੜੇ ਅਦਬ ਨਾਲ ਮਿਲਿਆ। ਉਸ ਦੇ ਕਈ ਭਰਮ ਭੁਲੇਖੇ ਦੂਰ ਹੋ ਗਏ। ਦੁਸ਼ਮਣ ਫਿਰ ਵੀ ਉਸ ਕੋਲ ਚੁਗਲੀਆਂ ਕਰਦੇ। ਇਸ ਦੌਰਾਨ ਜਹਾਂਗੀਰ ਆਪ ਨਾਲ ਮਿਲ ਕੇ ਸ਼ਿਕਾਰ ਤੇ ਜਾਂਦਾ ਰਿਹਾ। ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਕੇਵਲ ਤਲਵਾਰ ਨਾਲ ਸ਼ੇਰ ਦਾ ਸ਼ਿਕਾਰ ਕਰਕੇ ਸਭ ਨੂੰ ਹੈਰਾਨ ਕਰ ਦਿਤਾ। ਆਪ ਦੀ ਦਲੇਰੀ ਅਤੇ ਹਿੰਮਤ ਵੇਖ ਕੇ ਜਹਾਂਗੀਰ ਦੰਗ ਰਹਿ ਗਿਆ।

ਸਾਰੇ ਹੀ ਪੁਰਾਤਨ ਇਤਿਹਾਸਕ ਗ੍ਰੰਥ ਗੁਰੂ ਜੀ ਦੇ ਆਗਰੇ ਦੇ ਕਿਆਮ ਦੌਰਾਨ ਹੋਈ ਇਕ ਵਿਚਿਤਰ ਘਟਨਾ ਦਾ ਜ਼ਿਕਰ ਕਰਦੇ ਹਨ। ਇਹ ਦਸਦੇ ਹਨ ਕਿ ਇਕ ਦਿਨ ਸ਼ਿਕਾਰ ਦੌਰਾਨ ਜੰਗਲ ਵਿਚ ਜਹਾਂਗੀਰ ਤੇ ਗੁਰੂ ਹਰਿਗੋਬਿੰਦ ਜੀ ਵਖ ਵਖ ਤੰਬੂਆਂ ਵਿਚ ਡੇਰਾ ਕਰ ਰਹੇ ਸਨ। ਇਕ ਗਰੀਬ ਘਾਹੀ ਗੁਰੂ ਘਰ ਦੀ ਉਪਮਾ ਸੁਣ ਕੇ ਗੁਰੂ ਸਾਹਿਬ ਦੇ ਦਰਸ਼ਨ ਨੂੰ ਆਇਆ। ਕਿਸੇ ਨੂੰ ਪਾਤਸ਼ਾਹ ਦੇ ਦਰਸ਼ਨ ਲਈ ਪੁਛਿਆ। ਉਸ ਨੇ ਸੋਚਿਆ ਕੋਈ ਦੁਖੀਆ ਹੈ। ਬਾਦਸ਼ਾਹ ਕੋਲ ਫਰਿਆਦ ਕਰਨ ਹਾਜ਼ਿਰ ਹੋਇਆ ਹੈ। ਉਸ ਨੇ ਬਾਦਸ਼ਾਹ ਦੇ ਤੰਬੂ ਵਿਚ ਭੇਜ ਦਿਤਾ। ਘਾਹੀ ਅੰਦਰ ਗਿਆ। ਟਕਾ ਰਖ ਕੇ ਸ਼ਰਧਾ ਨਾਲ ਮੱਥਾ ਟੇਕਿਆ ਅਤੇ ਹੱਥ ਜੋੜ ਕੇ ਬਿਨੈ ਕੀਤੀ "ਮੈਨੂੰ ਗਰੀਬ ਕੰਗਾਲ ਨੂੰ ਜੀਵਨ ਦੀ ਭਟਕਣ ਅਤੇ ਕਸ਼ਟਾਂ ਤੋਂ ਬਚਾਓ। ਜਨਮ ਮਰਨ ਦੇ ਬੰਧਨ ਕਟੋ। ਮੇਰੀਆਂ ਮੁਸੀਬਤਾਂ ਅਤੇ ਸੰਕਟ ਦੂਰ ਕਰੋ।"

ਜਹਾਂਗੀਰ ਉਸ ਦੀ ਫਰਿਆਦ ਸੁਣ ਕੇ ਹੈਰਾਨ ਹੋਇਆ ਅਤੇ ਆਖਣ ਲੱਗਾ "ਮੈਂ ਤੈਨੂੰ ਧਨ, ਦੌਲਤ, ਹਾਥੀ, ਘੋੜੇ ਤੇ ਜਾਗੀਰ ਆਦਿ ਦੇ ਕੇ ਤੇਰੀ ਗਰੀਬੀ ਦੂਰ ਕਰ ਸਕਦਾ ਹਾਂ। ਤੇਰੇ ਜਨਮ ਮਰਨ ਦੇ ਬੰਧਨ ਕੱਟਣ ਅਤੇ ਮਾਨਸਿਕ ਜਾਂ ਰੂਹਾਨੀ ਨਿਸਤਾਰੇ ਦਾ ਮੇਰੇ ਕੋਲ ਕੋਈ ਇਲਾਜ ਨਹੀਂ। ਇਹ ਪੀਰਾਂ ਫਕੀਰਾਂ ਦਾ ਕੰਮ ਹੈ। ਮੈਂ ਤਾਂ ਦੁਨਿਆਵੀ ਬਾਦਸ਼ਾਹ ਹਾਂ। ਨਾਲ ਦੇ ਤੰਬੂ ਵਿਚ ਇਕ ਅਜੇਹੇ ਪੀਰ ਬਿਰਾਜ ਰਹੇ ਹਨ। ਤੇਰੇ ਇਨ੍ਹਾਂ ਸੰਕਟਾਂ ਦਾ ਹੱਲ ਉਨ੍ਹਾਂ ਪਾਸ ਹੀ ਹੈ।" ਘਾਹੀ ਨੇ ਆਪਣਾ ਟਕਾ ਚੁਕਿਆ ਅਤੇ ਆਖਣ ਲੱਗਾ, ਮੈਨੂੰ ਝੂਠੇ ਬਾਦਸ਼ਾਹ ਦੀ ਨਹੀਂ। ਸੱਚੇ ਪਾਤਸ਼ਾਹ ਦੀ ਤਲਾਸ਼ ਹੈ। ਪਾਟੇ ਕਪੜਿਆਂ ਵਾਲਾ ਘਾਹੀ ਜਿਸ ਦਲੇਰੀ ਨਾਲ ਉਸ ਅਗੋਂ ਟਕਾ ਚੁਕ ਕੇ ਗੁਰੂ

ਜੀ ਦੇ ਤੰਬੂ ਨੂੰ ਦੇਂਝਿਆ, ਉਸ ਨੇ ਬਾਦਸ਼ਾਹ ਨੂੰ ਸਪਸ਼ਟ ਕਰ ਦਿਤਾ ਕਿ ਗੁਰੂ ਦੇ ਸਿਖਾਂ ਸ਼ਾਹਮਣੇ ਮੇਰਾ ਮੁੱਲ ਇਕ ਟਕਾ ਵੀ ਨਹੀਂ।

ਆਗਰੇ ਵਿਚ ਹੀ ਗੁਰੂ ਘਰ ਦੀ ਸ਼ਰਧਾਵਾਨ ਬੀਬੀ ਪਾਰਬਤੀ ਨੂੰ ਆਪ ਨੇ ਹੌਂਸਲਾ ਦਿਤਾ ਜੋ ਪਰਿਵਾਰ ਦੇ ਵਿਰੋਧ ਦੇ ਬਾਵਜੂਦ ਗੁਰੂ ਘਰ ਨਾਲ ਜੁੜੀ ਹੋਈ ਸੀ। ਗੁਰੂ ਜੀ ਦੇ ਪ੍ਰਭਾਵ ਨਾਲ ਸਾਰਾ ਪਰਿਵਾਰ ਗੁਰੂ ਘਰ ਨਾਲ ਜੁੜਿਆ। ਬੀਬੀ ਨੂੰ ਆਪ ਨੇ ਆਗਰੇ ਵਿਚ ਗੁਰਮਤਿ ਦੇ ਪ੍ਰਚਾਰ ਦਾ ਕਾਰਜ ਸੌਂਪਿਆ। ਉਸ ਨੇ ਇਹ ਕਾਰਜ ਦੇਰ ਤਕ ਬੜੇ ਉਤਮ ਤਰੀਕੇ ਨਾਲ ਨਿਭਾਇਆ ਅਤੇ ਅਨੇਕਾਂ ਭੁੱਲੇ ਭਟਕੇ ਲੋਕਾਂ ਨੂੰ ਗੁਰਮਤਿ ਮਾਰਗ ਦਸਿਆ।

ਗੁਰੂ ਸਾਹਿਬ ਦੀ ਦਲੇਰੀ, ਹਿੰਮਤ, ਸ਼ਕਤੀ ਅਤੇ ਹਿੰਦੂ ਮੁਸਲਮਾਨਾਂ ਵਿਚ ਉਨ੍ਹਾਂ ਦਾ ਪ੍ਰਭਾਵ ਬਾਦਸ਼ਾਹ ਨੇ ਅੱਖੀਂ ਵੇਖ ਲਿਆ ਸੀ। ਉਸ ਨੂੰ ਕਿਸੇ ਕਿਸੇ ਵੇਲੇ ਇਸ ਤੋਂ ਭੈ ਆਉਂਦਾ। ਕਦੇ ਕਦੇ ਗੁਰੂ ਘਰ ਦੇ ਦੋਖੀ ਚੁਗਲੀਆਂ ਕਰ ਕੇ ਉਸ ਨੂੰ ਚੁਕਦੇ। ਇਸੇ ਸਥਿਤੀ ਵਿਚ ਉਸ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਵਿਚ ਨਜ਼ਰਬੰਦ ਕਰਨ ਦਾ ਹੁਕਮ ਦੇ ਦਿਤਾ।

ਗੁਰੂ ਸਾਹਿਬ ਦੀ 'ਗਵਾਲੀਅਰ' ਵਿਚ ਨਜ਼ਰਬੰਦੀ ਦਾ ਜ਼ਿਕਰ ਸਾਰੇ ਸਿਖ ਤੇ ਗੈਰ ਸਿੱਖ, ਸਮਕਾਲੀ ਤੇ ਪਿਛਲੇਰੇ ਲੇਖਕਾਂ ਦੀਆਂ ਰਚਨਾਵਾਂ ਵਿਚ ਹੈ। ਗੁਰਬਿਲਾਸ, ਮਹਿਮਾ ਪ੍ਰਕਾਸ਼, ਦਬਸਤਾਨਿ ਮਜ਼ਾਹਬ, ਭੱਟ ਵਹੀਆਂ, ਸੂਰਜ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ, ਫਾਰਸਟਰ ਦਾ ਸਫਰਨਾਮਾ—ਕੋਈ ਵੀ ਪੁਰਾਤਨ ਲਿਖਤ ਐਸੀ ਨਹੀਂ ਜਿਸ ਵਿਚ ਆਪ ਦੀ ਗਵਾਲੀਅਰ ਨਜ਼ਰਬੰਦੀ ਦੀ ਚਰਚਾ ਨਾ ਹੋਵੇ। ਸਾਰਿਆਂ ਹੀ ਲਿਖਤਾਂ ਕੈਦ ਦੇ ਸਮੇਂ ਬਾਰੇ ਇਕ ਮੱਤ ਨਹੀਂ ਹਨ। ਇਸ ਲਈ ਸਾਨੂੰ ਇਸ ਸਿਲਸਿਲੇ ਵਿਚ ਆਪਣਾ ਨਿਰਣਾ ਇਨ੍ਹਾਂ ਲਿਖਤਾਂ ਦੇ ਆਧਾਰ ਤੇ ਹੀ ਕਰਨਾ ਪੈਂਦਾ ਹੈ।

ਦਬਸਤਾਨਿ ਮਜ਼ਾਹਬ[1] ਦਾ ਕਰਤਾ ਗੁਰੂ ਸਾਹਿਬ ਦੀ ਬਾਰਾਂ ਸਾਲਾਂ ਦੀ ਨਜ਼ਰਬੰਦੀ ਦੀ ਗੱਲ ਕਰਦਾ ਹੈ:

> ਹਰਗੋਬਿੰਦ ਰਾ ਬਗੁਆਲੀਅਰ ਫਰਿਸਤਾਦ ਵਾ ਦਵਾਜ਼ਦਿਹ
> ਸਾਲ ਦਰਾਂ ਮਕਾਨ ਮਾਨਦ।

ਫਾਰਸਟਰ ਜੋ ਅਠਾਰਵੀਂ ਸਦੀ ਵਿਚ ਪੰਜਾਬ ਆਇਆ, ਆਪਣੇ ਸਫਰ ਨਾਮੇ ਵਿਚ ਨਜ਼ਰਬੰਦੀ ਨੂੰ ਸ਼ਾਰਟ ਕਨਫਾਈਨਮੈਂਟ (ਥੋੜੇ ਸਮੇਂ ਦੀ ਨਜ਼ਰਬੰਦੀ) ਦਸਦਾ ਹੈ। ਪ੍ਰੋ: ਸਤਿਬੀਰ ਸਿੰਘ ਗੁਰੂ ਸਾਹਿਬ ਦੀ ਨਜ਼ਰਬੰਦੀ 27 ਮਹੀਨੇ ਦਸਦੇ ਹਨ। ਉਹ ਇਸ ਦਾ ਅਰਸਾ 1609 ਈ. ਤੇ 1612 ਈ. ਵਿਚਕਾਰ ਮਿਥਦੇ ਹਨ।[2] ਭੱਟ ਵਹੀਆਂ ਗਰਿਫਤਾਰੀ ਦੀ ਮਿਤੀ ਤਾਂ ਨਹੀਂ ਦਸਦੀਆਂ, ਗਵਾਲੀਅਰ ਤੋਂ ਰਿਹਾਈ ਦੀ ਮਿਤੀ 28 ਕਤਕ 1676 ਸਪਸ਼ਟ ਦਿੰਦੀਆਂ ਹਨ। ਇਸ ਅਨੁਸਾਰ ਰਿਹਾਈ ਅਕਤੂਬਰ-ਨਵੰਬਰ 1619 ਈ. ਬਣਦੀ ਹੈ। ਤਵਾਰੀਖ ਗੁਰੂ ਖਾਲਸਾ ਰਿਹਾਈ ਦੀ ਮਿਤੀ 1617

---

1. ਦਬਸਤਾਕਿ ਮਜ਼ਾਹਬ, (ਮੁਨਸ਼ੀ) ਨਵਲ ਕਿਸ਼ੋਰ ਪ੍ਰੈਸ, ਲਖਨਊ, ਨਵੰਬਰ 1881, ਪੰ. 234
2. ਗੁਰ ਭਾਰੀ, ਪੰ. ਯੂ. ਪਟਿਆਲਾ, 1994, ਪੰ. 43-46

ਈ. ਦਿੰਦੀ ਹੈ। ਸੂਰਜ.ਪ੍ਰਕਾਸ਼ ਵੀ ਇਹੀ ਮਿਤੀ ਦਿੰਦਾ ਹੈ। ਪੁਰਾਣੇ ਗ੍ਰੰਥ, ਗੁਰੂ ਸਾਹਿਬ ਦੀ ਗਰਿਫ਼ਤਾਰੀ ਨਾਲ ਚੰਦੂ ਦੀ ਚਤੁਰਾਈ ਨੂੰ ਜੋੜ ਕੇ ਪੇਸ਼ ਕਰਦੇ ਹਨ। ਇਹ ਦਸਦੇ ਹਨ ਕਿ ਚੰਦੂ ਅਤੇ ਹੋਰ ਦੋਖੀਆਂ ਨੇ ਜਹਾਂਗੀਰ ਨੂੰ ਆਖਿਆ ਕਿ ਆਪ ਉਤੇ ਵੱਡੀ ਸਾੜ੍ਹਸਤੀ ਆਉਣ ਵਾਲੀ ਹੈ। ਇਸ ਤੋਂ ਬਚਣ ਦਾ ਇਕੋ ਉਪਾਅ ਹੈ ਕਿ ਕੋਈ ਪਹੁੰਚਿਆ ਹੋਇਆ ਧਰਮਾਤਮਾ ਆਪ ਲਈ ਇਕਾਂਤ ਵਿਚ ਬਹਿ ਕੇ ਬੰਦਗੀ ਕਰੇ ਅਤੇ ਦੁਆ ਕਰੇ। ਉਨ੍ਹਾਂ ਇਹ ਵੀ ਆਖਿਆ ਕਿ ਇਸ ਸਮੇਂ ਦੀ ਸਭ ਤੋਂ ਵੱਡੀ ਧਾਰਮਿਕ ਸ਼ਖਸੀਅਤ ਗੁਰੂ ਹਰਿਗੋਬਿੰਦ ਜੀ ਹਨ। ਉਹ ਆਪ ਦੇ ਨਿਕਟੀ ਵੀ ਹਨ। ਉਨ੍ਹਾਂ ਨੂੰ ਬੇਨਤੀ ਕਰੋ ਕਿ ਉਹ ਆਪ ਲਈ ਗਵਾਲੀਅਰ ਦੇ ਕਿਲੇ ਵਿਚ ਇਕਾਂਤ ਬਹਿ ਕੇ ਚਲੀਹਾ ਕੱਟਣ। ਜਪ ਤਪ ਕਰਨ। ਇਸ ਨਾਲ ਸਰਕਾਰ ਨੂੰ ਦੋਹਰਾ ਲਾਭ ਹੋਵੇਗਾ। ਇਕ ਤਾਂ ਆਪ ਦੀ ਸਾੜ੍ਹਸਤੀ ਟਲੇਗੀ,। ਦੂਜਾ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿਖਾਂ ਤੋਂ ਸਰਕਾਰ ਨੂੰ ਖਤਰਾ ਟਲ ਜਾਵੇਗਾ।

ਪੁਰਾਤਨ ਸਿਖ ਗ੍ਰੰਥਕਾਰ ਇਹ ਤਰਕ ਦਿੰਦੇ ਹਨ ਕਿ ਚੰਦੂ ਅਤੇ ਗੁਰੂ ਘਰ ਦੇ ਦੋਖੀ ਇਕ ਵਾਰ ਗੁਰੂ ਸਾਹਿਬ ਨੂੰ ਡੇਢ ਦੋ ਮਹੀਨੇ ਲਈ ਕਿਲੇ ਵਿਚ ਪੁਚਾਣ ਵਿਚ ਹੀ ਆਪਣੀ ਵੱਡੀ ਸਫਲਤਾ ਸਮਝਦੇ ਸਨ। ਉਹ ਸਮਝਦੇ ਸਨ ਕਿ ਬਾਦਸ਼ਾਹ ਹਕੂਮਤ ਦੇ ਰੁਝੇਵਿਆਂ ਵਿਚ ਉਲਝ ਕੇ ਇਸ ਪਿਛੋਂ ਗਵਾਲੀਅਰ ਵਿਚ ਡਕੇ ਗੁਰੂ ਸਾਹਿਬ ਨੂੰ ਵਿਸਰ ਜਾਵੇਗਾ ਅਤੇ ਉਹ ਜੇਲ੍ਹ ਵਿਚ ਬੰਦ ਹੋ ਕੇ ਰਹਿ ਜਾਣਗੇ। ਉਂਜ ਵੀ ਜੇਲ੍ਹ ਵਿਚ ਨਜ਼ਰਬੰਦ ਗੁਰੂ ਸਾਹਿਬ ਨੂੰ ਖਤਮ ਕਰਨ ਲਈ ਉਹ ਆਪਣੇ ਪਧਰ ਉਤੇ ਵਖਰੇ ਯਤਨ ਕਰਨ ਦੀ ਵੀ ਸੋਚਦੇ ਸਨ।

ਗੁਰੂ ਸਾਹਿਬ ਦੀ ਕੈਦ ਉਪਰੰਤ ਜਦੋਂ 40 ਦਿਨ ਦੀ ਥਾਂ ਖਾਸਾ ਲੰਬਾ ਅਰਸਾ ਲੰਘ ਗਿਆ ਤਾਂ ਸੰਗਤਾਂ ਵਿਚ ਬੇਚੈਨੀ ਵਧੀ। ਗੱਲ ਕਿਵੇਂ ਨਾ ਕਿਵੇਂ ਬਾਦਸ਼ਾਹ ਦੇ ਨੋਟਿਸ ਵਿਚ ਲਿਆਂਦੀ ਗਈ ਅਤੇ ਉਸ ਨੂੰ ਇਸ ਗੱਲ ਲਈ ਕਾਇਲ ਕੀਤਾ ਗਿਆ ਕਿ ਗੁਰੂ ਸਾਹਿਬ ਜਿਹੇ ਧਰਮੀ ਪੁਰਖ ਨੂੰ ਨਜ਼ਰਬੰਦ ਕਰਨਾ ਕਿਸੇ ਵੀ ਤਰ੍ਹਾਂ ਬਾਦਸ਼ਾਹ ਦੇ ਹਿਤ ਵਿਚ ਨਹੀਂ। ਸਿਟੇ ਵਜੋਂ ਗੁਰੂ ਜੀ ਰਿਹਾ ਕਰ ਦਿਤੇ ਗਏ।

ਇਹ ਗੱਲ ਵੀ ਲਗ ਭਗ ਸਾਰੇ ਹੀ ਮੰਨਦੇ ਹਨ ਕਿ ਗੁਰੂ ਸਾਹਿਬ ਜੇਲ੍ਹ ਵਿਚੋਂ ਨਿਸ਼ਚਿਤ ਅਰਸੇ ਤੋਂ ਪਹਿਲਾਂ ਹੀ ਰਿਹਾ ਕਰ ਦਿਤੇ ਗਏ ਅਤੇ ਅਜੇਹਾ ਪੀਰ ਮੀਆਂ ਮੀਰ, ਵਜ਼ੀਰ ਖਾਨ, ਅਤੇ ਨੂਰ ਜਹਾਂ ਜਹੇ ਲੋਕਾਂ ਦੀ ਦਖ਼ਲ ਅੰਦਾਜ਼ੀ ਕਾਰਨ ਸੰਭਵ ਹੋਇਆ। ਸੁਆਲ ਪੈਦਾ ਹੁੰਦਾ ਹੈ ਕਿ ਫਿਰ 12 ਸਾਲ ਕੈਦ ਲਿਖੇ ਜਾਣ ਦਾ ਕੀ ਆਧਾਰ ਹੈ। ਪ੍ਰਤੀਤ ਹੁੰਦਾ ਹੈ ਕਿ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ 12 ਸਾਲ ਦੀ ਨਜ਼ਰਬੰਦੀ ਦੇ ਫੁਰਮਾਨ ਜਾਰੀ ਕੀਤੇ ਹੋਣਗੇ, ਪਰੰਤੂ ਛੇਤੀ ਹੀ ਉਸ ਨੇ ਆਪਣੇ ਅਨਿਆਂ ਭਰੇ ਫੈਸਲੇ ਉਤੇ ਨਜ਼ਰਸਾਨੀ ਕਰ ਕੇ ਗੁਰੂ ਜੀ ਨੂੰ ਬਹੁਤ ਛੇਤੀ ਰਿਹਾ ਕਰ ਦਿਤਾ ਹੋਵੇਗਾ। ਕੁਲ ਮਿਲਾ ਕੇ ਅਸੀਂ ਸਹਿਜੇ ਹੀ ਇਸ ਸਿਟੇ ਉਤੇ ਅਪੜਦੇ ਹਾਂ ਕਿ ਗੁਰੂ ਸਾਹਿਬ 1619 ਵਿਚ ਹੀ ਕਿਸੇ ਸਮੇਂ ਗਰਿਫ਼ਤਾਰ ਕੀਤੇ ਗਏ ਹੋਣਗੇ ਅਤੇ ਇਸੇ ਸਾਲ ਅਕਤੂਬਰ 1619 ਵਿਚ ਰਿਹਾ ਕਰ ਦਿਤੇ ਗਏ ਹੋਣਗੇ।

ਨਿਸਚੇ ਹੀ ਇਹ ਨਜ਼ਰਬੰਦੀ ਛੇ ਅਠ ਮਹੀਨੇ ਦੇ ਕਰੀਬ ਰਹੀ ਹੋਵੇਗੀ। ਗੁਰੂ

ਸਾਹਿਬ ਦੀ ਸੰਤਾਨ ਦੀਆਂ ਜਨਮ ਮਿਤੀਆਂ ਵੀ ਆਪ ਦੀ 12 ਸਾਲ ਲੰਬੀ ਕੈਦ ਦੀ ਪੁਸ਼ਟੀ ਨਹੀਂ ਕਰਦੀਆਂ। ਇਤਿਹਾਸਕਾਰਾਂ ਅਨੁਸਾਰ ਆਪ ਦੇ ਘਰ ਭਾਈ ਗੁਰਦਿਤਾ ਜੀ 1613, ਬੀਬੀ ਵੀਰੋ ਜੀ 1615, ਸੂਰਜ ਮੱਲ ਜੀ 1617, ਅਣੀਰਾਏ ਜੀ 1618 ਅਟੱਲ ਰਾਇ ਜੀ 1619 ਅਤੇ ਤੇਗ ਬਹਾਦੁਰ ਜੀ 1621 ਵਿਚ ਜਨਮੇਂ।

ਗਵਾਲੀਅਰ ਵਿਚ ਗੁਰੂ ਸਾਹਿਬ ਦੀ ਨਜ਼ਰਬੰਦੀ ਕੋਈ ਸਾਧਾਰਨ ਗੱਲ ਨਹੀਂ ਸੀ। ਕਿਲ੍ਹਾ ਗਵਾਲੀਅਰ ਉਨ੍ਹਾਂ ਦਿਨਾਂ ਵਿਚ ਇਕ ਬਦਨਾਮ ਕਿਲ੍ਹਾ ਸੀ। ਜਿਸ ਵੀ ਰਾਜੇ ਰਜਵਾੜੇ ਜਾਂ ਖਾਸ ਬੰਦੇ ਤੋਂ ਸ਼ਹਿਨਸ਼ਾਹ ਨੇ ਛੁਟਕਾਰਾ ਪਾਣਾ ਹੁੰਦਾ, ਉਸ ਨੂੰ ਇਸ ਕਿਲ੍ਹੇ ਵਿਚ ਭੇਜ ਦਿਤਾ ਜਾਂਦਾ। ਅਕਬਰ ਨੇ ਸ਼ਾਹੀ ਕੈਦੀ ਇਸ ਕਿਲ੍ਹੇ ਵਿਚ ਰਖਣ ਦਾ ਰਿਵਾਜ ਪਾਇਆ ਸੀ। ਜਹਾਂਗੀਰ ਇਸ ਬਦਨਾਮ ਕਿਲ੍ਹੇ ਵਿਚ ਅਨੇਕਾਂ ਰਾਜੇ, ਰਜਵਾੜੇ ਅਤੇ ਵਿਰੋਧੀ ਡਕ ਕੇ ਚੁਪ ਚਾਪ ਖ਼ਤਮ ਕਰਵਾਂਦਾ ਰਹਿੰਦਾ ਸੀ। ਕੈਦੀਆਂ ਉਤੇ ਕਰੜੀ ਨਿਗਰਾਨੀ ਹੁੰਦੀ। ਉਨ੍ਹਾਂ ਦੀ ਖੁਰਾਕ ਵਿਚ ਆਹਿਸਤਾ ਆਹਿਸਤਾ ਅਸਰ ਕਰ ਕੇ ਬੰਦੇ ਨੂੰ ਖਤਮ ਕਰਨ ਵਾਲਾ ਜ਼ਹਿਰ ਤਕ ਦਿਤੇ ਜਾਣ ਦੀ ਬਦਨਾਮੀ ਵੀ ਇਸ ਕਿਲ੍ਹੇ ਨਾਲ ਜੁੜੀ ਹੋਈ ਸੀ। ਗੁਰੂ ਸਾਹਿਬ ਦੀ ਨਜ਼ਰਬੰਦੀ ਦੀ ਖਬਰ ਤੁਰਤ ਹੀ ਸਾਰੇ ਪੰਜਾਬ ਵਿਚ ਫੈਲ ਗਈ ਜਿਸ ਨਾਲ ਸਿਖ ਜਗਤ ਬੇਚੈਨ ਹੋ ਉਠਿਆ। ਗੁਰੂ ਸਾਹਿਬ ਜਦੋਂ ਇਸ ਕਿਲ੍ਹੇ ਵਿਚ ਗਏ ਤਾਂ ਉਦੋਂ ਇਥੇ 103 ਸ਼ਾਹੀ ਬੰਦੀਵਾਨ ਸਨ। ਗੁਰੂ ਕੀਆਂ ਸਾਖੀਆਂ ਜਿਸ ਨੂੰ ਗਿਆਨੀ ਗਰਜਾ ਸਿੰਘ ਤੋਂ ਪ੍ਰਾਪਤ ਭਟ ਵਹੀਆਂ ਦੀ ਰੋਸ਼ਨੀ ਵਿਚ ਪ੍ਰੋ: ਪਿਆਰਾ ਸਿੰਘ ਪਦਮ[1] ਨੇ ਸੰਪਾਦਿਤ ਕੀਤਾ ਹੈ, ਇਸ ਬਾਰੇ ਇਉਂ ਦਸਦੀ ਹੈ :

''.........ਗੜ੍ਹ 'ਗਵਾਲੀਅਰ' ਸੇ ਭਾਗਾਂ ਵਾਲਾ ਹੀ ਬੰਦਾ ਰਿਹਾ ਹੋਇਕੇ ਆਤਾ ਸੀ। ਕਿਲੇ ਮੇਂ 103 ਬੰਦੀਵਾਨ ਥੇ ਜਿਨ ਮੇਂ ਸੇ ਬਾਵਨ ਰਾਜੇ ਲੰਬੀਆਂ ਕੈਦਾਂ ਵਾਲੇ ਥੇ।''

ਕਿਲ੍ਹੇ ਦਾ ਦਰੋਗਾ ਹਰੀ ਰਾਮ ਸੀ। ਉਹ ਮੁਗਲ ਸ਼ਹਿਨਸ਼ਾਹ ਦਾ ਵਫਾਦਾਰ ਸੀ, ਪਰ ਛੇਤੀ ਹੀ ਉਹ ਗੁਰੂ ਜੀ ਦਾ ਵੀ ਸ਼ਰਧਾਲੂ ਬਣ ਗਿਆ। ਉਸ ਨੇ ਗੁਰੂ ਸਾਹਿਬ ਨੂੰ ਦਸਿਆ ਕਿ ਕਿਲੇ ਦੇ ਸਰਕਾਰੀ ਖਾਣੇ ਵਿਚ ਮਿੱਠਾ ਜ਼ਹਿਰ ਦਿਤਾ ਜਾਂਦਾ ਹੈ ਜਿਸ ਨਾਲ ਬੰਦਾ ਹੋਲੀ ਹੋਲੀ ਖੀਣ ਹੋ ਕੇ ਮਰ ਜਾਂਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਅਸੀਂ ਜੇਲ੍ਹ ਦਾ ਸ਼ਾਹੀ ਖਾਣਾ ਪ੍ਰਵਾਨ ਨਹੀਂ ਕਰਾਂਗੇ। ਸਾਨੂੰ ਤਾਂ ਸਾਡੇ ਕਿਰਤੀ ਸਿੱਖਾਂ ਦੀ ਕਮਾਈ ਵਿਚੋਂ ਬਣਿਆ ਭੋਜਨ ਹੀ ਠੀਕ ਹੈ। ਗੁਰ ਬਿਲਾਸ ਅਨੁਸਾਰ :

ਸ੍ਰੀ ਗੁਰੂ ਕਹਾ ਕਿਰਤ ਕਰ ਲਿਆਵੈ।
ਸੋ ਭੋਜਨ ਹਮ ਕੋ ਕਰਵਾਵੈ।[2]

ਗੁਰੂ ਸਾਹਿਬ ਪੰਜ ਸੋ ਰੁਪਏ ਦਾ ਸ਼ਾਹੀ ਰੋਜ਼ੀਨਾ ਵੀ ਆਪ ਖਰਚਨ ਦੀ ਥਾਂ ਸਾਥੀ ਬੰਦੀਵਾਨਾਂ ਵਿਚ ਹੀ ਵੰਡ ਦਿੰਦੇ। ਗੁਰੂ ਸਾਹਿਬ ਦੇ ਪਹੁੰਚਣ ਨਾਲ ਕਿਲੇ ਦਾ ਮਾਹੋਲ

1. ਗੁਰੂ ਕੀਆਂ ਸਾਖੀਆਂ, ਸੰਪਾ. ਪਿਆਰਾ ਸਿੰਘ ਪਦਮ, ਕਲਮ ਮੰਦਰ, ਪਟਿਆਲਾ, 1986, ਪੰ. 34
2. ਗੁਰ ਬਿਲਾਸ, ਪੰ. 264

ਅਸਲੋਂ ਬਦਲ ਗਿਆ। ਬੰਦੀਆਂ ਨੂੰ ਚੰਗੀ ਖੁਰਾਕ ਪ੍ਰਾਪਤ ਹੋਣ ਲੱਗੀ। ਉਹ ਦੋਵੇਂ ਵੇਲੇ ਕੀਰਤਨ ਅਤੇ ਸਤਸੰਗ ਵਿਚ ਜੁੜਦੇ। ਕੜਾਹ ਪ੍ਰਸ਼ਾਦ ਛਕਦੇ। ਕਾਲ ਕੋਠੜੀਆਂ ਵਿਚੋਂ ਪ੍ਰਭੂ ਸਿਮਰਨ ਦੀਆਂ ਮਿਠੀਆਂ ਧੁਨਾਂ ਉਠਦੀਆਂ। ਗੁਰੂ ਜੀ ਦਾ ਸ਼ਰਧਾਲੂ ਬਣਿਆ ਦਰੋਗਾ ਕੈਦੀਆਂ ਨੂੰ ਮੁਕਤ ਤਾਂ ਨਹੀਂ ਸੀ ਕਰ ਸਕਦਾ, ਪਰ ਉਸ ਨੇ ਸਭ ਦੇ ਜੀਵਨ ਨੂੰ, ਆਪਣੀ ਵਿਤ ਮੂਜਬ, ਜਿੰਨਾ ਵੀ ਸੁਖੀ ਬਣਾ ਸਕਦਾ ਸੀ, ਬਣਾਇਆ। ਕਈਆਂ ਕੈਦੀਆਂ ਨੇ ਦਇਆਵਾਨ ਹੋਏ ਦਰੋਗੇ ਦੀ ਕਿਰਪਾ ਨਾਲ ਵਰ੍ਹਿਆਂ ਪਿਛੋਂ ਸੂਰਜ ਦੀ ਰੋਸ਼ਨੀ ਵੇਖੀ ਅਤੇ ਤਾਜ਼ੀ ਹਵਾ ਦਾ ਸੇਵਨ ਕੀਤਾ। ਗੁਰੂ ਸਾਹਿਬ ਦੀ ਸੰਗਤ ਅਤੇ ਉਪਦੇਸ਼ਾਂ ਨੇ ਸਭ ਨੂੰ ਚੜ੍ਹਦੀ ਕਲਾ ਵਿਚ ਲੈ ਆਂਦਾ। ਇਕ ਸੱਜਰੀ ਜੀਵਨ-ਰੌ ਦਾ ਸੰਚਾਰ ਸਭ ਵਿਚ ਹੋ ਗਿਆ।

ਜਿਉਂ ਜਿਉਂ ਗੁਰੂ ਸਾਹਿਬ ਦੀ ਨਜ਼ਰਬੰਦੀ ਲੰਬੀ ਹੁੰਦੀ ਗਈ ਤਿਉਂ ਤਿਉਂ ਸਿਖਾਂ ਵਿਚ ਬੇਚੈਨੀ ਵਧਦੀ ਗਈ। ਮਸੰਦਾਂ ਦੀ ਅਗਵਾਈ ਵਿਚ ਸਿਖਾਂ ਦੇ ਜਥੇ ਬਣ ਬਣ ਕੇ ਗਵਾਲੀਅਰ ਆਉਂਦੇ ਅਤੇ ਕਿਲ੍ਹੇ ਦੀਆਂ ਉਚੀਆਂ ਦੀਵਾਰਾਂ ਦੇ ਬਾਹਰੋਂ ਹੀ ਮਥਾ ਟੇਕ ਟੇਕ ਮੁੜ ਜਾਂਦੇ। ਦਬਸਤਾਨਿ ਮਜ਼ਾਹਬ ਇਸ ਦੀ ਗਵਾਹੀ ਇਉਂ ਦਿੰਦੀ ਹੈ :

ਦਰ-ਆਂ ਹੰਗਾਮਿ ਮਸੰਦਾ ਵ ਸਿਖਾਂ ਮੀ ਰਫਤੰਦ
ਵ ਦੀਵਾਰੇ ਕਿਲ੍ਹਾ ਰਾ ਸਜਦਾ ਮੀ ਕਰਦੰਦ।[1]

ਅੰਮ੍ਰਿਤਸਰ ਵਿਚ ਸਿਖ ਚੌਕੀਆਂ ਕੱਢਦੇ। ਦਰਬਾਰ ਸਾਹਿਬ ਦੇ ਸਾਹਮਣੇ ਖਾਮੋਸ਼ ਉਦਾਸੀ ਪ੍ਰਗਟਾਂਦੇ। ਭਾਈ ਗੁਰਦਾਸ ਅਤੇ ਬਾਬਾ ਬੁਢਾ ਜੀ ਪਿੰਡ ਪਿੰਡ ਅਤੇ ਸ਼ਹਿਰ ਸ਼ਹਿਰ ਫਿਰ ਕੇ ਸਿਖਾਂ ਨੂੰ ਸੰਗਠਿਤ ਕਰਨ ਤੇ ਚੜ੍ਹਦੀ ਕਲਾ ਵਿਚ ਰਖਣ ਦਾ ਕਾਰਜ ਕਰਦੇ। ਉਨ੍ਹਾਂ ਦੇ ਯਤਨਾਂ ਕਾਰਨ ਗੁਰੂ ਜੀ ਦੀ ਗੈਰਹਾਜ਼ਰੀ ਦੌਰਾਨ ਸਿਖ ਮੀਣਿਆਂ ਦੀ ਗੱਦੀ ਨਾਲ ਜੁੜਨ ਤੋਂ ਵਰਜੇ ਰਹੇ।

ਇਸ ਦੌਰਾਨ ਜਹਾਂਗੀਰ ਸਚ ਮੁਚ ਖਾਸਾ ਬੀਮਾਰ ਹੋ ਗਿਆ। ਕੋਈ ਇਲਾਜ ਉਸ ਉਤੇ ਕਾਰਗਰ ਨਾ ਹੋਇਆ। ਮਾਨਸਿਕ ਪਰੇਸ਼ਾਨੀ ਤਣਾਓ ਅਤੇ ਬੇਚੈਨੀ ਕਾਰਨ ਉਹ ਰਾਤ ਨੂੰ ਡਰ ਡਰ ਕੇ ਉਠਦਾ। ਸਿਖ ਪਰੰਪਰਾ ਇਹ ਕਹਿੰਦੀ ਹੈ ਕਿ ਗੁਰੂ ਦੇ ਸਿਦਕੀ ਸਿਖ ਆਪਣੀ ਕਰਾਮਾਤੀ ਸ਼ਕਤੀ ਦੀ ਵਰਤੋਂ ਨਾਲ ਜਹਾਂਗੀਰ ਨੂੰ ਰਾਤ ਨੂੰ ਡਰਾਉਂਦੇ। ਕੁਝ ਵੀ ਹੋਵੇ ਬੀਮਾਰੀ, ਬੇਚੈਨੀ ਤੇ ਤਣਾਓ ਕਾਰਨ ਬਾਦਸ਼ਾਹ ਦੀ ਹਾਲਤ ਜਦੋਂ ਬਹੁਤ ਖਰਾਬ ਹੋ ਗਈ ਤਾਂ ਮਲਕਾ ਨੂਰ ਜਹਾਂ ਨੇ ਪੀਰਾਂ ਫਕੀਰਾਂ ਦਾ ਆਸਰਾ ਲਿਆ। ਮੀਆਂ ਮੀਰ ਜਹੇ ਪੀਰਾਂ ਨੇ ਜਹਾਂਗੀਰ ਨੂੰ ਆਖਿਆ ਕਿ ਇਹ ਖੁਦਾਈ ਕਹਿਰ ਹੈ। ਤੁਸੀਂ ਖੁਦਾ ਦੇ ਨੇਕ ਬੰਦੇ ਗੁਰੂ ਹਰਿਗੋਬਿੰਦ ਦੀ ਬੇਅਦਬੀ ਕੀਤੀ ਹੈ। ਉਸ ਨੂੰ ਅਕਾਰਨ ਜੇਲ੍ਹ ਵਿਚ ਡੱਕ ਰੱਖਿਆ ਹੈ। ਵਜ਼ੀਰ ਖਾਨ ਨੇ ਵੀ ਇਸ ਦੀ ਹਾਮੀ ਭਰੀ। ਨੂਰ ਜਹਾਂ ਜੋ ਮੀਆਂ ਮੀਰ ਜੀ ਦੀ ਖਾਸ ਸ਼ਰਧਾਲੂ ਸੀ, ਉਸ ਨੇ ਜ਼ੋਰ ਦੇ ਕੇ ਆਖਿਆ ਕਿ ਗੁਰੂ ਹਰਿਗੋਬਿੰਦ ਜੀ ਨੂੰ ਤੁਰੰਤ ਰਿਹਾ ਕੀਤਾ ਜਾਵੇ। ਸਿਟੇ ਵਜੋਂ ਜਹਾਂਗੀਰ ਨੇ ਵਜ਼ੀਰ ਖਾਂ ਨੂੰ ਕਿਹਾ ਕਿ

1. ਦਬਸਤਾਨਿ-ਇ-ਮਜ਼ਾਹਬ, ਪੰ. 234

ਗਵਾਲੀਅਰ ਸ਼ਾਹੀ ਹੁਕਮ ਭੇਜੋ ਕਿ ਗੁਰੂ ਸਾਹਿਬ ਨੂੰ ਤੁਰੰਤ ਬਿਨਾ ਸ਼ਰਤ ਰਿਹਾ ਕਰ ਕੇ ਅਦਬ ਨਾਲ ਵਾਪਸ ਲਿਆਂਦਾ ਜਾਵੇ।

ਗੁਰੂ ਜੀ ਦੀ ਰਿਹਾਈ ਦਾ ਪਰਵਾਨਾ ਪ੍ਰਾਪਤ ਹੋਣ ਤੇ ਦਰੋਗਾ ਹਰੀ ਰਾਮ ਬੜਾ ਖੁਸ਼ ਹੋਇਆ ਪਰ ਕਿਲ੍ਹੇ ਦੇ ਸਾਰੇ ਬੰਦੀਵਾਨ ਡੂੰਘੇ ਗਮ ਤੇ ਉਦਾਸੀ ਵਿਚ ਡੁੱਬ ਗਏ। ਉਨ੍ਹਾਂ ਨੂੰ ਲਗਿਆ ਕਿ ਹੁਣ ਉਨ੍ਹਾਂ ਦਾ ਕੋਈ ਵਾਲੀ ਵਾਰਸ ਨਹੀਂ ਰਹੇਗਾ। ਹੁਣ ਉਹ ਸਦੀਵੀ ਨਰਕ ਵਰਗੀ ਕੈਦ ਵਿਚ ਘੁਟ ਘੁਟ ਕੇ ਮਰਨ ਜੋਗੇ ਹੀ ਰਹਿ ਜਾਣਗੇ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹੌਸਲਾ ਦਿਵਾਇਆ ਕਿ ਉਹ ਉਦੋਂ ਤਕ ਬਾਹਰ ਨਹੀਂ ਨਿਕਲਣਗੇ ਜਦੋਂ ਤਕ ਇਕ ਵੀ ਬੰਦੀਵਾਨ ਕਿਲ੍ਹੇ ਵਿਚ ਬੰਦ ਹੋਵੇਗਾ। ਰਿਹਾ ਹੋਵਾਂਗੇ ਤਾਂ ਸਾਰੇ ਇਕੱਠੇ। ਸ਼ਾਹੀ ਮਨਸਬਦਾਰ ਨੂੰ ਗੁਰੂ ਜੀ ਨੇ ਆਪਣਾ ਫ਼ੈਸਲਾ ਸੁਣਾ ਦਿਤਾ।

ਸੁਣ ਦਿਆਲ ਪ੍ਰਭ ਲਿਖਾ ਜਵਾਬ।
ਬਾਦਸ਼ਾਹ ਸੋ ਕਹੋ ਸ਼ਿਤਾਬ।
ਬੰਦੀ ਖਾਨਾ ਸਗਲ ਛੁਡਾਵੈ।
ਤਬ ਹਮ ਗੜ੍ਹ ਸੋਂ ਬਾਹਰ ਆਵੈ।

ਗੁਰੂ ਕੀਆਂ ਸਾਖੀਆਂ ਅਨੁਸਾਰ[1] ਬਾਦਸ਼ਾਹ ਨੇ ਸਾਰੀ ਦਾਸਤਾਨ ਸੁਣ ਕੇ "ਪਰਵਾਨਾ ਲਿਖਾਇ ਕੇ ਦੀਆ ਕਿ ਥੋੜੀ ਮਿਆਦ ਵਾਲੇ ਕੈਦੀ ਸਭ ਛੋੜ ਦੀਏ ਜਾਏਂ। ਬੜੀ ਕੈਦਾਂ ਵਾਲੇ ਜੋ ਪੀਰ ਕਾ ਜਾਮਾ ਪਕੜ ਕੇ ਬਾਹਰ ਗੜ੍ਹ ਸੇ ਆਇ ਜਾਏਂ ਉਨ ਕੀ ਬੰਦ ਖਲਾਸ ਕੀ ਜਾਏ।"...ਗਵਾਲੀਅਰ ਵਿਚ 52 ਬੰਦੀ ਲੰਬੀਆਂ ਕੈਦਾਂ ਵਾਲੇ ਸਨ। ਬਾਕੀ 51 ਬੰਦੀ ਥੋੜ੍ਹੀ ਮਿਆਦ ਵਾਲੇ ਸਨ। ਗੁਰੂ ਕੀਆਂ ਸਾਖੀਆਂ ਦੀ ਪੂਰਬਲੀ ਗਵਾਹੀ ਮੰਨ ਲਈ ਜਾਵੇ ਤਾਂ ਪ੍ਰਤੀਤ ਹੁੰਦਾ ਹੈ ਕਿ ਸ਼ਾਹੀ ਫੁਰਮਾਨ ਅਨੁਸਾਰ ਗਵਾਲੀਅਰ ਜੇਲ੍ਹ ਦੇ ਥੋੜ੍ਹੀ ਮਿਆਦ ਵਾਲੇ 51 ਬੰਦੀਵਾਨ ਤਾਂ ਉਂਜ ਹੀ ਛੱਡ ਦਿਤੇ ਗਏ। ਲੰਬੀਆਂ ਕੈਦਾਂ ਵਾਲੇ 52 ਰਾਜੇ ਗੁਰੂ ਜੀ ਦੇ ਵਿਸ਼ੇਸ਼ ਰੂਪ ਵਿਚ ਸਿਲਵਾਏ ਗਏ ਕਲੀਆਂ ਵਾਲੇ ਜਾਮੇ ਨੂੰ ਫੜ ਕੇ ਬਾਹਰ ਨਿਕਲ ਗਏ। ਸਾਰਾ ਬੰਦੀ ਖਾਨਾ ਖਾਲੀ ਹੋ ਗਿਆ।

1. ਗੁਰੂ ਕੀਆਂ ਸਾਖੀਆਂ ਸੰਪਾ. ਪਿਆਰਾ ਸਿੰਘ ਪਦਮ, ਕਲਮ ਮੰਦਰ, ਪਟਿਆਲਾ, 1986, ਪੰ. 35

ਅਧਿਆਇ 7

ਸ੍ਰੀ ਗੁਰੂ ਤੀਰਥ ਜੰਗਮ ਭਾਰੀ

ਗੁਰੂ ਸਾਹਿਬ ਸ਼ਰਧਾਲੂਆਂ ਲਈ ਚਲਦੇ ਫਿਰਦੇ ਤੀਰਥ ਸਨ। ਗੁਰੂ ਜੀ ਜਿਥੋਂ ਲੰਘਦੇ, ਜਿਥੇ ਜਾਂਦੇ ਲੋਕ ਭਵ ਸਾਗਰ ਪਾਰ ਹੋਈ ਜਾਂਦੇ। ਗੁਰਬਿਲਾਸ ਦਾ ਵਾਕ ਹੈ ਹੈ ਸ੍ਰੀ ਗੁਰੂ ਤੀਰਥ ਜੰਗਮ (ਚਲਦਾ) ਭਾਰੀ। ਜਿਥੇ ਵੀ ਆਪ ਟਿਕਦੇ ਉਥੇ ਹੀ ਸ਼ਰਧਾਲੂ ਹੁੰਮ ਹੁਮਾ ਕਿ ਇਉਂ ਆ ਜਾਂਦੇ ਜਿਵੇਂ ਤੀਰਥ-ਯਾਤਰਾ ਲਈ ਆਏ ਹੋਣ। ਗਵਾਲੀਅਰ ਵਿਚ ਤਾਂ ਆਪ ਨੇ ਚੰਗਾ ਸਮਾਂ ਗੁਜ਼ਾਰਿਆ ਸੀ। ਇਸ ਲਈ ਆਪ ਦੇ ਰਿਹਾ ਹੋਣ ਉਪਰੰਤ ਉਥੇ ਸੰਗਤਾਂ ਦਾ ਆਪ ਦੁਆਲੇ ਜੁੜਣਾ ਤਾਂ ਲਾਜ਼ਮੀ ਸੀ। ਉਥੇ ਆਪ ਦੀ ਪਾਵਨ ਯਾਦ ਵੀ ਬਣਨੀ ਹੀ ਬਣਨੀ ਸੀ ਅਤੇ ਉਹ ਬਣੀ ਵੀ। ਪਰ ਗੁਰੂ ਸਾਹਿਬ ਰਿਹਾ ਹੋਣ ਉਪਰੰਤ ਬਹੁਤੀ ਦੇਰ ਗਵਾਲੀਅਰ ਨਹੀਂ ਟਿਕੇ। ਉਹ ਜਹਾਂਗੀਰ ਨੂੰ ਮਿਲਣਾ ਚਾਹੁੰਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਗਵਾਲੀਅਰ ਤੋਂ ਮੁਕਤ ਹੋਣ ਅਤੇ ਉਸ ਤੋਂ ਤੁਰਤ ਬਾਦ ਦੇ ਸਿਲਸਿਲੇ ਵਿਚ ਭੱਟ ਵਹੀ ਜਾਦੋਬੰਸੀਆਂ ਬੜਤੀਆਂ ਦੀ ਇਕ ਟੂਕ ਇਸ ਪ੍ਰਕਾਰ ਹੈ :

"ਗੁਰੂ ਹਰਿਗੋਬਿੰਦ ਜੀ, ਮਹਲ ਛਟਾ, ਬੇਟਾ ਗੁਰੂ ਅਰਜਨ ਜੀ ਕਾ, ਸੋਢੀ ਖੱਤਰੀ, 'ਚੱਕ ਗੁਰੂ ਕਾ,' ਪਰਗਣਾ ਨਿਝਰਆਲਾ, ਸੰਮਤ ਸੋਲਾਂ ਸੈ ਛਿਹਤਰਾ, ਕਤਕ ਮਾਸੇ, ਕ੍ਰਿਸ਼ਨਾ ਪੱਖੇ, ਚੋਦਸ ਕੇ ਦਿਹੁੰ, ਗੁਰੂ ਜੀ ਬਾਵਨ ਰਾਜਯੋਂ ਕੇ ਗੈਲ, ਗੜ੍ਹ ਗਵਾਲੀਅਰ ਸੇ ਬੰਧਨ-ਮੁਕਤ ਹੂਏ। ਨਾਇਕ ਹਰੀ ਰਾਮ, ਦਰੋਗਾ, ਬੇਟਾ ਨਾਇਕ ਹਰਬੰਸ ਲਾਲ ਕਾ, ਚੰਦਰਬੰਸੀ ਜਾਦਵ ਬੜਤੀਆ ਕਨਾਵਤ ਨੇ, ਬੰਦੀ ਛੋੜ ਗੁਰੂ ਹਰਿਗੋਬਿੰਦ ਜੀ ਕੇ ਬੰਧਨ ਮੁਕਤ ਹੋਨੇ ਕੀ ਖੁਸੀ ਮੇਂ, ਦੀਪਮਾਲਾ ਕੀ। ਏਕ ਦਿਵਸ ਨਾਇਕ ਹਰੀ ਰਾਮ ਕੇ ਗ੍ਰਿਹਿ ਮੇਂ ਨਿਵਾਸ ਕਰਕੇ ਗਵਾਲੀਅਰ ਸੇ ਬਿਦਾਇਗੀ ਲੀ। ਰਾਸਤੇ ਕਾ ਪੰਧ ਮੁਕਾਇ ਆਗਰੇ ਆਇ ਨਿਵਾਸ ਕੀਆ।"

ਸਪਸ਼ਟ ਹੈ ਕਿ ਗੁਰੂ ਸਾਹਿਬ ਦੀ ਰਿਹਾਈ ਦੀ ਖੁਸ਼ੀ ਵਿਚ ਕਿਲਾ ਗਵਾਲੀਅਰ ਦੇ ਦਰੋਗਾ ਹਰੀ ਰਾਮ ਨੇ ਦੀਪਮਾਲਾ ਕੀਤੀ। ਗੁਰੂ ਸਾਹਿਬ ਦੀ ਰਿਹਾਈ ਦੀ ਖਬਰ ਸੁਣ ਕੇ ਅੰਮ੍ਰਿਤਸਰ ਵੀ ਦੀਪਮਾਲਾ ਕੀਤੀ ਗਈ। ਸਿਖ ਪਰੰਪਰਾ ਵਿਚ ਗੁਰੂ ਸਾਹਿਬ ਦੀ ਰਿਹਾਈ ਦੀਵਾਲੀ ਵਾਲੇ ਦਿਨ ਹੋਈ ਮੰਨੀ ਜਾਂਦੀ ਹੈ। ਗਵਾਲੀਅਰ ਵਿਚ ਦਰੋਗਾ ਹਰੀ ਰਾਮ ਦੇ ਘਰ ਇਕ ਦਿਨ ਵਿਸ਼ਰਾਮ ਉਪਰੰਤ ਗੁਰੂ ਸਾਹਿਬ ਆਗਰੇ ਆਏ ਜਿਥੇ ਉਹ ਜਹਾਂਗੀਰ ਨੂੰ ਮਿਲੇ। ਗੁਰੂ ਸਾਹਿਬ ਦੀ ਇਹ ਵਡਿਆਈ ਸੀ ਕਿ ਉਹ ਵੈਰੀ ਮਿਤਰ ਨੂੰ

ਇਕ ਸਮਾਨ ਜਾਣਦੇ ਸਨ। ਉਹ ਕਹਿੰਦੇ ਸਨ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਸਵਾਰਥ, ਅਗਿਆਨ ਆਦਿ ਕਾਰਨ ਮਨੁੱਖ ਭੁੱਲਾਂ ਕਰਦਾ ਹੈ। ਮਾੜੇ ਕਰਮ ਕਰਦਾ ਹੈ। ਅਜੇਹੇ ਸਮੇਂ ਉਹ ਸਾਨੂੰ ਆਪਣਾ ਦੁਸ਼ਮਨ ਪ੍ਰਤੀਤ ਹੋਣ ਲਗਦਾ ਹੈ। ਜਦੋਂ ਉਸ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਤਾਂ ਉਸ ਦੀ ਆਤਮਾ ਨਿਰਮਲ ਹੋ ਜਾਂਦੀ ਹੈ। ਉਹ ਭੁੱਲਾਂ ਦਾ ਪਸ਼ਚਾਤਾਪ ਕਰਦਾ ਹੈ। ਉਦੋਂ ਉਹੀ ਮਨੁੱਖ ਸਾਨੂੰ ਆਪਣਾ ਮਿਤਰ ਨਜ਼ਰ ਆਉਂਦਾ ਹੈ।

ਜਹਾਂਗੀਰ ਨੇ ਨਿੰਦਕਾਂ ਅਤੇ ਗੁਰੂ-ਘਰ ਦੇ ਦੋਖੀਆਂ ਦੇ ਚੁਕੇ ਚੁਕਾਏ ਗੁਰੂ ਸਾਹਿਬ ਨੂੰ ਨਜ਼ਰਬੰਦ ਕਰ ਦਿਤਾ ਸੀ। ਮੀਆਂ ਮੀਰ ਵਰਗੇ ਮਹਾਂ ਪੁਰਸ਼ਾਂ ਦੀ ਕਿਰਪਾ ਨਾਲ ਜਦੋਂ ਉਸ ਨੂੰ ਸਥਿਤੀ ਦਾ ਸਹੀ ਗਿਆਨ ਹੋਇਆ, ਉਹ ਗੁਰੂ ਸਾਹਿਬ ਦੀ ਰੂਹਾਨੀਅਤ ਦਾ ਕਾਇਲ ਹੋਇਆ ਅਤੇ ਉਸ ਨੂੰ ਪਸ਼ਚਾਤਾਪ ਹੋਇਆ। ਇਸੇ ਲਈ ਉਸ ਨੇ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਇੱਛਾ ਜ਼ਾਹਰ ਕੀਤੀ ਸੀ। ਆਗਰੇ ਵਿਚ ਪਹੁੰਚ ਕੇ ਜਦੋਂ ਗੁਰੂ ਉਸ ਨੂੰ ਮਿਲੇ ਤਾਂ ਉਹ ਅਜੇ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਸੀ। ਉਸ ਨੇ ਗੁਰੂ ਜੀ ਤੋਂ ਖਿਮਾਂ ਮੰਗੀ ਅਤੇ ਕਿਹਾ ਕਿ ਮੈਨੂੰ ਤਾਂ ਇਹ ਦਸਿਆ ਗਿਆ ਸੀ ਕਿ (ਗੁਰੂ) ਹਰਿਗੋਬਿੰਦ, ਪਿਤਾ ਦੀ ਮੌਤ ਦਾ ਬਦਲਾ ਲੈਣ ਲਈ ਤਿਆਰੀ ਕਰ ਰਿਹਾ ਹੈ। ਮੈਨੂੰ ਹੁਣ ਤਸੱਲੀ ਹੋ ਗਈ ਹੈ ਕਿ ਆਪ ਵਿਚ ਬਦਲਾ ਲੈਣ ਦੀ ਭਾਵਨਾ ਨਹੀਂ ਹੈ। ਉਸ ਨੇ ਉਂਜ ਵੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਸਾਰੀ ਜ਼ਿੰਮੇਵਾਰੀ ਚੰਦੂ ਉਤੇ ਸੁੱਟ ਦਿੱਤੀ। ਰਾਜ ਸੱਤਾ ਦਾ ਸਤਿ ਹੀ ਬਹੁਤੇ ਸਮਕਾਲੀ ਲੋਕਾਂ ਲਈ ਸਤਿ ਹੁੰਦਾ ਹੈ। ਇਸ ਲਈ ਦੇਰ ਤਕ ਚੰਦੂ ਹੀ ਇਸ ਸ਼ਹਾਦਤ ਦਾ ਪੂਰਾ ਸੂਰਾ ਜ਼ਿੰਮੇਵਾਰ ਮਿਥਿਆ ਜਾਂਦਾ ਰਿਹਾ ਹੈ। ਹਾਲਾਂ ਕਿ ਅਜੇਹਾ ਨਹੀਂ ਸੀ। ਗੁਰਬਿਲਾਸ ਅਨੁਸਾਰ ਗੁਰੂ ਸਾਹਿਬ ਨੇ ਵੀ ਜਹਾਂਗੀਰ ਨੂੰ ਇਸ ਪਾਪ ਤੋਂ ਮੁਕਤ ਨਾ ਕਰਦੇ ਹੋਏ ਕਿਹਾ ਕਿ ਇਸ ਦਾ ਲੇਖਾ ਤਾਂ ਰੱਬੀ ਦਰਗਾਹ ਵਿਚ ਹੀ ਹੋਵੇਗਾ :

ਹਮਰਾ ਤੁਮ ਦਰਗਾਹੇ ਲੇਖਾ।
ਯਾਦ ਕਰੋ ਚਰਿਤ ਜਹਿ ਦੇਖਾ।
ਇਹਾਂ ਕੁਛ ਹਮ ਤੋਹਿ ਨਾ ਕਹਿਯੋ।
ਬੋਲਤ ਕਾਹੇ ਮੋਨ ਹੋ ਰਹਿਓ।[1]

ਜਹਾਂਗੀਰ ਨੇ ਚੰਦੂ ਨੂੰ ਬੰਦੀ ਬਣਾ ਕੇ ਗੁਰੂ ਸਾਹਿਬ ਦੇ ਹਵਾਲੇ ਕਰ ਦਿਤਾ। ਗੁਰੂ ਸਾਹਿਬ ਨੇ ਉਸ ਦੀਆਂ ਮੁਸ਼ਕਾਂ ਤੇ ਹਥਕੜੀਆਂ ਖੁਲ੍ਹਵਾ ਦਿਤੀਆਂ ਅਤੇ ਭਾਈ ਜੇਠੇ ਤੇ ਭਾਈ ਬਿਧੀ ਚੰਦ ਦੇ ਸਪੁਰਦ ਕਰ ਦਿਤਾ। ਜਹਾਂਗੀਰ ਨੇ ਚੰਦੂ ਦਾ ਬੇਟਾ ਤੇ ਪਤਨੀ ਵੀ ਗੁਰੂ ਸਾਹਿਬ ਨੂੰ ਬੰਦੀ ਦੇ ਰੂਪ ਵਿਚ ਸੌਂਪ ਦਿਤੇ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਨਿਰਦੋਸ਼ ਮੰਨ ਕੇ ਛੱਡ ਦਿਤਾ। ਆਪ ਨੇ ਕਿਹਾ ਕਿ ਸੂਰਮੇ ਲੋਕ ਨਿਹੱਥਿਆਂ ਅਤੇ ਔਰਤਾਂ ਉਤੇ

1. ਗੁਰ ਬਿਲਾਸ ਪਾ. 6, ਪੰ. 271

ਵਾਰ ਨਹੀਂ ਕਰਦੇ :

1. ਸ੍ਰੀ ਗੁਰੂ ਕਹਾ ਇਨੈ ਛੱਡ ਦੀਜੈ ।
ਇਨ ਕੇ ਵਸ ਨਹਿ, ਜੋ ਗਹਿ ਲੀਜੈ ।[1]

2. ਜੋ ਸੂਰੇ ਬਲਕਾਰ ਧਰਾਵੈ ।
ਨਾਰੀ ਪਰ ਨਹਿ ਹਾਥ ਉਠਾਵੈ ।[2]

ਆਪ ਨੇ ਬੰਦੀ ਰਾਜਿਆਂ ਦੀ ਵੀ ਬਾਦਸ਼ਾਹ ਨਾਲ ਸੁਲਾਹ ਕਰਵਾਈ ਅਤੇ ਉਨ੍ਹਾਂ ਦਾ ਰਾਜ ਭਾਗ ਵਾਪਸ ਮੁੜਵਾਇਆ । ਆਗਰੇ ਤੋਂ ਗੁਰੂ ਸਾਹਿਬ ਦਿੱਲੀ ਆਏ । ਦਿੱਲੀ ਵਿਚ ਨੂਰ ਜਹਾਂ ਨੇ ਵੀ ਗੁਰੂ ਸਾਹਿਬ ਦੇ ਦਰਸ਼ਨ ਕੀਤੇ । ਉਸ ਦੇ ਹਾਰ ਸ਼ਿੰਗਾਰ ਅਤੇ ਸੱਜ ਧੱਜ ਨੂੰ ਤਕ ਕੇ ਗੁਰੂ ਸਾਹਿਬ ਨੇ ਕਿਹਾ :

ਐਸੋ ਸਾਚ ਸ਼ੰਗਾਰ ਕਰ, ਪੁਤਰੀ, ਪਾਇ ਖੁਦਾਇ ।

ਜਹਾਂਗੀਰ ਗੁਰੂ ਸਾਹਿਬ ਨਾਲ ਪੰਜਾਬ ਆਪ ਆਇਆ । ਭਟ ਵਹੀ ਤਲਉਂਢਾ ਪਰਗਣਾ ਜੀਂਦ ਦੀ ਟੂਕ ਦਸਦੀ ਹੈ :

"ਗੁਰੂ ਹਰਿਗੋਬਿੰਦ......ਗਢ ਗਵਾਲੀਅਰ ਸੇ ਬੰਧਨ ਮੁਕਤ ਹੋਇ ਗਰਾਮ ਨਾਰਨੋਲ ਪਰਗਣਾ 'ਬਟਾਲਾ' ਮੇਂ ਆਏ । ਬਾਦਸ਼ਾਹ ਜਹਾਂਗੀਰ ਕੇ ਗੇਲ ਸੰਮਤ ਸੋਲਾਂ ਸੈ ਛਿਹੱਤਰ, ਫਲਗੁਨ ਪ੍ਰਵਿਸ਼ਟੇ ਪਹਿਲੀ, ਸਿਗਰਾਂਦ ਕੇ ਦਿਹੁ । ਗੁਰੂ ਜੀ ਕਾ ਆਨਾ ਸੁਣ ਕਰ ਬਾਬਾ ਬੁਢਾ ਬੇਟਾ ਬਾਬਾ ਸੁੱਘਾ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰ ਦਾਸ ਭੱਲੇ ਕਾ......ਹੋਰ ਸਿਖ ਫਕੀਰ ਆਏ ।"

ਉਪਰੋਕਤ ਟੂਕ ਦੀ ਰੋਸ਼ਨੀ ਵਿਚ ਪ੍ਰਿੰ. ਸਤਿਬੀਰ ਸਿੰਘ ਹੋਰਾਂ ਦੇ ਇਸ ਨਿਰਣੇ ਨਾਲ ਸਹਿਮਤ ਹੋਣਾ ਸੰਭਵ ਨਹੀਂ ਜਾਪਦਾ ਕਿ ਗੁਰੂ ਹਰਿਗੋਬਿੰਦ ਸਾਹਿਬ ਜਹਾਂਗੀਰ ਨਾਲ ਪੰਜਾਬ ਨਹੀਂ ਸਨ ਪਰਤੇ । ਉਂਜ ਪ੍ਰਿੰ. ਸਾਹਿਬ ਗੁਰ ਭਾਰੀ ਪੁਸਤਕ ਵਿਚ ਖੁਦ ਮੰਨਦੇ ਹਨ ਕਿ 1619 ਵਿਚ ਜਹਾਂਗੀਰ ਪੰਜਾਬ ਆਇਆ । ਅਸਲ ਵਿਚ ਉਹ ਗੁਰੂ ਸਾਹਿਬ ਦੀ ਨਜ਼ਰਬੰਦੀ 1609 ਤੋਂ 1612 ਵਿਚਕਾਰਲੇ 27 ਮਹੀਨੇ ਮਿਥ ਕੇ ਉਕਤ ਨਿਰਣਾ ਦਿੰਦੇ ਹਨ ਜੋ ਭੱਟ ਵਹੀਆਂ ਦੀ ਗਵਾਹੀ ਵਿਚ ਨਜ਼ਰਸਾਨੀ ਮੰਗਦਾ ਹੈ । ਪ੍ਰਿੰ. ਸਾਹਿਬ ਇੰਨਾ ਜ਼ਰੂਰ ਮੰਨਦੇ ਹਨ ਕਿ ਦਿੱਲੀ ਵਿਚ ਗੁਰੂ ਸਾਹਿਬ ਜਹਾਂਗੀਰ ਨਾਲ ਕੁਝ ਸਮਾਂ ਰਹੇ । ਦਿੱਲੀ ਵਿਚ ਆਪ ਨੇ ਡੇਰਾ, ਬੰਗਲਾ ਸਾਹਿਬ ਕੀਤਾ । ਘੋੜਿਆਂ ਦਾ ਟਿਕਾਣਾ, ਛੇ ਮੀਲ ਦੂਰ ਜਮਨਾ ਕਿਨਾਰੇ ਹਰਾ ਘਾਹ ਵੇਖ ਕੇ ਕੀਤਾ ਗਿਆ । ਗੁਰੂ ਸਾਹਿਬ ਅਤੇ ਜਹਾਂਗੀਰ ਜਮਨਾ ਦਰਿਆ ਵਿਚ ਤੁੰਬੇ ਸੁੱਟ ਕੇ ਨਿਸ਼ਾਨੇਬਾਜ਼ੀ ਦੀਆਂ ਖੇਡਾਂ ਕਰਦੇ ਰਹੇ । ਗੁਰੂ ਸਾਹਿਬ ਦਾ ਤੀਰ ਕਦੇ ਵੀ ਨਿਸ਼ਾਨ ਤੋਂ ਨਹੀਂ ਉਕਦਾ ਸੀ ।

ਗੁਰੂ ਸਾਹਿਬ ਦੇ ਪੰਜਾਬ ਪਰਤਨ ਤੋਂ ਛੇਤੀ ਹੀ ਪਿਛੋਂ ਪ੍ਰਿਥੀ ਚੰਦ ਚਲਾਣਾ ਕਰ ਗਿਆ । ਆਪ ਉਸ ਦੀ ਮੌਤ ਉਤੇ ਮਿਹਰਬਾਨ ਕੋਲ ਅਫਸੋਸ ਕਰਨ ਲਈ ਪਿੰਡ ਹੇਹਰ

1. ਗੁਰਬਿਲਾਸ ਪਾ. 6. (1972) ਪੰ. 274
2. ਗੁਰਬਿਲਾਸ ਪਾ. 6. (1972) ਪੰ. 275

ਪੁੱਜੇ । ਭੱਟ ਵਹੀ ਮੁਲਤਾਨੀ ਸਿੰਧੀ ਦੀ ਟੂਕ ਹੈ :

"ਗੁਰੂ ਹਰਿਗੋਬਿੰਦ ਜੀ ਮਹਲ ਛਟਾ...ਤਾਊ ਗੁਰੂ ਪ੍ਰਿਥੀਚੰਦ ਕੀ ਮੁਕਾਣ ਦੇਣ ਗੋਇੰਦਵਾਲ ਸੇ ਗਰਾਮ 'ਹੇਹਰ'...ਮਿਹਰਬਾਨ ਕੇ ਘਰ ਆਏ, ਸਾਲ ਸੋਲਾਂ ਸੈ ਸਤੱਤਰ, ਪੱਖ ਪ੍ਰਵਿਸ਼ਟੇ ਅਠਾਈ, ਦਿਹੁ ਸੁਕਰਵਾਰ ਕੋ ।"

ਭੱਟ ਵਹੀ ਤਲਉਂਢਾ ਦੀ ਇਕ ਟੂਕ 'ਹੇਹਰ' ਤੋਂ ਗੁਰੂ ਸਾਹਿਬ ਦੀ ਅੰਮ੍ਰਿਤਸਰ ਵਾਪਸੀ ਦੀ ਮਿਤੀ ਪਹਿਲੀ ਮਾਘ 1677 ਬਿਕਰਮੀ ਦਿੰਦੀ ਹੈ। ਗੁਰੂ ਸਾਹਿਬ ਦੇ ਅੰਮ੍ਰਿਤਸਰ ਕਿਆਮ ਦੌਰਾਨ ਜਹਾਂਗੀਰ ਆਪ ਅੰਮ੍ਰਿਤਸਰ ਆਇਆ। ਗੁਰਬਿਲਾਸ ਅਨੁਸਾਰ ਉਹ ਅਕਾਲ ਤਖਤ ਸਾਹਿਬ ਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਕੇ ਨਿਹਾਲ ਹੋਇਆ। ਉਸ ਨੇ ਮਾਤਾ ਗੰਗਾ ਜੀ ਤੋਂ ਵੀ ਖਿਮਾਂ ਮੰਗੀ। ਉਸ ਨੇ ਇਹ ਵੀ ਆਖਿਆ ਕਿ ਅਕਾਲ ਤਖਤ ਨੂੰ ਮੈਂ ਸੁੰਦਰ ਇਮਾਰਤ ਦੇ ਰੂਪ ਵਿਚ ਸ਼ਾਹੀ ਖਰਚ ਨਾਲ ਉਸਾਰ ਦਿੰਦਾ ਹਾਂ। ਪਰ ਗੁਰੂ ਸਾਹਿਬ ਨੇ ਕਿਹਾ ਕਿ ਨਹੀਂ, ਇਹ ਜਿਵੇਂ ਹੈ ਉਵੇਂ ਹੀ ਸੁੰਦਰ ਹੈ। ਸਮਾਂ ਪਾ ਕੇ ਸਿੱਖ ਇਸ ਨੂੰ ਆਪੇ ਬਣਾ ਲੈਣਗੇ।

ਕਹਾ ਗੁਰੂ ਅਬ ਨਾਹਿ ਸੁਹਾਵੈ।
ਸਮਾਂ ਪਾਇ ਇਹ ਅਧਿਕ ਬਣਾਵੈ।[1]

ਕੁਝ ਚਿਰ ਅੰਮ੍ਰਿਤਸਰ ਟਿਕ ਕੇ ਗੁਰੂ ਸਾਹਿਬ ਨੇ ਲਾਹੌਰ 'ਡੇਹਰਾ ਸਾਹਿਬ' ਦੇ ਦਰਸ਼ਨਾਂ ਦਾ ਮਨ ਬਣਾਇਆ। ਇਸ ਸਮੇਂ ਆਪ ਨਾਲ ਚੰਦੂ ਵੀ ਸੀ। ਲਾਹੌਰ ਦੇ ਲੋਕਾਂ ਨੂੰ ਚੰਦੂ ਦੇ ਜ਼ੁਲਮ ਨਹੀਂ ਸਨ ਭੁੱਲੇ। ਜਿਹੜਾ ਵੀ ਉਸ ਨੂੰ ਵੇਖਦਾ, ਫਿਟਕਾਰਾਂ ਪਾਂਦਾ ਅਤੇ ਜੁੱਤੀਆਂ ਮਾਰਦਾ। ਸਿਖ ਪਰੰਪਰਾ ਦਸਦੀ ਹੈ ਕਿ ਲਾਹੌਰ ਦੀਆਂ ਗਲੀਆਂ ਬਾਜ਼ਾਰਾਂ ਵਿਚ ਸਿਖ ਸੇਵਕਾਂ ਨੇ ਨਕੇਲ ਪਾ ਕੇ ਉਸ ਦਾ ਜਲੂਸ ਕਢਿਆ। ਇਸੇ ਦੌਰਾਨ ਉਸੇ ਭੜਭੂੰਜੇ ਨੇ, ਜਿਸ ਤੋਂ ਗੁਰੂ ਅਰਜਨ ਸਾਹਿਬ ਦੇ ਸੀਸ ਉਤੇ ਤੱਤੀ ਰੇਤ ਪਵਾਈ ਗਈ ਸੀ, ਤੱਤੀ ਰੇਤ ਦਾ ਕੜਛਾ ਚੰਦੂ ਦੇ ਸਿਰ ਵਿਚ ਮਾਰ ਕੇ ਉਸ ਨੂੰ ਮਾਰ ਦਿਤਾ। ਜਹਾਂਗੀਰ ਇਸ ਸਮੇਂ ਲਾਹੌਰ ਹੀ ਸੀ। ਗੁਰਬਿਲਾਸ ਇਹ ਦਸਦਾ ਹੈ ਕਿ ਜਹਾਂਗੀਰ ਇਸ ਦੌਰਾਨ ਗੁਰੂ ਸਾਹਿਬ ਤੋਂ ਇੰਨਾ ਪ੍ਰਭਾਵਿਤ ਹੋ ਚੁੱਕਾ ਸੀ ਕਿ ਉਸ ਨੇ ਆਪਣੇ ਪੁੱਤਰ ਦੀ ਬਾਂਹ ਫੜਾ ਕੇ ਉਸ ਉਤੇ ਕ੍ਰਿਪਾ ਦ੍ਰਿਸ਼ਟੀ ਰਖਣ ਲਈ ਬੇਨਤੀ ਕੀਤੀ। ਲਾਹੌਰ ਦੀ ਸੂਬੇਦਾਰੀ ਦੀ ਪੇਸ਼ਕਸ਼ ਵੀ ਕੀਤੀ :

ਮੇਰੇ ਸੁਤ ਇਸ ਪਰ ਕਿਰਪਾ ਅਪਨੀ ਪੀਰ ਕਰੇਹੁ।
ਔਰ ਲਾਹੌਰ ਕਾ ਹੁਕਮ ਸਭ ਧਾਰ ਆਪ ਤੁਮ ਲੇਹੁ।[2]

ਗੁਰੂ ਸਾਹਿਬ ਨੇ ਕਿਹਾ ਕਿ ਬਾਂਹ ਫੜਣ ਅਤੇ ਕਿਰਪਾ ਕਰਨ ਦੀ ਗੱਲ ਛੱਡ। ਤੇਰਾ ਬੇਟਾ, ਜੇਹਾ ਗੁਰੂ ਘਰ ਨਾਲ ਵਰਤੇਗਾ, ਉਹੋ ਜੇਹਾ ਅਸੀਂ ਉਸ ਨਾਲ ਵਰਤਦੇ ਰਹਾਂਗੇ। ਜਿਥੋਂ ਤਕ ਸੂਬੇਦਾਰੀ ਦਾ ਸੰਬੰਧ ਹੈ ਫਕੀਰਾਂ ਨੂੰ ਕਿਸੇ ਉਤੇ ਰਾਜ ਕਰਨ ਦੀ

---

1. ਗੁਰਬਿਲਾਸ ਪਾ. 6, (1972), ਪੰ. 283
2. ਉਹੀ ਪੰ. 288

ਲੋੜ ਨਹੀਂ ।

ਲਾਹੌਰ ਵਿਚ ਗੁਰੂ ਸਾਹਿਬ ਮੀਆਂ ਮੀਰ ਜੀ ਨੂੰ ਵੀ ਮਿਲੇ । ਲਾਹੌਰ ਕਿਆਮ ਦੌਰਾਨ ਹੀ ਗੁਰੂ ਸਾਹਿਬ ਨੇ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਅਸਥਾਨ ਉਤੇ 'ਚੂਨਾ ਮੰਡੀ ਲਾਹੌਰ' ਵਿਚ ਯਾਦਗਾਰ ਦੀ ਉਸਾਰੀ ਕਰਵਾਈ ਅਤੇ ਇਸ ਦੀ ਦੇਖ ਭਾਲ ਦੀ ਜ਼ਿੰਮੇਵਾਰੀ ਭਾਈ ਲੰਗਾਹ ਜੀ ਨੂੰ ਸੌਂਪੀ । ਇਸੇ ਦੌਰਾਨ ਜਹਾਂਗੀਰ ਨੇ ਮਿਰਜ਼ਾ ਗਿਆਸ ਬੇਗ ਨੂੰ ਇਕ ਵੱਡੇ ਜਸ਼ਨ ਵਿਚ ਇਤਮਾਦ-ਉਦ-ਦੌਲਾ ਮਦਾਰ-ਉਲ-ਮੁਲਕ ਦਾ ਖਿਤਾਬ ਦਿਤਾ ਅਤੇ ਲਾਹੌਰ ਦੀ ਹਕੂਮਤ ਉਸ ਦੇ ਜਵਾਈ ਕਾਸਮ ਬੇਗ ਨੂੰ ਸੌਂਪੀ । ਬਾਦਸ਼ਾਹ ਇਥੋਂ ਕਸ਼ਮੀਰ ਨੂੰ ਤੁਰ ਗਿਆ ਅਤੇ ਗੁਰੂ ਸਾਹਿਬ ਅੰਮ੍ਰਿਤਸਰ ਪਰਤ ਆਏ ।

ਅੰਮ੍ਰਿਤਸਰ ਪਰਤ ਕੇ ਗੁਰੂ ਸਾਹਿਬ ਨੇ ਸਿਖ ਲਹਿਰ ਨੂੰ ਸੰਗਠਿਤ ਕਰਨ ਦਾ ਕਾਰਜ ਤੇਜ਼ ਕੀਤਾ । ਉਹ ਇਹ ਸਮਝ ਗਏ ਸਨ ਕਿ ਹੁਣ ਦਿੱਲੀ ਵਲੋਂ ਕਿਸੇ ਕਿਸਮ ਦਾ ਤਤਕਾਲਕ ਖਤਰਾ ਨਹੀਂ । ਇਸ ਲਈ ਸਿਖੀ ਪ੍ਰਚਾਰ ਲਈ ਨਿਰਵਿਘਨ ਅਤੇ ਖੁਲ੍ਹਾ ਸਮਾਂ ਦਿਤਾ ਜਾ ਸਕਦਾ ਹੈ । ਕਥਾ ਕੀਰਤਨ, ਘੋੜ ਸਵਾਰੀ, ਨੇਜ਼ਾਬਾਜ਼ੀ, ਤਲਵਾਰ ਬਾਜ਼ੀ, ਸ਼ਸਤਰ ਅਭਿਆਸ ਸਭ ਕੁਝ ਪਹਿਲਾਂ ਵਾਂਗ ਹੋਣ ਲੱਗਾ । ਦੂਰ ਨੇੜਿਉਂ ਸੰਗਤਾਂ ਦਰਸ਼ਨਾਂ ਨੂੰ ਜੁੜਦੀਆਂ । ਗੁਰੂ ਸਾਹਿਬ ਆਪ ਮਾਝੇ ਦੁਆਬੇ ਵਿਚ ਫਿਰ ਫਿਰ ਕੇ ਲੋਕਾਂ ਨੂੰ ਗੁਰਮਤਿ ਮਾਰਗ ਨਾਲ ਜੋੜਦੇ ।

ਇਸ ਕਾਲ ਦੀ ਇਕ ਚਮਤਕਾਰੀ ਘਟਨਾ ਦਾ ਜ਼ਿਕਰ ਸਿਖ ਗ੍ਰੰਥਾਂ ਤੇ ਸਿੱਖ ਪਰੰਪਰਾ ਵਿਚ ਆਉਂਦਾ ਹੈ ਜੋ ਗੁਰੂ ਸਾਹਿਬ ਪ੍ਰਤੀ ਅਨੰਤ ਸ਼ਰਧਾ ਦੀ ਮੂੰਹ ਬੋਲਦੀ ਉਦਾਹਰਣ ਹੈ । ਮਾਝੇ ਦੇ ਪਿੰਡ ਚੱਬੇ ਦੀ ਗੱਲ ਹੈ । ਇਥੋਂ ਦੀ ਇਕ ਸ਼ਰਧਾਲੂ ਬੀਬੀ ਸੁਲੱਖਣੀ ਸੀ । ਉਸ ਦੇ ਘਰ ਕੋਈ ਸੰਤਾਨ ਨਹੀਂ ਸੀ । ਉਸ ਨੂੰ ਹਰ ਕੋਈ ਕਹਿੰਦਾ ਤੇਰੇ ਭਾਗਾਂ ਵਿਚ ਪੁਤਰ ਨਹੀਂ ਲਿਖਿਆ । ਜਦੋਂ ਗੁਰੂ ਸਾਹਿਬ ਚਬੇ ਆਏ ਤਾਂ ਬੀਬੀ ਸੁਲੱਖਣੀ ਘੋੜੇ ਦੀ ਵਾਗ ਫੜ ਖਲੋਤੀ । ਉਸ ਨੇ ਹਥ ਬੰਨ੍ਹ ਕੇ ਬੇਨਤੀ ਕੀਤੀ ਕਿ ਲੋਕ ਆਖਦੇ ਹਨ—ਮੇਰੇ ਲੇਖਾਂ ਵਿਚ ਪੁਤਰ ਨਹੀਂ ਲਿਖਿਆ । ਲਿਖਣ ਵਾਲੇ ਤੁਸੀਂ ਹੀ ਹੋ । ਉਥੇ ਵੀ ਤੁਸੀਂ ਹੀ ਲਿਖਿਆ ਹੈ । ਤੁਸੀਂ ਉਥੇ ਨਹੀਂ ਲਿਖਿਆ ਤਾਂ ਇਥੇ ਲਿਖ ਦਿਓ । ਨਿਸ਼ਕਪਟ ਸ਼ਰਧਾ, ਵਿਸ਼ਵਾਸ ਤੇ ਪਿਆਰ ਨਾਲ ਉਸ ਕਾਗਜ਼ ਕਲਮ ਮਹਾਰਾਜ ਨੂੰ ਫੜਾ ਦਿਤੀ । ਹਸ ਕੇ ਆਪ ਇਕ (੧) ਲਿਖਣ ਲੱਗੇ ਤਾਂ ਘੋੜੇ ਨੇ ਲੱਤ ਕੁਝ ਇਸ ਤਰ੍ਹਾਂ ਹਿਲਾਈ ਕਿ ਇਕ ਦਾ ਸੱਤ (੭) ਬਣ ਗਿਆ । ਪਰੰਪਰਾ ਹੈ ਕਿ ਬੀਬੀ ਸੁਲੱਖਣੀ ਨੂੰ ਸੱਤ ਪੁਤਰਾਂ ਦੀ ਬਖਸ਼ਿਸ਼ ਹੋਈ ਜਿਨ੍ਹਾਂ ਨੇ ਗੁਰੂ ਘਰ ਦੀ ਬੜੀ ਸੇਵਾ ਕੀਤੀ । ਉਸ ਇਲਾਕੇ ਦੇ ਲੋਕ-ਸਾਹਿਤ ਵਿਚ ਇਸ ਘਟਨਾ ਦੇ ਵੇਰਵੇ ਬੜੀ ਖੂਬਸੂਰਤੀ ਨਾਲ ਸੰਭਾਲੇ ਹੋਏ ਹਨ :

ਸੋਹਣੀਏ ਦਾੜ੍ਹੀਏ ਚਿੱਟੀਏ ਪੱਗੇ ।
ਅਰਜ਼ ਕਰੇਨੀ ਆਂ ਗੁਰੂ ਹਰਿਗੋਬਿੰਦ ਅੱਗੇ ।
ਨਾਉਂ ਸੁਲੱਖਣੀ ਪਿੰਡ ਮੇਰਾ ਚੱਬੇ ।
ਅਫਲ ਜਾਂਦੀ ਨੂੰ ਕੋਈ ਫਲ ਲੱਗੇ ।

ਪਿੰਡ ਚੱਬੇ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਅੱਜ ਇਸ ਯਾਦ ਨੂੰ ਤਾਜ਼ਾ ਕਰਵਾ ਰਿਹਾ ਹੈ।

ਸਿਖੀ ਹੁਣ ਮਾਝੇ ਦੁਆਬੇ ਤੇ ਮਾਲਵੇ ਦੀਆਂ ਹੱਦਾਂ ਤੋਂ ਬਾਹਰ ਫੈਲ ਰਹੀ ਸੀ। ਅਫਗਾਨਿਸਤਾਨ ਦੇ ਸ਼ਰਧਾਲੂ ਸੇਵਕ ਗੁਰੂ ਜੀ ਲਈ ਘੋੜੇ ਪੇਸ਼ ਕਰਦੇ। ਮੁਹਸਨ ਫਾਨੀ ਨੇ ਦਬਸਤਾਨਿ ਮਜ਼ਾਹਬ ਵਿਚ ਗੁਰੂ ਸਾਹਿਬ ਦੇ ਇਕ ਅਨਿੰਨ ਸ਼ਰਧਾਲੂ ਭਾਈ ਸਾਧੂ ਦਾ ਜ਼ਿਕਰ ਕੀਤਾ ਹੈ ਜੋ ਕਾਬਲ ਵਿਚ ਰਹਿੰਦਾ ਸੀ। ਹਰਖ ਸੋਗ ਤੋਂ ਨਿਆਰਾ। ਖੁਸ਼ੀ ਆਏ ਤਾਂ ਛਾਲਾਂ ਨਹੀਂ ਮਾਰਨੀਆਂ। ਦੁਖ ਆਏ ਤਾਂ ਢੇਰੀ ਢਾਹ ਕੇ ਝਉਂ ਨਹੀਂ ਜਾਣਾ। ਮੁਹਸਨ ਫਾਨੀ ਕਹਿੰਦਾ ਹੈ ਕਿ ਮੈਂ ਆਪ ਕਾਬਲ ਤੋਂ ਪੰਜਾਬ ਤਕ ਉਸ ਨਾਲ ਸਫ਼ਰ ਕਰ ਕੇ ਇਹ ਵੇਖਿਆ ਹੈ। ਇਕ ਵਾਰ ਗੁਰੂ ਜੀ ਦੀ ਆਗਿਆ ਪਾ ਕੇ ਉਹ ਇਰਾਕ ਘੋੜਾ ਲੈਣ ਤੁਰਿਆ। ਪਿਛੋਂ ਪਰਿਵਾਰ ਨੇ ਸੁਨੇਹਾ ਭੇਜਿਆ ਕਿ ਤੇਰਾ ਇਕੋ ਇਕ ਪੁਤਰ ਸਖਤ ਬੀਮਾਰ ਹੈ। ਘਰ ਮੁੜ ਆ ਅਤੇ ਬੇਟੇ ਦੇ ਇਲਾਜ ਉਪਰੰਤ ਚਲਾ ਜਾਵੀਂ। ਉਸ ਨੇ ਇਕ ਪੜਅ ਹੀ ਕੀਤਾ ਸੀ। ਘਰ ਛੇਤੀ ਪਰਤਨਾ ਸੰਭਵ ਸੀ। ਅਗਲਾ ਪੈਂਡਾ ਅਤੇ ਕਾਰਜ ਖਾਸੇ ਲੰਬੇ ਸਮੇਂ ਦਾ ਸੀ। ਪਰ ਘਰ ਪਰਤਨ ਦੀ ਥਾਂ ਉਸ ਇਹੀ ਸਨੇਹਾ ਵਾਪਸ ਭੇਜਿਆ—ਗੁਰੂ ਦੀ ਕਾਰ ਨਿਭਾਣ ਤੁਰ ਚੁਕਾ ਹਾਂ। ਹੁਣ ਪਿਛੇ ਨਹੀਂ ਪਰਤ ਸਕਦਾ। ਸੰਦੇਸ਼ ਦੇਣ ਵਾਲੇ ਨੇ ਜ਼ਿਦ ਕੀਤੀ। ਪੁੱਤਰ ਦੀ ਗੰਭੀਰ ਹਾਲਤ ਦਸੀ। ਭਾਈ ਸਾਧੂ ਨੇ ਸਭ ਨੂੰ ਇਹੀ ਕਿਹਾ—ਹੁਣ ਪਿਛੇ ਨਹੀਂ ਪਰਤ ਸਕਦਾ। ਗੁਰੂ ਦਾ ਕੰਮ ਪਹਿਲਾਂ ਹੈ। ਬੇਟਾ ਪਿਛੋਂ। ਜੇ ਉਹ ਗੁਜ਼ਰ ਜਾਵੇ ਤਾਂ ਘਰ ਵਿਚ ਬੜੀ ਲੱਕੜ ਪਈ ਹੈ, ਸਸਕਾਰ ਕਰ ਦੇਣਾ। ਹੋਇਆ ਵੀ ਇਹ ਹੀ। ਬੇਟਾ ਗੁਜ਼ਰ ਗਿਆ ਪਰ ਭਾਈ ਸਾਹਿਬ ਵਾਪਸ ਨਾ ਪਰਤੇ।

ਗੁਰਮਤਿ ਦੇ ਖੁਲ੍ਹੇ ਡੁਲ੍ਹੇ, ਕਰਮ ਕਾਂਡ ਅਤੇ ਵਹਿਮ ਭਰਮਾਂ ਤੋਂ ਮੁਕਤ ਸੁਤੰਤਰ ਜੀਵਨ ਨਾਲ ਲੋਕ ਤੇਜ਼ੀ ਨਾਲ ਜੁੜ ਰਹੇ ਸਨ। ਦਬਸਤਾਨਿ ਮੁਜ਼ਾਹਿਬ ਅਨੁਸਾਰ ਨਾ ਸਿਖਾਂ ਵਿਚ ਹਿੰਦੂਆਂ ਵਾਲਾ ਕਰਮ ਕਾਂਡ ਸੀ ਅਤੇ ਨਾ ਹੀ ਤਪ ਪੂਜਾ। ਦਰ ਸਿਖਾਂ ਅਬਾਦਤ ਵਾ ਰਿਆਜ਼ਤ ਸ਼ਰਈ ਹਿੰਦੂਆਂ ਹੇਚ ਨੀਸਤ। ਖਾਣ ਪੀਣ ਦੀ ਕੋਈ ਪਾਬੰਦੀ ਨਹੀਂ ਸੀ। ਪਰਤਾਬ ਮੱਲ ਨਾਂ ਦੇ ਇਕ ਗਿਆਨੀ ਨੇ ਜਦੋਂ ਇਕ ਵਾਰ ਇਹ ਵੇਖਿਆ ਕਿ ਇਕ ਹਿੰਦੂ ਲੜਕਾ ਇਸਲਾਮ ਧਾਰਨ ਕਰਨ ਦੀ ਸੋਚ ਰਿਹਾ ਹੈ ਤਾਂ ਉਸ ਨੇ ਉਸ ਲੜਕੇ ਤੋਂ ਇਸ ਦਾ ਕਾਰਨ ਪੁੱਛਿਆ। ਲੜਕੇ ਨੇ ਦਸਿਆ ਕਿ ਮੁਸਲਮਾਨਾਂ ਵਿਚ ਖਾਣ ਦੀ ਬਹੁਤ ਖੁਲ੍ਹ ਹੈ। ਪਰਤਾਬ ਮਲ ਨੇ ਆਖਿਆ ਕਿ ਭਲੇ ਲੋਕ ਜੇ ਖਾਣ ਦੀ ਖੁਲ੍ਹ ਹੀ ਚਾਹੁੰਦਾ ਹੈਂ ਤਾਂ ਫਿਰ ਗੁਰੂ ਦਾ ਸਿਖ ਬਣ ਜਾਹ। ਇਥੇ ਤਾਂ ਖੁਲ੍ਹ ਹੀ ਖੁਲ੍ਹ ਹੈ: ਅਗਰ ਮੇਲ-ਇ-ਹਮਾ ਚੀਜ਼ ਖੁਰਦਨ ਦਾਰੀ ਸਿਖ ਗੁਰੂ ਬਾਸ਼ ਵਾ ਹਰ ਚਿ ਖਵਾਹੀ ਬਖੋਰ। ਮੁਸਲਮਾਨਾਂ ਵਿਚ ਤਾਂ ਅਜੇ ਫਿਰ ਕੋਈ ਰੋਕ ਰੁਕਾਵਟ ਹੋਵੇਗੀ।

ਪ੍ਰਿੰ. ਸਤਿਬੀਰ ਸਿੰਘ[1] ਹੋਰਾਂ ਨੇ 'ਗੁਰ ਭਾਰੀ' ਪੁਸਤਕ ਵਿਚ ਇਕ ਮੁਸਲਮਾਨ ਸ਼ਰਧਾਲੂ ਬਾਬਾ ਜਮਾਲ ਦਾ ਜ਼ਿਕਰ ਕੀਤਾ ਹੈ। ਬਾਬਾ ਜਮਾਲ ਲੰਗਰ ਸਮੇਂ ਆਪਣੇ

1. ਗੁਰ ਭਾਰੀ, ਪੰ. ਯੂ., ਪਟਿਆਲਾ, ਪੰ. 58

ਆਪ ਨੂੰ ਮੁਸਲਮਾਨ ਜਾਣ ਕੇ ਲੰਗਰ ਤੋਂ ਲਾਂਭੇ ਖਲੋ ਗਏ। ਗੁਰੂ ਹਰਿਗੋਬਿੰਦ ਸਾਹਿਬ ਨੇ ਜਮਾਲ ਜੀ ਨੂੰ ਲਾਂਭੇ ਖਲੋਤੇ ਵੇਖਿਆ ਤਾਂ ਆਪ ਕੋਲ ਬਿਠਾ ਕੇ ਫੁਰਮਾਇਆ ਕਿ ਗੁਰੂ ਕਾ ਲੰਗਰ ਸਾਰਿਆਂ ਲਈ ਖੁਲ੍ਹਾ ਹੈ। ਸਿਖਾਂ ਵਿਚ ਇਸ ਛੂਤ ਛਾਤ ਦੀ ਕੋਈ ਥਾਂ ਨਹੀਂ। ਸਿਖੀ ਦਾ ਚੌਂਕਾ ਸੀਮਿਤ ਨਹੀਂ। ਬਾਹਰੋਂ ਕੋਹ ਖੁਲ੍ਹਾ ਹੈ। ਸਿਖੀ ਦਾ ਨਿਰਮਾਣ ਹੀ ਇਸ ਲਈ ਹੋਇਆ ਹੈ ਕਿ ਸਭ ਵਹਿਮ ਭਰਮ ਅਤੇ ਵਿਤਕਰੇ ਮਿਟਾਏ ਜਾਣ।

ਇਸੇ ਅਮਨ ਚੈਨ ਦੇ ਅਰਸੇ ਵਿਚ ਗੁਰੂ ਸਾਹਿਬ ਨੇ ਰਾਜਸਥਾਨ ਦਾ ਦੌਰਾ ਕੀਤਾ ਅਤੇ ਉਨ੍ਹਾਂ ਰਾਜਪੂਤ ਰਾਜਿਆਂ ਰਵਾੜਿਆਂ ਦੇ ਇਲਾਕਿਆਂ ਵਿਚ ਗਏ ਜਿਨ੍ਹਾਂ ਨੂੰ ਆਪ ਨੇ ਗਵਾਲੀਅਰ ਤੋਂ ਮੁਕਤ ਕਰਵਾਇਆ ਸੀ। ਜਿਧਰ ਜਾਂਦੇ ਲੋਕ ਹੁੰਮ ਹੁੰਮਾ ਕੇ ਇੰਜ ਆਉਂਦੇ ਜਿਵੇਂ ਤੀਰਥ ਯਾਤਰਾ ਲਈ ਆਏ ਹੋਣ। ਰਾਜਪੂਤਾਨੇ ਅਤੇ ਮਾਰਵਾੜ ਦੇ ਜੋ ਪ੍ਰੇਮੀ ਗੁਰੂ ਨਾਨਕ ਸਾਹਿਬ ਵੇਲੇ ਗੁਰੂ ਘਰ ਦੇ ਸ਼ਰਧਾਲੂ ਬਣੇ ਸਨ, ਉਨਾਂ ਦੀ ਔਲਾਦ ਗੁਰੂ ਨਾਨਕ ਦੀ ਛੇਵੀਂ ਜੋਤਿ ਦੇ ਦਰਸ਼ਨਾਂ ਲਈ ਧਾ ਕੇ ਆਉਂਦੀ। ਗੁਰੂ ਸਾਹਿਬ ਨੇ 'ਅਜਮੇਰ' ਰਹਿ ਕੇ ਕਈ ਦਿਨ ਮੁਸਲਮਾਨ ਫਕੀਰਾਂ ਨਾਲ ਵੀ ਵਿਚਾਰ ਵਟਾਂਦਰਾ ਕੀਤਾ। ਪੰਜਾਬ ਵਾਪਸ ਆ ਕੇ ਆਪ ਨੇ ਨਾਲਾਗੜ੍ਹ ਦੇ ਪਹਾੜੀ ਰਾਜੇ ਤਾਰਾ ਚੰਦ ਦੀ ਜਹਾਂਗੀਰ ਨਾਲ ਸੁਲਾਹ ਕਰਵਾਈ। ਜਹਾਂਗੀਰ ਨੇ ਉਸ ਨੂੰ ਬਗਾਵਤ ਦੇ ਸਿਲਸਿਲੇ ਵਿਚ ਫੜ ਲਿਆ ਸੀ। ਇਸ ਨਾਲ ਰਾਜਾ ਨਾਲਾਗੜ੍ਹ ਅਤੇ ਉਸ ਇਲਾਕੇ ਦੇ ਲੋਕਾਂ ਵਿਚ ਗੁਰੂ ਸਾਹਿਬ ਲਈ ਸ਼ਰਧਾ ਬਹੁਤ ਵਧ ਗਈ।

ਵਾਪਸ ਅੰਮ੍ਰਿਤਸਰ ਟਿਕਦੇ ਤਾਂ ਗੁਰੂ ਸਾਹਿਬ ਹਰਿਮੰਦਰ ਸਾਹਿਬ, ਅਕਾਲ ਤਖਤ ਤੇ ਅੰਮ੍ਰਿਤਸਰ ਸ਼ਹਿਰ ਨੂੰ ਸੁੰਦਰ ਤੇ ਮਜ਼ਬੂਤ ਕਰਨ ਦੀਆਂ ਯੋਜਨਾਂਵਾਂ ਨੇਪਰੇ ਚਾੜ੍ਹਦੇ ਰਹਿੰਦੇ। ਆਪ ਨੇ ਹਰਿਮੰਦਰ ਸਾਹਿਬ ਸਰੋਵਰ ਦੀ ਪਰਿਕਰਮਾ, ਗੁਰੂ ਕਾ ਲੰਗਰ ਅਤੇ ਅਕਾਲ ਬੁੰਗੇ ਦੀ ਸੇਵਾ ਕਰਵਾਈ। ਸਿਖੀ ਪ੍ਰਚਾਰ ਦੇ ਦੌਰਿਆਂ ਅਤੇ ਅਮਨ ਚੈਨ ਕਾਰਨ ਸੰਗਤਾਂ ਦੇ ਹੁੰਮ ਹੁੰਮਾਂ ਕੇ ਆਉਣ ਕਾਰਨ ਮਾਇਆ, ਅੰਨ, ਸੋਨੇ, ਕਪੜੇ, ਕਿਸੇ ਵੀ ਸ਼ੈਅ ਦੀ ਘਾਟ ਨਹੀਂ ਸੀ ਰਹੀ। ਅਕਾਲ ਬੁੰਗੇ ਲਾਗੇ ਆਪ ਨੇ ਇਕ ਚੋੜਾ ਖੂਹ ਬਣਵਾਇਆ। ਇਸ ਦਾ ਜਲ ਬਹੁਤ ਮਿਠਾ ਅਤੇ ਸੀਤਲ ਹੈ। ਅਜੋਕੀ ਅਕਾਲੀ ਮਾਰਕੀਟ ਵਾਲੇ ਇਲਾਕੇ ਵਿਚ ਆਪ ਨੇ ਇਕ ਬਾਗ ਲਗਵਾਇਆ। ਇਸ ਵਿਚ ਫੁੱਲਦਾਰ ਅਤੇ ਫਲਦਾਰ ਘਣ-ਛਾਵੇਂ ਬੂਟੇ ਸਨ। ਇਸ ਵਿਚ ਇਕ ਖੂਹ ਵੀ ਲਵਾਇਆ। ਦੁਸ਼ਮਣਾਂ ਤੋਂ ਸ਼ਹਿਰ ਦੀ ਰਖਿਆ ਲਈ ਨਗਰ ਦੇ ਚੋਗਿਰਦੇ ਇਕ ਚੋੜੀ ਤੇ ਉਚੀ ਕੰਧ ਕਰਵਾਈ ਅਤੇ ਦਰਵਾਜ਼ੇ ਲਾਏ। ਉਸੇ ਕੰਧ ਨੂੰ ਲਗ ਭਗ ਦੋ ਸੋ ਸਾਲ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਪੱਕੀ ਬਣਵਾਇਆ ਜਿਸ ਦੀਆਂ ਨਿਸ਼ਾਨੀਆਂ ਅਜੇ ਵੀ ਕਿਤੇ ਕਿਤੇ ਵਿਖਾਈ ਦਿੰਦੀਆਂ ਹਨ। ਕਿਲ੍ਹਾ 'ਲੋਹਗੜ੍ਹ' (ਜੋ ਹੁਣ ਦਰਵਾਜ਼ਾ ਲੋਹ ਗੜ੍ਹ ਅੰਦਰ ਇਕ ਗੁਰਦੁਆਰੇ ਦੇ ਰੂਪ ਵਿਚ ਹੈ) ਵੀ ਇਸ ਸਮੇਂ ਦੋਰਾਨ ਮਜ਼ਬੂਤੀ ਅਤੇ ਸੰਪੂਰਨਤਾ ਦੀਆਂ ਛੋਹਾਂ ਦਿਤੀਆਂ ਗਈਆਂ।

ਇਸੇ ਅਮਨ ਚੈਨ ਦੇ ਅਰਸੇ ਵਿਚ ਗੁਰੂ ਸਾਹਿਬ ਇਕ ਦਿਨ ਮੁਕੇਰੀਆਂ ਨੇੜੇ ਦਰਿਆ ਬਿਆਸ ਪਾਰ ਕਰ ਕੇ ਇਸ ਦੇ ਪੱਛਮੀ ਕਿਨਾਰੇ ਦੇ ਬੇਲਿਆਂ ਵਿਚ ਸ਼ਿਕਾਰ ਖੇਡਣ

ਪੁੱਜੇ। ਹਿਰਨਾਂ ਦੀਆਂ ਡਾਰਾਂ ਅਤੇ ਸ਼ੇਰਾਂ ਨਾਲ ਭਰੇ ਇਨ੍ਹਾਂ ਬੇਲਿਆਂ ਦੇ ਨੇੜ ਉਜਾੜ ਹੀ ਉਜਾੜ ਸੀ। ਗੁਰੂ ਸਾਹਿਬ ਨੇ ਪੁੱਛਿਆ ਤਾਂ ਲੋਕਾਂ ਨੇ ਦਸਿਆ ਕਿ ਇਹ ਚੰਦੂ ਦਾ ਪਿੰਡ ਰੁਹੀਲਾ ਸੀ। ਉਸ ਦੇ ਕਾਲੇ ਕਾਰਨਾਮਿਆਂ ਅਤੇ ਉਸ ਪਿਛੋਂ ਹੋਈ ਉਸ ਦੀ ਮੌਤ ਉਪਰੰਤ ਇਹ ਇਲਾਕਾ ਉਜਾੜ ਹੈ। ਲੋਕ ਛਡ ਛਡਾ ਗਏ ਹਨ। ਗੁਰੂ ਸਾਹਿਬ ਨੇ ਉਥੇ ਮੋਹੜੀ ਗੱਡੀ ਤੇ ਨਵਾਂ ਨਗਰ ਵਸਾਇਆ ਜਿਸ ਦਾ ਨਾਮ ਸੰਗਤਾਂ ਨੇ ਹਰਿਗੋਬਿੰਦ ਪੁਰ ਰੱਖਿਆ। ਆਪ ਨੇ ਇਥੇ ਧਰਮਸ਼ਾਲਾ ਅਤੇ ਮਸੀਤ ਦੋਵੇਂ ਉਸਾਰਨ ਦਾ ਹੁਕਮ ਦਿਤਾ। ਦਿਨਾਂ ਵਿਚ ਹੀ ਕਸਬੇ ਵਿਚ ਵਸੋਂ ਸ਼ੁਰੂ ਹੋ ਗਈ ਅਤੇ ਜੰਗਲ ਵਿਚ ਮੰਗਲ ਹੋਣ ਲੱਗਾ।

ਅਧਿਆਇ 8

ਭਯੋ ਯੁੱਧ ਭਾਰੀ

ਹਰਿਗੋਬਿੰਦ ਪੁਰ ਵਿਚ ਸਰਾਂ ਧਰਮਸ਼ਾਲਾ ਤੇ ਮਸਜਿਦ ਦੀ ਉਸਾਰੀ ਉਪਰੰਤ ਗੁਰੂ ਸਾਹਿਬ ਨੇ ਇਸ ਨਗਰ ਨੂੰ ਯੁਧ ਨੀਤਕ ਪੱਖ ਤੋਂ ਵਿਕਸਿਤ ਕਰਨ ਦੀ ਸੋਚੀ। ਦਰਿਆ ਦਾ ਕਿਨਾਰਾ। ਨੇੜੇ ਜੰਗਲ ਬੇਲੇ। ਇਲਾਕੇ ਦੇ ਮੁਸਲਮਾਨ ਤੇ ਪਠਾਣ ਵੀ ਗੁਰੂ ਸਾਹਿਬ ਨਾਲ ਸਨ। ਤਵਾਰੀਖ ਗੁਰੂ ਖਾਲਸਾ ਅਨੁਸਾਰ ਜਦੋਂ ਗੁਰੂ ਸਾਹਿਬ ਇਥੇ ਕੋਟ ਕਢਵਾਉਣ ਲਗੇ, ਭਾਵ ਨਗਰ ਦੁਆਲੇ ਫਸੀਲ ਬਣਾਉਣ ਲਗੇ ਤਾਂ ਚੰਦੂ ਦਾ ਰਿਸ਼ਤੇਦਾਰ ਭਗਵਾਨ ਦਾਸ ਘੇਰੜ ਗੁਰੂ ਜੀ ਨੂੰ ਇਸ ਤੋਂ ਰੋਕਣ ਲਈ ਆਇਆ ਤਾਂ ਜੋ ਨਗਰ ਗੁਰੂ ਜੀ ਤੋਂ ਖਾਲੀ ਕਰਵਾਇਆ ਜਾ ਸਕੇ। ਭਗਵਾਨ ਦਾਸ ਘੇਰੜ ਕਾਹਨੋ ਭਗਤ ਦਾ ਪੁੱਤਰ ਸੀ। ਉਸ ਨੇ ਚੰਦੂ ਦੇ ਪੁੱਤਰ ਕਰਮ ਚੰਦ ਨੂੰ ਵੀ ਆਪਣੇ ਨਾਲ ਲਿਆ। ਭਗਵਾਨ ਦਾਸ ਦਾ ਪੁੱਤਰ ਰਤਨ ਚੰਦ ਵੀ ਨਾਲ ਸੀ। ਇਹ ਸਾਰੇ ਦੀਵਾਨ ਚੰਦੂ ਦੀ ਇਸ ਜ਼ਮੀਨ ਨੂੰ ਆਪਣੀ ਸਮਝਦੇ ਸਨ। ਜਲੰਧਰ ਦੇ ਸੂਬੇਦਾਰ ਨਾਲ ਭਗਵਾਨ ਦਾਸ ਦੀ ਚੰਗੀ ਬਣਦੀ ਸੀ। ਇਸ ਲਈ ਉਹ ਭਰੇ ਦੀਵਾਨ ਵਿਚ ਗੁਰੂ ਸਾਹਿਬ ਨੂੰ ਬੜੀ ਬੇਅਦਬੀ ਨਾਲ ਬੋਲਿਆ, "ਇਹ ਜ਼ਮੀਨ ਸਾਡੇ ਵੱਡਿਆਂ ਦੀ ਹੈ। ਤੁਸੀਂ ਸਰਕਾਰ ਦੇ ਬਾਗੀ ਹੋ। ਇਹ ਇਲਾਕਾ ਖਾਲੀ ਕਰੋ। ਲੋਕਾਂ ਨੂੰ ਵਖਤ ਨਾ ਪਾਓ। ਸ਼ਹਿਨਸ਼ਾਹ ਨਾਰਾਜ਼ ਹੋਵੇਗਾ।" ਗੁਰੂ ਸਾਹਿਬ ਨੇ ਕਿਹਾ ਭਾਈ ਅਸੀਂ ਇਥੇ ਚਾਰ ਦਿਨ ਬਿਸਰਾਮ ਕਰ ਕੇ ਤੁਰ ਜਾਣਾ ਹੈ। ਨਗਰ ਉਤੇ ਕਿਸੇ ਦੀ ਕੀ ਮਾਲਕੀ ਹੈ। ਲੋਕ ਵਸਦੇ ਹਨ। ਵਸਦੇ ਰਹਿਣਗੇ। ਰਹੀ ਸ਼ਹਿਨਸ਼ਾਹ ਦੀ ਗੱਲ। ਉਹ ਜਾਣੇ ਅਤੇ ਅਸੀਂ ਜਾਣੀਏ। ਤੂੰ ਕਿਉਂ ਕਲਪਦਾ ਅਤੇ ਫਿਕਰ ਕਰਦਾ ਹੈਂ? ਭਗਵਾਨ ਦਾਸ ਬੇਅਦਬੀ ਤੋਂ ਨਾ ਟਲਿਆ। ਉਹ ਪੰਜਾਂ ਗੁਰੂਆਂ ਦੀ ਸ਼ਾਨ ਦੇ ਖਿਲਾਫ ਵੀ ਉਚਾ ਨੀਵਾਂ ਬੋਲਣ ਲਗਾ। ਜਦੋਂ ਉਹ ਅਬਾ ਤਬਾ ਬੋਲ ਕੇ ਜ਼ੋਰ ਦਿਖਾਣ ਲੱਗਾ ਤਾਂ ਸਿਖਾਂ ਤੋਂ ਰਹਿ ਨਾ ਹੋਇਆ। ਉਨ੍ਹਾਂ ਉਸ ਨੂੰ ਕੁੱਟ ਕੁੱਟ ਕੇ ਮਾਰ ਦਿਤਾ ਅਤੇ ਉਸ ਦੀ ਲਾਸ਼ ਟੋਟੇ ਕਰ ਕੇ ਦਰਿਆ ਬਿਆਸ ਵਿਚ ਸੁਟ ਦਿਤੀ।

ਪਿਤਾ ਦੀ ਮੌਤ ਉਪਰੰਤ ਰਤਨ ਚੰਦ ਨੇ ਕਰਮ ਚੰਦ ਨੂੰ ਨਾਲ ਲਿਆ ਅਤੇ

ਜਲੰਧਰ ਦੇ ਸੂਬੇਦਾਰ ਕੋਲ ਗਿਆ। ਸੂਬੇਦਾਰ ਅਬਦੁਲਾ ਖਾਨ ਭਗਵਾਨ ਦਾਸ ਦੀ ਮੌਤ ਦੀ ਖਬਰ ਸੁਣ ਕੇ ਬੜੇ ਰੋਹ ਵਿਚ ਆਇਆ ਅਤੇ ਆਖਣ ਲਗਾ :

ਕਹਾਂ ਗੁਰੂ ਹੈ ਹਮੇਂ ਬਤਾਵੋ
ਹਮ ਹੀ ਮਾਰ ਤਾਹਿ ਘਰ ਆਵੋਂ।[1]

ਜੰਗ ਦਾ ਬਾਨ੍ਹਣੂ ਬਝ ਗਿਆ। ਗੁਰੂ ਜੀ ਦੀ ਸੈਨਾ ਵਿਚ ਭਾਈ ਜਟੂ ਤੇ ਭਾਈ ਮਾਡਨ ਜਹੇ ਬੀਰ ਸਨ। ਭਾਈ ਕਲਿਆਨ ਤੇ ਭਾਈ ਨਾਨੂੰ ਜਹੇ ਮੰਨੇ ਹੋਏ ਬਹਾਦਰ ਸਨ। ਭਾਈ ਪਿਰਾਗਾ ਤੇ ਭਾਈ ਮਥਰਾ ਜਹੇ ਜਰਨੈਲ ਸਨ ਜਿਨ੍ਹਾਂ ਅੱਗੇ ਕੋਈ ਯੋਧਾ ਨਹੀਂ ਸੀ ਠਹਿਰਦਾ। ਭਾਈ ਜਗਨਾਂ ਜੇਹਾ ਸੂਰਬੀਰ ਸੀ। ਭਾਈ ਪਰਸ ਰਾਮ, ਭਾਈ ਧੂੜਾ ਅਤੇ ਭਾਈ ਬਿਹਾਰੀ ਵਰਗੇ ਜੰਗਜੂ ਸਨ। ਭਾਈ ਸਕਤੂ ਵਰਗਾ ਲੜਾਕਾ ਸੀ ਜਿਸ ਨੂੰ ਲੋਕ ਸ਼ਤਰੂ-ਸੰਘਾਰ ਭਾਵ ਦੁਸ਼ਮਣਾ ਲਈ ਮੌਤ ਆਖਦੇ ਸਨ। ਭਾਈ ਬਿਧੀ ਚੰਦ ਜੇਹਾ ਸਿਰਲਥ ਸੂਰਬੀਰ ਸੀ। ਅਬਦੁਲਾ ਖਾਨ ਨੇ ਮੁਹੰਮਦ ਖਾਨ, ਬਲਵੰਡ ਖਾਨ, ਬੈਰਮ ਖਾਨ, ਅਲੀ ਬਖਸ਼, ਇਮਾਮ ਬਖਸ਼ ਜਹੇ ਸਰਦਾਰ ਜੰਗ ਵਿਚ ਉਤਾਰੇ। ਉਸ ਨੇ ਆਪਣੇ ਪੁੱਤਰ ਨਬੀ ਬਖਸ਼ ਤੇ ਕਰੀਮ ਬਖਸ਼ ਵੀ ਜੰਗ ਵਿਚ ਝੋਕੇ ਅਤੇ ਪੰਦਰਾਂ ਹਜ਼ਾਰ ਫੌਜ ਨਾਲ 'ਹਰਿਗੋਬਿੰਦ ਪੁਰ' ਉਤੇ ਚੜ੍ਹਾਈ ਕੀਤੀ।

ਭੱਟ ਵਹੀਆਂ ਅਨੁਸਾਰ ਭਗਵਾਨ ਦਾਸ ਘੇਰੜ 25 ਅਸੂ 1678 ਬਿਕਰਮੀ (ਸਨ 1621 ਈ:) ਨੂੰ ਮਾਰਿਆ ਗਿਆ। ਇਨ੍ਹਾਂ ਅਨੁਸਾਰ ਅਗਲੀ ਵੱਡੀ ਝੜਪ 3 ਕਤਕ ਨੂੰ ਹੋਈ। ਹਰਿਗੋਬਿੰਦ ਪੁਰ ਜਾਂ 'ਰੁਹੀਲਾ' ਦੀ ਇਸ ਜੰਗ ਵਿਚ ਕੰਮ ਆਏ ਸਿਖ ਸੂਰਮਿਆਂ ਦੇ ਨਾਮ ਭਟ ਵਹੀਆਂ ਇਹ ਦਸਦੀਆਂ ਹਨ : ਭਾਈ ਮਾਡਨ, ਭਾਈ ਬਿਹਾਰੀ, ਭਾਈ ਧੂੜਾ, ਭਾਈ ਨਾਨੂੰ, ਭਾਈ ਮਥਰਾ, ਭਾਈ ਪਰਾਗਾ।

ਗੁਰ ਬਿਲਾਸ ਇਸ ਜੰਗ ਬਾਰੇ ਬੜੇ ਵੇਰਵੇ ਨਾਲ ਗੱਲ ਕਰਦਾ ਹੈ। ਗੁਰਬਿਲਾਸ ਅਨੁਸਾਰ ਫੌਜ ਦਾ ਆਉਣਾ ਸੁਣਦੇ ਹੀ ਗੁਰੂ ਸਾਹਿਬ ਨੇ ਭਾਈ ਜੱਟੂ ਨੂੰ ਕੋਲ ਬੁਲਾਇਆ ਅਤੇ ਜੰਗ ਦੀ ਵਿਉਂਤ ਸਮਝਾਈ। ਭਾਈ ਜੱਟੂ ਨੇ ਆਗਿਆ ਮੰਗੀ ਕਿ ਮਹਾਰਾਜ ਥਾਪੜਾ ਦਿਓ ਤਾਂਕਿ ਦੁਸ਼ਮਣ ਦੇ ਸਨਮੁਖ ਹੋ ਕੇ ਲੜਾਂ। ਗੁਰੂ ਸਾਹਿਬ ਨੇ ਥਾਪੜਾ ਦੇ ਕੇ ਉਸ ਨੂੰ ਕਮਾਨ ਸੌਂਪੀ।

ਅਬਦੁਲਾ ਖਾਨ ਨੇ ਏਲਚੀ ਹਥ ਗੁਰੂ ਸਾਹਿਬ ਕੋਲ ਸੰਦੇਸ਼ ਭੇਜਿਆ ਕਿ ਈਨ ਮੰਨੋ ਅਤੇ ਇਲਾਕਾ ਖਾਲੀ ਕਰ ਦਿਓ। ਗੁਰੂ ਸਾਹਿਬ ਨੇ ਪਰਤਵਾਂ ਉੱਤਰ ਭੇਜਿਆ ਕਿ ਅਸੀਂ ਕਿਸੇ ਦੀ ਮਲਕੀਅਤ ਨਹੀਂ ਖੋਂਹਦੇ, ਪਰ ਜੇ ਕੋਈ ਹੰਕਾਰ ਨਾਲ ਸਾਡੇ ਉਤੇ ਚੜ੍ਹ ਕੇ ਆਵੇ ਤਾਂ ਅਸੀਂ ਉਸ ਦੀ ਹੈਂਕੜ ਤੋੜਣ ਅਤੇ ਉਸ ਨਾਲ ਲੋਹਾ ਲੈਣ ਲਈ ਤਿਆਰ ਹਾਂ। ਗੁਰੂ ਸਾਹਿਬ ਨੇ ਆਪਣੇ ਸਾਰੇ ਸ਼ਰਧਾਲੂਆਂ ਨੂੰ ਆਖਿਆ ਕਿ ਇਹ ਟੱਕਰ ਕਿਸੇ ਰਾਜ, ਧਨ ਜਾਂ ਮੁਲਕ ਖਾਤਰ ਨਹੀਂ। ਇਹ ਧਰਮ ਦਾ ਯੁੱਧ ਹੈ। ਕੋਈ ਕੰਡ ਨਾ ਦਿਖਾਵੇ। ਸਾਰੇ ਸਨਮੁਖ ਹੋ ਕੇ ਲੜੋ। ਹਰ ਸਰਦਾਰ ਆਪਣੇ ਜਥੇ ਦਾ ਧਿਆਨ

1. ਗੁਰਬਿਲਾਸ ਪਾ. 6. (1972), ਪੰ. 503

ਰੱਖੇ। ਜਿਹੜੇ ਭੱਜਣ ਜਾਂ ਸ਼ਰਨ ਆ ਜਾਣ ਉਨ੍ਹਾਂ ਨੂੰ ਕੁਝ ਨਹੀਂ ਕਹਿਣਾ। ਅੰਤਲ ਸੁਆਸਾਂ ਤੱਕ ਯੁਧ ਵਿਚ ਡਟੇ ਰਹਿਣਾ।

ਭਾਈ ਜੱਟੂ ਨੇ ਪੈਰ ਜਮਾ ਕੇ ਲੜਾਈ ਲੜੀ। ਉਸ ਦੀ ਫੁਰਤੀ ਦੀ ਦੁਸ਼ਮਣ ਨੇ ਵੀ ਤਾਰੀਫ ਕੀਤੀ। ਉਸ ਨੇ ਸਿੱਧਾ ਮਹੁੰਮਦ ਖਾਨ ਨੂੰ ਵੰਗਾਰਿਆ। ਮੁਹੰਮਦ ਖਾਨ ਨੇ ਪਹਿਲੇ ਹੀ ਵਾਰ ਨਾਲ ਭਾਈ ਸਾਹਿਬ ਦਾ ਘੋੜਾ ਮਾਰ ਦਿੱਤਾ। ਘੋੜੇ ਤੋਂ ਡਿਗਦੇ ਡਿਗਦੇ ਭਾਈ ਸਾਹਿਬ ਨੇ ਬੰਦੂਕ ਦਾ ਅਤੇ ਮੁਹੰਮਦ ਖਾਨ ਨੇ ਤੀਰ ਦਾ ਵਾਰ ਕੀਤਾ। ਦੋਵੇਂ ਇਕੋ ਸਮੇਂ ਧਰਤੀ ਉਤੇ ਡਿਗ ਕੇ ਸ਼ਾਂਤ ਹੋ ਗਏ। ਅਬਦੁਲਾ ਖਾਨ ਨੇ ਹੁਣ ਬੈਰਮ ਖਾਨ ਨੂੰ ਕਮਾਨ ਸੌਂਪੀ। ਗੁਰੂ ਜੀ ਨੇ ਭਾਈ ਮਥਰਾ ਜੀ ਨੂੰ ਜਥੇਦਾਰੀ ਸੌਂਪੀ। ਭਾਈ ਮਥਰਾ ਨੇ ਬੈਰਮ ਖਾਨ ਨੂੰ ਘੋੜੇ ਤੋਂ ਥਲੇ ਸੁੱਟ ਲਿਆ। ਦੋਵੇਂ ਗੁਥਮ ਗੁੱਥਾ ਹੋ ਗਏ। ਬੈਰਮ ਖਾਨ ਸਾਰੇ ਦਾ ਸਾਰਾ ਲੋਹੇ ਦੇ ਜ਼ਰਾ-ਬਕਤਰ ਨਾਲ ਕੱਜਿਆ ਪਿਆ ਸੀ। ਲਲਕਾਰਨ ਲਈ ਉਸ ਨੇ ਮੂੰਹ ਖੋਲ੍ਹਿਆ ਤਾਂ ਭਾਈ ਮਥਰਾ ਨੇ ਬੈਰਮ ਖਾਨ ਦੀ ਕਮਰ ਵਿਚਲੀ ਕਟਾਰ ਹੀ ਫੁਰਤੀ ਨਾਲ ਕੱਢ ਕੇ ਉਸ ਦੇ ਮੂੰਹ ਵਿਚ ਖੋਭ ਦਿੱਤੀ। ਉਹ ਚੀਕ ਮਾਰ ਕੇ ਡਿਗ ਪਿਆ। ਮੁਗਲ ਸੈਨਾ ਇਕ ਵਾਰ ਤਾਂ ਘਬਰਾ ਉਠੀ। ਭਾਈ ਮਥਰਾ ਮੀਨਾਰ ਵਾਂਗ ਕਾਇਮ ਸੀ। ਬੈਰਮ ਦੀ ਥਾਂ ਸੂਬੇਦਾਰ ਨੇ ਬਲਵੰਡ ਖਾਂ, ਇਮਾਮ ਬਖਸ਼ ਅਤੇ ਨਬੀ ਬਖਸ ਨੂੰ ਅਗੇ ਕੀਤਾ। ਉਨ੍ਹਾਂ ਨੇ ਅੱਗਾ ਪਿਛਾਂ ਵੇਖੇ ਬਿਨਾ, ਆਉਂਦੇ ਹੀ ਤੀਰਾਂ ਦਾ ਮੀਂਹ ਵਰ੍ਹਾ ਦਿਤਾ। ਭਾਈ ਮਥਰਾ ਨੇ ਹਰ ਤੀਰ ਤੋਂ ਢਾਲ ਨਾਲ ਬਚਾਅ ਕੀਤਾ। ਜ਼ਰਾ ਕੁ ਸਾਹ ਮਿਲਿਆ ਤਾਂ ਉਸ ਨੇ ਇਕੋ ਭਰਵੇਂ ਵਾਰ ਨਾਲ ਇਮਾਮ ਬਖਸ਼ ਦਾ ਘੋੜਾ ਮਾਰ ਦਿਤਾ। ਭਾਈ ਕਲਿਆਣਾ ਨੇ ਆਪਣੀ ਬੰਦੂਕ ਬਲਵੰਡ ਖਾਂ ਵਲ ਸੇਧ ਕੇ ਫਾਇਰ ਕੀਤਾ ਅਤੇ ਉਸ ਨੂੰ ਥਾਏਂ ਸੁਟ ਦਿਤਾ। ਭਾਈ ਸਾਹਿਬ ਆਪ ਘੇਰੇ ਵਿਚ ਆ ਗਏ ਅਤੇ ਦੁਸ਼ਮਣ ਹਥੋਂ ਸ਼ਹੀਦ ਹੋ ਗਏ। ਉਨ੍ਹਾਂ ਦੀ ਸ਼ਹੀਦੀ ਅਬਦੁਲੇ ਦੇ ਵਡੇ ਪੁੱਤਰ ਨਬੀ ਬਖਸ਼ ਦੇ ਹਥੋਂ ਹੋਈ। ਉਨ੍ਹਾਂ ਦੀ ਥਾਂ ਹੁਣ ਭਾਈ ਨਾਨੂੰ ਜੀ ਨੇ ਲਈ। ਉਧਰੋਂ ਅਲੀ ਬਖਸ, ਨਬੀ ਬਖਸ ਨਾਲ ਆ ਰਲਿਆ।

ਅਲੀ ਬਖਸ਼ ਗੁਸੇ ਵਿਚ ਗੁਰੂ ਸਾਹਿਬ ਵਲ ਵਧਿਆ। ਉਸ ਨੂੰ ਉਧਰ ਵਧਦਾ ਵੇਖ ਕੇ ਭਾਈ ਨਾਨੂੰ ਜੀ ਨੇ ਉਸ ਨੂੰ ਰੋਕਿਆ। ਅਲੀ ਬਖਸ਼ ਨੇ ਭਾਈ ਸਾਹਿਬ ਨੂੰ ਆਪਣਾ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਇੰਜ ਕਰਨ ਤੋਂ ਪਹਿਲਾਂ ਭਾਈ ਨਾਨੂੰ ਨੇ ਉਸ ਨੂੰ ਤੀਰਾਂ ਨਾਲ ਹੀ ਮੁਕਾ ਦਿਤਾ। ਭਾਈ ਨਾਨੂੰ ਇਸ ਪਿਛੋਂ ਹੋਈ ਘਮਸਾਨ ਦੀ ਮੁਠ ਭੇੜ ਵਿਚ ਮਾਰੇ ਗਏ। ਡਿਗਦੇ ਡਿਗਦੇ ਉਨਾਂ ਦੁਧਾਰੇ ਖੰਡੇ ਨਾਲ ਇਮਾਮ ਬਖਸ ਦੀ ਇਕ ਬਾਂਹ ਉਡਾ ਦਿਤੀ। ਭਾਈ ਨਾਨੂੰ ਦੀ ਸ਼ਹੀਦੀ ਨਾਲ ਇਕ ਵਾਰ ਤਾਂ ਸਿਖਾਂ ਦੀ ਹਾਲਤ ਪਤਲੀ ਪੈ ਗਈ। ਉਸ ਮੈਦਾਨ ਵਿਚ ਸਿਖ ਕੋਈ ਨਹੀਂ ਸੀ ਨਜ਼ਰ ਆ ਰਿਹਾ। ਸਭ ਸ਼ਹੀਦ ਹੋ ਚੁਕੇ ਸਨ। ਮੁਗਲ ਫੌਜ ਅਗੇ ਵਧ ਰਹੀ ਸੀ ਕਿ ਭਾਈ ਬਿਧੀ ਚੰਦ ਆਪਣੇ ਰਾਖਵੇਂ ਜਥੇ ਨੂੰ ਲੈ ਕੇ ਆ ਗਏ। ਉਨ੍ਹਾਂ ਨਾਲ ਭਾਈ ਕਿਸ਼ਨਾ ਅਤੇ ਭਾਈ ਪਰਾਗਾ ਜੀ ਸਨ। ਭਾਈ ਪਰਾਗਾ ਨੇ ਇਮਾਮ ਬਖਸ਼ ਨੂੰ ਜਾ ਲਿਆ। ਮੁਗਲ ਸੈਨਾ ਦੀ ਪੇਸ਼-ਕਦਮੀ ਰੁਕ ਗਈ। ਸ਼ਾਮ ਦਾ ਹਨੇਰਾ ਉਤਰ ਆਇਆ।

ਦੋਵੇਂ ਧਿਰਾਂ ਆਪੋ ਆਪਣੇ ਖੇਮਿਆਂ ਵਿਚ ਪਰਤ ਗਈਆਂ।

ਅਗਲੀ ਸਵੇਰ ਗੁਰੂ ਸਾਹਿਬ ਨੇ ਭਾਈ ਜਟੂ, ਭਾਈ ਨਾਨੂੰ ਤੇ ਭਾਈ ਮਥਰਾ ਜੀ ਦੀ ਬਹਾਦਰੀ ਦੀ ਪ੍ਰਸੰਸਾ ਕੀਤੀ ਅਤੇ ਸਭ ਨੂੰ ਦੁਸ਼ਮਣ ਨੂੰ ਜ਼ਬਰਦਸਤ ਟੱਕਰ ਦੇਣ ਲਈ ਵੰਗਾਰਿਆ। ਉਧਰ ਕਈ ਸਰਦਾਰਾਂ ਦੇ ਮਰਨ ਕਾਰਨ ਮੁਗਲ ਵੀ ਪੂਰੇ ਰੋਹ ਵਿਚ ਸਨ। ਉਨ੍ਹਾਂ ਦੀ ਅਗਵਾਈ ਮੁਹੰਮਦ ਯਾਰ ਕਰ ਰਿਹਾ ਸੀ। ਅਬਦੁਲਾਖਾਨ ਆਪ ਨਾਲ ਸੀ। ਮੁਹੰਮਦ ਯਾਰ ਨੂੰ ਭਾਈ ਜਮਨਾ ਨੇ ਰੋਕਿਆ। ਦੋਵੇਂ ਗੁਥਮ ਗੁੱਥਾ ਹੋ ਗਏ। ਦੋਵੇਂ ਤਕੜੇ ਯੋਧੇ ਸਨ। ਇਕ ਦੂਜੇ ਨਾਲ ਭਿੜਦੇ ਹੋਏ ਦੋਵੇਂ ਹੀ ਮਾਰੇ ਗਏ। ਅਬਦੁਲਾ ਖਾਨ ਨੇ ਰਤਨ ਚੰਦ ਅਤੇ ਕਰਮ ਚੰਦ ਨੂੰ ਅਗੇ ਵਧਣ ਲਈ ਵੰਗਾਰਿਆ। ਸਿਖਾਂ ਦੀ ਬਹਾਦਰੀ ਦੇਖ ਕੇ ਖਾਨ ਕਹਿ ਉਠਿਆ—ਅਸੀਂ ਤਾਂ ਇਨ੍ਹਾਂ ਨੂੰ ਨਾਈ ਛੀਂਬੇ, ਜੱਟ ਬੂਟ ਤੇ ਕੰਮੀ ਕਮੀਨ ਹੀ ਸਮਝਦੇ ਸਾਂ। ਸਾਨੂੰ ਲਗਦਾ ਸੀ ਕਿ ਇਨ੍ਹਾਂ ਕਦੇ ਤਲਵਾਰ ਨਹੀਂ ਚੁਕ ਕੇ ਵੇਖੀ ਹੋਣੀ ਪਰ ਇਹ ਤਾਂ ਯੋਧਿਆਂ ਦੀ ਸੈਨਾ ਹੈ।

ਗੁਰੂ ਸਾਹਿਬ ਆਪ ਘੋੜੇ ਉਤੇ ਸਵਾਰ ਹੋ ਕੇ, ਜ਼ਰਾ ਬਕਤਰ ਪਹਿਣ, ਤੀਰ ਕਮਾਨ ਭਥਾ ਅਤੇ ਸ਼ਸਤਰ ਲੈ ਕੇ ਮੈਦਾਨ ਵਿਚ ਸਿਖਾਂ ਦੀ ਹੌਂਸਲਾ ਅਫਜ਼ਾਈ ਕਰ ਰਹੇ ਸਨ। ਉਨ੍ਹਾਂ ਨਾਲ ਭਾਈ ਸਕਤੂ ਅਤੇ ਭਾਈ ਪਰਸ ਰਾਮ ਵੀ ਸਨ। ਅਬਦੁਲਾ ਖਾਨ ਨੇ ਕਰਮ ਚੰਦ ਨੂੰ ਭਾਈ ਬਿਧੀ ਚੰਦ ਨੂੰ ਰੋਕਣ ਲਈ ਲਲਕਾਰਿਆ। ਕਰਮ ਚੰਦ ਨੇ ਦੂਰੋਂ ਹੀ ਭਾਈ ਸਾਹਿਬ ਉਤੇ ਤੀਰ ਦਾ ਵਾਰ ਕੀਤਾ ਜੋ ਉਨ੍ਹਾਂ ਦੇ ਸਰੀਰ ਵਿਚ ਧਸ ਗਿਆ। ਉਨ੍ਹਾਂ ਤੀਰ ਕਢ ਕੇ ਵਗਾਹ ਮਾਰਿਆ ਅਤੇ ਫੁਰਤੀ ਨਾਲ ਮੋੜਵਾਂ ਵਾਰ ਕਰ ਕੇ ਕਰਮ ਚੰਦ ਨੂੰ ਘੋੜੇ ਤੋਂ ਸੁੱਟ ਲਿਆ। ਹੁਣ ਕਮੰਦ ਪਾ ਕੇ ਭਾਈ ਸਾਹਿਬ ਨੇ ਉਸ ਨੂੰ ਧਰੂਹ ਲਿਆ ਅਤੇ ਗੁਰੂ ਸਾਹਿਬ ਅਗੇ ਲਿਆ ਸੁਟਿਆ। ਭਾਈ ਸਾਹਿਬ ਉਸ ਦੀ ਅਲਖ ਮੁਕਾਣ ਲਗੇ ਸਨ ਕਿ ਉਸ ਨੇ ਹੱਥ ਜੋੜ ਦਿਤੇ। ਗੁਰੂ ਸਾਹਿਬ ਨੇ ਉਸ ਨੂੰ ਨਿਹੱਥਾ ਆਖ ਕੇ ਭਾਈ ਸਾਹਿਬ ਨੂੰ ਉਸ ਨੂੰ ਮਾਰਨ ਤੋਂ ਰੋਕ ਦਿਤਾ। ਕਰਮ ਚੰਦ ਨਸ ਕੇ ਫਿਰ ਖਾਨ ਕੋਲ ਗਿਆ। ਉਹ ਉਸ ਨੂੰ ਗੁਰੂ ਸਾਹਿਬ ਦੇ ਫੌਜੀ ਸੰਗਠਨ ਦੇ ਭੇਤ ਦਿੰਦਾ ਹੋਇਆ ਕਹਿਣ ਲੱਗਾ ਕਿ ਹੁਣ ਗੁਰੂ ਸਾਹਿਬ ਨਾਲ ਬੜੇ ਥੋੜ੍ਹੇ ਬੰਦੇ ਰਹਿ ਗਏ ਹਨ। ਇਕੋ ਭਰਵੇਂ ਹੱਲੇ ਨਾਲ ਫਤਹਿ ਤੁਹਾਡੀ ਹੈ।

ਅਬਦੁਲਾ ਨਬੀ ਬਖਸ਼ ਨੂੰ ਲੈ ਕੇ ਤਕੜੀ ਟੁਕੜੀ ਨਾਲ ਅੱਗੇ ਹੋਇਆ ਤਾਂ ਭਾਈ ਪਰਸ ਰਾਮ ਅਤੇ ਭਾਈ ਸਕਤੂ ਦੇ ਜਥਿਆਂ ਨੇ ਉਸ ਨੂੰ ਡੱਕਿਆ। ਨਬੀ ਬਖਸ਼ ਨੇ ਭਾਈ ਪਰਸ ਰਾਮ ਨੂੰ ਘਾਇਲ ਕਰ ਦਿਤਾ। ਉਨ੍ਹਾਂ ਘਾਇਲ ਹਾਲਤ ਵਿਚ ਹੀ ਨਬੀ ਬਖਸ਼ ਦਾ ਕੰਮ ਤਮਾਮ ਕਰ ਦਿਤਾ। ਨਬੀ ਬਖਸ਼ ਦੇ ਸਾਥੀਆਂ ਨੇ ਭਾਈ ਸਕਤੂ ਅਤੇ ਭਾਈ ਪਰਸ ਰਾਮ ਦੋਹਾਂ ਨੂੰ ਸ਼ਹੀਦ ਕਰ ਦਿਤਾ। ਭਰਾ ਦੇ ਡਿਗਣ ਉਤੇ ਕਰੀਮ ਬਖਸ਼ ਗੁਸੇ ਨਾਲ ਆਇਆ। ਉਸ ਨੂੰ ਭਾਈ ਬਿਧੀ ਚੰਦ ਨੇ ਰੋਕਿਆ। ਦੋਵਾਂ ਵਿਚ ਤਿਖੀ ਟੱਕਰ ਹੋਈ। ਕਰੀਮ ਬਖਸ਼ ਦਾ ਪਹਿਲਾ ਵਾਰ ਤਾਂ ਖਾਲੀ ਗਿਆ। ਦੂਜੇ ਵਿਚ ਭਾਈ ਸਾਹਿਬ ਦੀ ਤਲਵਾਰ ਟੁੱਟ ਗਈ। ਉਨ੍ਹਾਂ ਸਾਥੀ ਤੋਂ ਤਲਵਾਰ ਖਿਚੀ ਅਤੇ ਕਰੀਮ ਬਖਸ਼ ਨੂੰ ਇਕੋ ਭਰਵੇਂ ਵਾਰ ਨਾਲ ਮਾਰ ਗਿਰਾਇਆ। ਕਰਮ ਚੰਦ ਅਤੇ ਰਤਨ ਚੰਦ ਦੋ ਵਡੇ ਥਮ੍ਹ ਡਿਗਦੇ

ਤਕ ਕੇ ਨਸ ਉਠੇ।

ਪੁੱਤਰਾਂ ਦੀ ਮੌਤ ਦੇ ਗ਼ਮ ਗੁੱਸੇ ਨਾਲ ਪਾਗਲ ਅਬਦੁਲਾ ਖਾਨ ਨੇ ਰਹਿੰਦੀ ਸਾਰੀ ਫੋਜ ਨੂੰ ਗੁਰੂ ਸਾਹਿਬ ਉਤੇ ਸੰਗਠਿਤ ਹੱਲਾ ਕਰਨ ਲਈ ਹੁਕਮ ਦਿਤਾ। ਉਹ ਸਭ ਨੂੰ ਚੀਰਦਾ ਆਪ ਗੁਰੂ ਸਾਹਿਬ ਦੇ ਮੁਕਾਬਲੇ ਆ ਖਲੋਤਾ। ਗੁਰੂ ਸਾਹਿਬ ਪਾਸ ਉਸ ਸਮੇਂ ਲਖਾ ਨਗਾਰਚੀ ਅਤੇ ਤੀਰਾਂ ਦੇ ਭੱਥੇ ਲੈ ਕੇ ਚਲਣ ਵਾਲੇ ਦੋ ਸਾਥੀ ਹੀ ਸਨ। ਖਾਨ ਨੇ ਅੰਨ੍ਹੇ ਵਾਹ ਵਾਰ ਕੀਤੇ। ਕਰਮ ਚੰਦ ਅਤੇ ਰਤਨ ਚੰਦ ਵੀ ਖਾਨ ਦਾ ਪਾਸਾ ਭਾਰਾ ਹੁੰਦਾ ਵੇਖ ਕੇ ਆ ਰਲੇ। ਤੀਰਾਂ ਦਾ ਮੀਂਹ ਵਰ੍ਹ ਗਿਆ। ਇਸ ਟੱਕਰ ਵਿਚ ਕਰਮ ਚੰਦ ਅਤੇ ਰਤਨ ਚੰਦ ਦੇ ਘੋੜੇ ਖਤਮ ਹੋ ਗਏ। ਕਰਮ ਚੰਦ ਨੇ ਨੇੜੇ ਹੋ ਕੇ ਗੁਰੂ ਜੀ ਉਤੇ ਵਾਰ ਕੀਤਾ। ਗੁਰੂ ਸਾਹਿਬ ਨੇ ਵਾਰ ਬਚਾ ਕੇ ਢਾਲ ਦਾ ਪਰਤਵਾਂ ਵਾਰ ਕੀਤਾ। ਕਰਮ ਚੰਦ ਬੇਹੋਸ਼ ਹੋ ਕੇ ਡਿਗ ਪਿਆ। ਰਤਨ ਚੰਦ ਅਗੇ ਵਧਿਆ। ਗੁਰੂ ਸਾਹਿਬ ਨੇ ਤਲਵਾਰ ਨਾਲ ਉਸ ਦੇ ਦੋ ਟੋਟੇ ਕਰ ਸੁਟੇ। ਖਾਨ ਦਾ ਗੁੱਸਾ ਸਾਰੀਆਂ ਹੱਦਾਂ ਟੱਪ ਰਿਹਾ ਸੀ। ਉਸ ਨੇ ਰੋਹ ਵਿਚ ਤੀਰ ਚਲਾਇਆ। ਮਹਾਰਾਜ ਦਾ ਘੋੜਾ ਜ਼ਖਮੀ ਹੋ ਕੇ ਡਿਗ ਪਿਆ। ਆਪ ਘੋੜੇ ਤੋਂ ਛਾਲ ਮਾਰ ਕੇ ਉਤਰੇ ਅਤੇ ਨਿਸ਼ਾਨਾ ਬੰਨ੍ਹ ਕੇ ਤੀਰ ਨਾਲ ਖਾਨ ਦਾ ਘੋੜਾ ਵੀ ਨਕਾਰਾ ਕਰ ਦਿਤਾ। ਜ਼ਮੀਨ ਉਤੇ ਪੈਰ ਰਖਦਿਆਂ ਹੀ ਖਾਨ ਨੇ ਗੁਰੂ ਜੀ ਨੂੰ ਲਲਕਾਰਿਆ– "ਸੰਭਲੋ ਐਸਾ ਵਾਰ ਕਰਾਂਗਾ ਕਿ ਮਾਰੇ ਗਏ ਸਾਥੀਆਂ ਦਾ ਬਦਲਾ ਚੁਕਾ ਦਿਆਂਗਾ। ਤੁਹਾਨੂੰ ਜੀਉਂਦਾ ਨਹੀਂ ਜਾਣ ਦੇਣਾ ਹੁਣ" :

ਆਜ ਸਭਨ ਕਾ ਬਦਲਾ ਲੇਵੋਂ।
ਜੀਵਤ ਤੋਹਿ ਜਾਨ ਨਹੀਂ ਦੇਵੋਂ।[1]

ਖਾਨ, ਗੁਰੂ ਸਾਹਿਬ ਉਪਰ ਵਾਰ ਤੇ ਵਾਰ ਕਰੀ ਜਾ ਰਿਹਾ ਸੀ। ਉਸ ਨੇ ਤੀਰਾਂ ਦੀ ਵਰਖਾ ਕਰ ਦਿਤੀ। ਸਾਰਾ ਭੱਥਾ ਖਾਲੀ ਹੋ ਗਿਆ। ਗੁਰੂ ਜੀ ਸਾਰੇ ਤੀਰਾਂ ਤੋਂ ਸਾਫ ਬਚ ਨਿਕਲਦੇ ਰਹੇ। ਮਹਾਰਾਜ ਨੇ ਹੁਣ ਉਸ ਨੂੰ ਆਖਿਆ ਕਿ ਤੂੰ ਤਲਵਾਰ ਵੀ ਅਜ਼ਮਾ ਲੈ ਤਾਂ ਕਿ ਤੇਰੀ ਕੋਈ ਰੀਝ ਰਹਿ ਨਾ ਜਾਵੇ। ਤੇਗ ਦੇ ਵਗਾਹਵੇਂ ਵਾਰਾਂ ਨਾਲ ਜਦੋਂ ਉਹ ਹੰਭ ਗਿਆ ਤਾਂ ਗੁਰੂ ਸਾਹਿਬ ਨੇ ਵਾਰ ਰੋਕਦੇ ਹੋਏ ਕਿਹਾ :

ਤਬ ਪ੍ਰਭ ਐਸ ਉਚਾਰਿਓ,
ਅਬ ਕ਼ਰਹੋਂ ਮੈਂ ਵਾਰ।
ਹੁਇ ਸੁਚੇਤ ਕਲਮਾ ਪੜ੍ਹੋ।
ਕਰਹੋਂ ਤੋਰਿ ਸੰਘਾਰ।[2]

ਐਸਾ ਤੇਗ ਦਾ ਵਾਰ ਕੀਤਾ ਕਿ ਖਾਨ ਚੀਕ ਮਾਰ ਕੇ ਕਟੇ ਹੋਏ ਰੁਖ ਵਾਂਗ ਜ਼ਮੀਨ ਉਤੇ ਆਣ ਡਿੱਗਾ। ਉਸ ਦੀ ਚੀਕ ਨਾਲ ਕਰਮ ਚੰਦ ਦੀ ਬੇਹੋਸ਼ੀ ਟੁੱਟੀ। ਉਹ ਤਲਵਾਰ ਲੈ ਕੇ ਗੁਰੂ ਸਾਹਿਬ ਵਲ ਵਧਿਆ। ਉਸ ਨੇ ਗੁਰੂ ਜੀ ਨੂੰ ਲਲਕਾਰਿਆ ਕਿ

---

1. ਗੁਰਬਿਲਾਸ ਪਾ. 6, ਪੰ. 514,
2. ਗੁਰਬਿਲਾਸ ਪਾ. 6, ਪੰ. 515

ਢਾਲ ਸੁੱਟ ਕੇ ਮੇਰੇ ਨਾਲ ਤਲਵਾਰ-ਯੁਧ ਲਈ ਨਿਤਰੋ। ਗੁਰੂ ਜੀ ਦੇ ਵਾਰ ਨਾਲ ਉਸ ਦੀ ਤਲਵਾਰ ਦੇ ਦੋ ਟੋਟੇ ਹੋ ਗਏ। ਕਰਮ ਚੰਦ ਨੇ ਦੂਜੀ ਤਲਵਾਰ ਲਈ ਤਾਂ ਉਹ ਵੀ ਗੁਰੂ ਸਾਹਿਬ ਨੇ ਤੋੜ ਦਿਤੀ। ਇਸ ਟੱਕਰ ਵਿਚ ਗੁਰੂ ਸਾਹਿਬ ਦੀ ਤਲਵਾਰ ਵੀ ਨਾਕਾਰਾ ਹੋ ਗਈ। ਗੁਰੂ ਸਾਹਿਬ ਨੇ ਉਸ ਨੂੰ ਹੱਥ ਨਾਲ ਹੀ ਪਟਕਾ ਕੇ ਧਰਤੀ ਉਤੇ ਇੰਨੇ ਜ਼ੋਰ ਨਾਲ ਮਾਰਿਆ ਕਿ ਉਹ ਡਿੱਗ ਕੇ ਪ੍ਰਾਣ ਛਡ ਗਿਆ। ਦੁਸ਼ਮਣ ਲਈ ਇਹ ਆਖਰੀ ਸੱਟ ਸੀ। ਸਭ ਭੱਜ ਨਿਕਲੇ। ਰਾਤ ਉਤਰ ਆਈ ਸੀ। ਹਨੇਰੇ ਵਿਚ ਗੁਰੂ ਸਾਹਿਬ ਨਜ਼ਰ ਨਹੀਂ.ਸਨ ਆ ਰਹੇ। ਸ਼ੀਹੇਂ ਚੋਧਰੀ ਨੇ ਮਿਸ਼ਾਲਾਂ ਭੇਜੀਆਂ। ਗੁਰੂ ਸਾਹਿਬ ਕੁਝ ਸਾਥੀਆਂ ਸਮੇਤ ਜ਼ਖਮੀਆਂ ਨੂੰ ਸੰਭਾਲ ਰਹੇ ਸਨ। ਉਨ੍ਹਾਂ ਦੇ ਦਰਸ਼ਨ ਹੋਣ ਨਾਲ ਸਭ ਸੰਗਤਾਂ ਵਿਚ ਖੁਸ਼ੀ ਅਤੇ ਜੋਸ਼ ਦੀ ਲਹਿਰ ਦੋੜ ਗਈ। ਅਗਲੀ ਸਵੇਰ ਗੁਰੂ ਸਾਹਿਬ ਨੇ ਮੁਸਲਮਾਨਾਂ ਨੂੰ ਬਾਇਜ਼ਤ ਦਫਨ ਕੀਤਾ। ਸਿਖ ਸੈਨਿਕਾਂ ਦੀਆਂ ਕੁਝ ਲਾਸ਼ਾਂ ਦਾ ਸਸਕਾਰ ਕੀਤਾ। ਕੁਝ ਨੂੰ ਬਿਆਸ ਵਿਚ ਜਲ ਪ੍ਰਵਾਹਿਤ ਕਰ ਦਿਤਾ। ਅਬਦੂਲਾ ਖਾਂ, ਉਸ ਦੇ ਪੁੱਤਰਾਂ ਅਤੇ ਮੁਖੀ ਸਰਦਾਰਾਂ ਨੂੰ ਇਕੋ ਕਬਰ ਵਿਚ ਦਫਨ ਕੀਤਾ ਗਿਆ।

ਬਾਦਸ਼ਾਹ ਨੂੰ 'ਜਲੰਧਰ' ਦੇ ਸੂਬੇਦਾਰ ਦੀ ਇਸ ਦੁਰਗਤ ਦਾ ਪਤਾ ਲਗਾ ਤਾਂ ਉਸ ਨੇ ਬਹੁਤ ਬੁਰਾ ਮਨਾਇਆ। ਉਸ ਨੇ ਅਬਦੁਲਾ ਦੀ ਸਾਰੀ ਜਾਇਦਾਦ ਜ਼ਬਤ ਕਰਨ ਦਾ ਹੁਕਮ ਦਿਤਾ। ਉਸ ਨੂੰ ਵਜ਼ੀਰ ਖਾਨ ਨੇ ਇਹ ਦੱਸਿਆ ਕਿ ਗੁਰੂ ਸਾਹਿਬ ਹਿੰਦੂ ਮੁਸਲਮਾਨ ਵਿਚ ਕੋਈ ਵਿਤਕਰਾ ਨਹੀਂ ਕਰਦੇ। ਉਨ੍ਹਾਂ 'ਹਰਿਗੋਬਿੰਦਪੁਰ' ਵਿਚ ਧਰਮਸ਼ਾਲਾ ਹੀ ਨਹੀਂ, ਮਸੀਤ ਵੀ ਬਣਵਾਈ ਹੈ। ਖਾਨ ਨੇ ਚੰਦੂ ਦੇ ਰਿਸ਼ਤੇਦਾਰਾਂ ਦੀ ਚੁੱਕ ਵਿਚ ਆ ਕੇ ਗੁਰੂ ਸਾਹਿਬ ਨੂੰ ਨਾਹੱਕ ਪਰੇਸ਼ਾਨ ਕੀਤਾ ਹੈ ਅਤੇ ਹਮਲਾ ਕੀਤਾ ਹੈ। ਲੜਾਈ ਗੁਰੂ ਸਾਹਿਬ ਨੇ ਨਹੀਂ ਕੀਤੀ। ਗੁਰੂ ਸਾਹਿਬ ਉਤੇ ਇਹ ਲੜਾਈ ਥੋਪੀ ਗਈ ਸੀ। ਖਾਨ ਦੀ ਬੇਵਕੂਫੀ ਨਾਲ 1400 ਮੁਗਲ ਸੈਨਿਕ ਮਾਰੇ ਗਏ ਸਨ।

ਅਬਦੂਲਾ ਖਾਨ ਦੇ ਖਤਮ ਹੋਣ ਨਾਲ ਜਲੰਧਰ ਦੁਆਬ ਵਿਚੋਂ ਅਨਿਆਇ ਅਤੇ ਜ਼ੋਰ ਜਬਰ ਦੇ ਸ਼ਾਸਨ ਦਾ ਅੰਤ ਹੋ ਗਿਆ। ਸਿਖ ਲਹਿਰ ਵਿਚ ਸਵੈ ਵਿਸ਼ਵਾਸ ਅਤੇ ਉਤਸ਼ਾਹ ਦਾ ਨਵਾਂ ਸੰਚਾਰ ਹੋਇਆ। ਸਿੱਖਾਂ ਨੇ ਦੇਖ ਲਿਆ ਸੀ ਕਿ ਸੰਗਠਿਤ ਹੋ ਕੇ ਗੁਰੂ ਸਾਹਿਬ ਦੀ ਅਗਵਾਈ ਵਿਚ ਉਹ ਵਡੇ ਤੋਂ ਵਡੇ ਦੁਸ਼ਮਣ ਨਾਲ ਟਕਰਾ ਕੇ ਵਿਜੇਈ ਹੋ ਸਕਦੇ ਹਨ।

ਯੁਧ ਮੁਕਣ ਉਤੇ ਗੁਰੂ ਸਾਹਿਬ ਨੇ ਹਰਿਗੋਬਿੰਦਪੁਰ ਦੀ ਚਾਰ ਦੀਵਾਰੀ ਬਾਕਾਇਦਾ ਮੁਕੰਮਲ ਕਰਵਾਈ। ਬਾਹਰਲੀ ਦੀਵਾਰ ਵਿਚ ਪੰਜ ਦਰਵਾਜ਼ੇ ਰਖੇ ਗਏ। ਬਾਜ਼ਾਰਾਂ ਆਦਿ ਦੇ ਵੇਰਵੇ ਤਿਆਰ ਕੀਤੇ ਗਏ। ਸਾਰੀ ਟੱਕਰ ਹੀ ਇਸ ਤੋਂ ਸ਼ੁਰੂ ਹੋਈ ਸੀ। ਕੁਝ ਸਿਖ ਇਹ ਖੁਸ਼ਖਬਰੀ ਦੇਣ ਅੰਮ੍ਰਿਤਸਰ ਅਤੇ ਬੀੜ ਬਾਬਾ ਬੁਢਾ ਜੀ ਵਿਚ ਵੀ ਗਏ। ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਇਹ ਸੁਣ ਕੇ ਬੜੇ ਪ੍ਰਸੰਨ ਹੋਏ। ਉਹ ਗੁਰੂ ਜੀ ਦੇ ਦਰਸ਼ਨਾਂ ਨੂੰ ਤੁਰ ਪਏ। ਉਨ੍ਹਾਂ ਦੇ ਨਾਲ ਭਾਈ ਅਜਿਤਾ ਜੀ, ਭਾਈ ਜੇਧਾ ਜੀ, ਭਾਈ ਜੀਵਾ ਜੀ ਅਤੇ ਅਨੇਕਾਂ ਹੋਰ ਸੰਗਤਾਂ ਤੁਰ ਪਈਆਂ। ਹਰਿਗੋਬਿੰਦਪੁਰ ਸਾਹਿਬ ਪੁਜੇ ਤਾਂ ਅੱਗੋ ਨਿਰਵਿਘਨ ਕਾਰਜ ਸੰਪੰਨ ਹੋਣ ਦੀ ਖੁਸ਼ੀ ਵਿਚ ਦੀਵਾਨ ਸਜ ਰਹੇ ਸਨ। ਭਾਈ

ਗੁਰਦਾਸ ਜੀ ਤੇ ਬਾਬਾ ਬੁਢਾ ਜੀ ਨਾਲ ਆਈਆਂ ਸੰਗਤਾਂ ਨੇ ਇਸ ਨੂੰ ਵਡਾ ਜੋੜ ਮੇਲ ਬਣਾ ਦਿਤਾ। ਬਾਬਾ ਜੀ ਨੂੰ ਗੁਰੂ ਸਾਹਿਬ ਨੇ ਪ੍ਰੇਮ ਨਾਲ ਆਪਣੇ ਕੋਲ ਆਸਨ ਉਤੇ ਬਿਠਾਇਆ। ਇਸੇ ਦੌਰਾਨ ਭਾਈ ਸੁਭਾਗ ਜੀ ਨੇ ਗੁਰੂ ਸਾਹਿਬ ਨੂੰ ਪੰਜ ਇਰਾਕੀ ਘੋੜੇ ਭੇਟ ਕੀਤੇ। ਗੁਰੂ ਸਾਹਿਬ ਨੇ ਦੋ ਘੋੜੇ ਆਪਣੇ ਲਈ ਰੱਖੇ। ਇਕ ਭਾਈ ਬਿਧੀ ਚੰਦ ਨੂੰ ਬਖਸ਼ਿਆ। ਇਕ ਘੋੜਾ ਆਪ ਨੇ ਸਾਹਿਬਜ਼ਾਦਾ ਗੁਰਦਿਤਾ ਜੀ ਅਤੇ ਇਕ ਪੈਂਦੇ ਖਾਨ ਨੂੰ ਭੇਜ ਦਿਤਾ। ਗੁਰੂ ਸਾਹਿਬ ਨੇ ਭਗਵਾਨ ਦਾਸ ਘੇਰੜ ਦੀ ਹਵੇਲੀ ਨੂੰ ਮਸੀਤ ਬਣਾ ਦਿਤਾ। ਇਕ ਮਸੀਤ ਹਰਿਗੋਬਿੰਦਪੁਰ ਵਿਚ ਉਹ ਪਹਿਲਾਂ ਹੀ ਬਣਾ ਚੁਕੇ ਸਨ। ਨਗਰ ਵਿਚ ਦੋ ਮਸੀਤਾਂ ਵੇਖ ਕੇ ਸਾਰੇ ਇਲਾਕੇ ਦੇ ਮੁਸਲਮਾਨਾਂ ਦੇ ਦਿਲਾਂ ਉਤੇ ਆਪ ਦੀ ਨਿਆਇਸ਼ੀਲਤਾ ਅਤੇ ਉਦਾਰਤਾ ਦੀ ਛਾਪ ਲੱਗ ਗਈ।

ਹਰਿਗੋਬਿੰਦਪੁਰ ਦੀ ਜੰਗ ਦੇ ਸਮੇਂ ਬਾਰੇ ਇਤਿਹਾਸਕਾਰਾਂ ਵਿਚ ਮਤ ਭੇਦ ਹਨ। ਪ੍ਰਿੰ: ਸਤਿਬੀਰ ਸਿੰਘ[1] ਅਤੇ ਹੋਰ ਪੁਰਾਤਨ ਗ੍ਰੰਥਕਾਰ ਇਸ ਨੂੰ ਗੁਰੂ ਸਾਹਿਬ ਦੀ ਪਹਿਲੀ ਜੰਗ ਨਾ ਮੰਨ ਕੇ ਦੂਜੀ ਜੰਗ ਆਖਦੇ ਹਨ। ਉਹ ਇਸ ਨੂੰ ਸਤੰਬਰ 1629 ਈ. ਵਿਚ ਹੋਈ ਮੰਨਦੇ ਹਨ। ਭਟ ਵਹੀਆਂ ਇਹ ਜੰਗ 1621 ਵਿਚ ਹੋਈ ਦਸਦੀਆਂ ਹਨ। ਭੱਟ ਵਹੀਆਂ ਦੀਆਂ ਦੋ ਟੂਕਾਂ ਇਸ ਦੀ ਗਵਾਹੀ ਇਸ ਪ੍ਰਕਾਰ ਦਿੰਦੀਆਂ ਹਨ :

1. ਮਾਂਡਨ ਬੇਟਾ ਉਦੇ ਕਾ...
ਬਿਹਾਰੀ ਬੇਟਾ ਮਾਂਡਨ ਕਾ, ਪੂੜਾ ਬੇਟਾ ਗੋਂਦੜੀਏ ਕਾ...
ਗਰਾਮ ਰੁਹੀਲਾ ਪਰਗਨਾ ਬਟਾਲਾ, ਭਗਵਾਨਾ ਬੇਟਾ ਕਾਹਨੇ
ਕਾ, ਘੇਰੜ ਗੋਤਰ ਖੱਤਰੀ ਕੇ ਸਾਥ ਜੂਝ ਕਰਿ ਘਾਇਲ ਹੂਏ।
ਸੋਲਾਂ ਸੈ ਅਠਤਰਾ ਅਸੂ ਪ੍ਰਵਿਸ਼ਟੇ ਅਠਾਈ ਕੋ ਭਗਵਾਨਾ ਘੇਰੜ ਮਾਰਾ।
ਇਸ ਕਾ ਬੇਟਾ ਰਤਨ ਚੰਦ ਘਾਇਲ ਹੋਇਆ।
(ਭੱਟ ਵਹੀ ਮੁਲਤਾਨੀ ਸਿੰਧੀ)

2. ਨਾਨੂੰ ਬੇਟਾ ਮੂਲੇ ਕਾ...ਸਾਲ ਸੋਲਾਂ ਸੈ ਅਠਤਰਾ, ਕਤਕ
ਪ੍ਰਵਿਸ਼ਟੇ, ਤੀਜ ਕੇ ਦਿਹੁੰ, ਗਰਾਮ ਰੁਹੀਲਾ, ਪਰਗਣਾ ਬਟਾਲਾ
ਕੇ ਮਲਾਹਨ, ਗੁਰੂ ਕਾ ਬਚਨ ਪਾਇ, ਰਤਨਾ ਬੇਟਾ
ਭਗਵਾਨੇ ਕਾ, ਕਰਮਾ ਬੇਟਾ ਚੰਦੂ ਕਾ, ਬਾਸੀ ਕਲਾਨੌਰ
ਕੋ ਮਾਰ ਕੇ ਮਰਾ। ਗੈਲੋਂ ਮਥਰਾ ਬੇਟਾ ਭਿਖੇ ਕਾ...ਪਰਾਗਾ ਬੇਟਾ ਗੋਤਮ ਕਾ
ਹੋਰ ਰਣ ਜੁਝਤੇ, ਗੁਰੂ ਕੇ ਜੋਧੇ, ਸਾਹਮੇ ਮਾਥੇ ਰਣ ਮੇਂ ਜੂਝ
ਕਰ ਮਰੇ।
(ਭੱਟ ਵਹੀ ਮੁਲਤਾਨੀ ਸਿੰਧੀ : ਖਾਤਾ ਬੰਜਰਾਓਤੋਂ ਕਾ)

ਜੇ ਇਹ ਜੰਗ 1621 ਵਿਚ ਹੋਈ ਤਾਂ ਉਸ ਸਮੇਂ ਜਹਾਂਗੀਰ ਦਾ ਹੀ ਰਾਜ ਸੀ। ਜਹਾਂਗੀਰ ਕੋਲ ਜਦੋਂ ਅਬਦੁਲਾ ਖਾਨ ਦੀ ਨਮੋਸ਼ੀ ਭਰੀ ਹਾਰ ਦਸ ਕੇ ਗੁਰੂ ਸਾਹਿਬ ਦੀ

1. ਕੁਰ ਭਾਗੀ, ਪੰ. ਯੂ. ਪਟਿਆਲਾ, 1994, ਪੰ. 93

ਜ਼ੋਰ ਜ਼ਬਰਦਸਤੀ ਦਾ ਰੋਣਾ ਰੋਇਆ ਗਿਆ ਹੋਵੇਗਾ ਤਾਂ ਵਜ਼ੀਰ ਖਾਨ ਨੇ ਕੁਝ ਹੀ ਸਮਾਂ ਪਹਿਲਾਂ ਵਾਪਰੇ ਘਟਨਾ ਚਕਰ ਨੂੰ ਯਾਦ ਕਰਵਾ ਕੇ ਜਹਾਂਗੀਰ ਦੀ ਤਸੱਲੀ ਕਰਵਾ ਦਿਤੀ ਹੋਵੇਗੀ। ਜੇ ਅਸੀਂ ਇਹ ਜੰਗ 1629-30 ਈ. ਵਿਚ ਹੋਈ ਮੰਨੀਏ ਤਾਂ ਉਸ ਸਮੇਂ ਦਿੱਲੀ ਦੇ ਤਖਤ ਉਤੇ ਸ਼ਾਹਜਹਾਨ ਸੀ। ਸਿੱਖ ਇਤਿਹਾਸਕ ਗ੍ਰੰਥ ਦਸਦੇ ਹਨ ਕਿ ਜਲੰਧਰ ਦੇ ਫੌਜਦਾਰ ਅਬਦੁਲਾ ਖਾਨ ਦੀ ਹਾਰ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਨਵੇਂ ਨਗਰ ਉਤੇ ਕਬਜ਼ੇ ਕਾਰਨ ਸ਼ਾਹਜਹਾਨ ਬਹੁਤ ਉਤੇਜਿਤ ਹੋਇਆ। ਉਸ ਨੇ ਗੁੱਸੇ ਵਿਚ ਹਰਿਗੋਬਿੰਦ ਪੁਰ ਨੂੰ ਮਲੀਆ ਮੇਟ ਕਰਨ ਦਾ ਹੁਕਮ ਦਿਤਾ। ਉਹ ਇਹ ਵੀ ਮੰਨਦੇ ਹਨ ਕਿ ਵਜ਼ੀਰ ਖਾਨ ਨੇ ਸ਼ਾਹਜਹਾਨ ਨੂੰ ਦਸਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਤਾਂ ਉਸ ਨਗਰ ਵਿਚ ਦੋ ਮਸੀਤਾਂ ਬਣਾਈਆਂ ਹੋਈਆਂ ਹਨ। ਕੀ ਤੁਸੀਂ ਮਸੀਤਾਂ ਢਾਹੋਗੇ। ਸਾਰਾ ਦੋਸ਼ ਅਬਦੁਲਾ ਖਾਨ ਦਾ ਹੈ ਜਿਸ ਨੇ ਚੁੱਕ ਚੁਕਾ ਵਿਚ ਐਵੇਂ ਇਕ ਦਰਵੇਸ਼ ਪੀਰ ਨੂੰ ਤੰਗ ਕੀਤਾ। ਇਹ ਸੁਣ ਕੇ ਸ਼ਾਹ ਜਹਾਨ ਨੇ ਅਬਦੁਲਾ ਖਾਨ ਦੀ ਸਾਰੀ ਜ਼ਮੀਨ ਜਾਇਦਾਦ ਜ਼ਬਤ ਕਰ ਲਈ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਪ੍ਰਸੰਸਾ ਕੀਤੀ।

ਗੁਰਬਿਲਾਸ ਪਾ. 6 ਵਿਚ ਇਸ ਯੁਧ ਦੇ ਦ੍ਰਿਸ਼ ਕੁਝ ਇਉਂ ਚਿਤਰੇ ਗਏ ਹਨ :

1. ਭਯੋ ਜੁਧ ਭਾਰੀ। ਸਕੇ ਨਾ ਨਿਹਾਰੀ।
ਗਏ ਭਾਜ ਮੂਜੀ। ਜਿਨੇ ਥੋਰ ਪੂੰਜੀ।
ਕਰਾ ਜੁਧ ਭਿਆਨਾ। ਸੋ ਨਾਨੋ ਹਤਾਨਾ।[1]

2. ਸੈਨ ਮਲੇਛੀ ਦਈ ਸੰਘਾਰਾ।
ਗਏ ਭਾਜ ਤਹ ਕਰੀ ਪੁਕਾਰਾ।[2]

3. ਪੁਤਰ ਮਿਤਰ ਹਤ ਦੇਖ ਕਰ
ਕੀਨ ਖਾਨ ਮਨ ਰੋਸ।
ਆਪ ਚੜ੍ਹਤ ਭਯੋ ਜੋਰ ਦਲ
ਬਢਾ ਸੂਰ ਮਨ ਰੋਸ।[3]

ਨਗਰ ਹਰਿਗੋਬਿੰਦਪੁਰ ਸਾਹਿਬ ਨੂੰ ਪਕੇ ਪੈਰਾਂ ਉਤੇ ਖੜ੍ਹਾ ਕਰਨ ਲਈ ਯੁਧ ਉਪਰੰਤ ਗੁਰੂ ਸਾਹਿਬ ਦੋ ਮਹੀਨੇ ਉਥੇ ਹੀ ਰਹਿ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਇਸ ਸਮੇਂ ਨਾਲ ਸੰਬੰਧਤ ਇਕ ਭਾਵ ਪੂਰਤ ਘਟਨਾ ਦਾ ਜ਼ਿਕਰ ਇਥੇ ਕਰਨਾ ਬਣਦਾ ਹੈ। ਇਸ ਦਾ ਸੰਬੰਧ ਬਾਣੀ ਦੇ ਸੁਧ ਅਤੇ ਸਚੇ ਮਨ ਨਾਲ ਕੀਤੇ ਪਾਠ ਨਾਲ ਹੈ। ਇਤਿਹਾਸ ਦਸਦਾ ਹੈ ਕਿ ਗੁਰੂ ਸਾਹਿਬ ਇਕ ਦਿਨ ਕੀਰਤਨ ਉਪਰੰਤ ਸੰਗਤ ਨੂੰ ਉਪਦੇਸ਼ ਕਰ ਰਹੇ ਸਨ ਕਿ ਇਕ ਮਨ ਇਕ ਚਿਤ ਨਾਲ ਕੀਤਾ ਬਾਣੀ ਦਾ ਸੁਧ ਪਾਠ ਹਿਰਦੇ ਨੂੰ ਸੁਧ ਕਰਦਾ

---

1. ਗੁਰ ਬਿਲਾਸ ਪਾ. 6, (1972) ਪੰ. 508
2. ਉਹੀ, ਪੰ. 508
3. ਉਹੀ, ਪੰ. 510

ਹੈ। ਨਿਸ਼ਕਾਮ ਹੋ ਕੇ ਨਾਮ ਬਾਣੀ ਦੇ ਜ਼ਰੀਏ ਅਕਾਲਪੁਰਖ ਨਾਲ ਜੁੜਿਆਂ ਮਨ ਨੂੰ ਸਦੀਵੀ ਸ਼ਾਂਤੀ ਅਤੇ ਖੁਸ਼ੀ ਪ੍ਰਾਪਤ ਹੁੰਦੀ ਹੈ। ਸਭ ਭਟਕਣ ਮਿਟ ਜਾਂਦੀ ਹੈ। ਇਹ ਕਹਿੰਦੇ ਹੋਏ ਸਹਿਜ ਸੁਭਾ ਗੁਰੂ ਸਾਹਿਬ ਨੇ ਕਿਹਾ—ਹੈ ਕੋਈ ਐਸਾ ਪ੍ਰੇਮੀ ਜੋ ਜਪੁਜੀ ਸਾਹਿਬ ਦਾ ਸੁਧ ਪਾਠ, ਸੁਧ ਅਤੇ ਨਿਸ਼ਕਾਮ ਮਨ ਨਾਲ ਪ੍ਰੇਮ ਸਹਿਤ ਸੁਣਾਵੇ। ਇਹ ਸੁਣ ਕੇ ਭਾਈ ਗੁਪਾਲਾ ਜੀ ਨਿਮਰਤਾ ਨਾਲ ਹਾਜ਼ਿਰ ਹੋਏ। ਉਨ੍ਹਾਂ ਬੜੇ ਪਿਆਰ ਅਤੇ ਇਕਾਗਰਤਾ ਨਾਲ ਟਿਕ ਕੇ ਪਾਠ ਆਰੰਭ ਕੀਤਾ। ਸੰਗਤਾਂ ਰਸ ਅਤੇ ਸ਼ਾਂਤੀ ਵਿਚ ਝੂਮਣ ਲਗੀਆਂ। ਗੁਰੂ ਜੀ ਪਾਠ ਸੁਣਦੇ ਸੁਣਦੇ ਅਚਾਨਕ ਆਸਨ ਤੋਂ ਸਰਕੇ ਪਰ ਫਿਰ ਟਿਕ ਕੇ ਬਹਿ ਗਏ। ਇੰਨੇ ਵਿਚ ਭਾਈ ਸਾਹਿਬ ਨੇ ਪਾਠ ਦੀ ਸਮਾਪਤੀ ਕਰ ਕੇ ਸੀਸ ਝੁਕਾਇਆ। ਗੁਰੂ ਸਾਹਿਬ ਨੇ ਆਗਿਆ ਕੀਤੀ ਕਿ ਭਾਈ ਸੁਭਾਗ ਜੀ ਦੇ ਲਿਆਂਦੇ ਚੀਨੇ ਘੋੜੇ ਉਤੇ ਕਾਠੀ ਪਾ ਕੇ ਉਹ ਘੋੜਾ ਭਾਈ ਸਾਹਿਬ ਨੂੰ ਭੇਟ ਕਰ ਦਿਓ। ਇਹ ਆਦੇਸ਼ ਦੇ ਕੇ ਆਪ ਨੇ ਭਾਈ ਗੁਪਾਲਾ ਜੀ ਨੂੰ ਕਿਹਾ—ਭਾਈ ਤੇਰੀ ਇਛਾ ਅਨੁਸਾਰ ਤੈਨੂੰ ਚੀਨਾ ਘੋੜਾ ਦਿਤਾ ਜਾ ਰਿਹਾ ਹੈ। ਜਿਵੇਂ ਤੂੰ ਸੁਧ ਅਤੇ ਇਕਾਗਰ ਚਿਤ ਹੋ ਕੇ ਪ੍ਰੇਮ ਨਾਲ ਪਾਠ ਕਰ ਰਿਹਾ ਸੈਂ ਤੂੰ ਗੁਰਿਆਈ ਦਾ ਹੱਕਦਾਰ ਹੋ ਰਿਹਾ ਸੀ। ਮੈਂ ਫੈਸਲਾ ਕਰ ਲਿਆ ਸੀ ਕਿ ਆਸਣ ਛਡ ਕੇ ਇਹ ਗੱਦੀ ਤੈਨੂੰ ਸੌਂਪ ਦਿਆਂਗਾ। ਪਰ ਤੂੰ ਆਖਰੀ ਪੜਾਅ ਉਤੇ ਆ ਕੇ ਥਿੜਕ ਗਿਆ। ਅਕਾਲ ਪੁਰਖ ਦੇ ਸ੍ਰੇਸ਼ਟ ਨਾਮ ਨਾਲੋਂ ਟੁੱਟ ਕੇ ਸੰਸਾਰੀ ਵਸਤਾਂ ਨਾਲ ਜੁੜ ਗਿਆ। ਇਸ ਲਈ ਤੈਨੂੰ ਇਹ ਵਸਤਾਂ ਤਾਂ ਮਿਲਣੀਆਂ ਹੀ ਹਨ। ਗੁਰਬਾਣੀ ਨਾਲ ਕੋਈ ਜਿਸ ਵੀ ਭਾਵਨਾ ਨਾਲ ਜੁੜੇਗਾ, ਉਸ ਤੋਂ ਉਸ ਨੂੰ ਮਨ-ਇਛਿਤ ਦਿਸ਼ਾਂ ਵਿਚ ਲਾਭ ਪ੍ਰਾਪਤ ਹੋਵੇਗਾ।

ਅਧਿਆਇ 9

ਇਕਤ ਥਾਵ ਨ ਟਿਕੈ ਟਿਕਾਇਆ

ਗੁਰੂ ਹਰਿਗੋਬਿੰਦ ਸਾਹਿਬ ਗੁਰੂ ਨਾਨਕ ਸਾਹਿਬ ਤੋਂ ਬਾਦ ਪਹਿਲੇ ਗੁਰੂ ਹਨ ਜੋ ਗੁਰਮਤਿ ਦਾ ਸੰਦੇਸ਼ ਦੇਣ ਅਤੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਦੀ ਸਾਰ ਲੈਣ ਲਈ ਦੂਰ ਦੂਰ ਤਕ ਗਏ। ਸਾਰੀ ਉਮਰ ਉਹ ਟਿਕ ਕੇ ਨਹੀਂ ਬੈਠੇ। ਟਿਕ ਕੇ ਆਰਾਮ ਦਾ ਜੀਵਨ ਜੀਣ ਵਾਲੇ ਸੁਖ ਰਹਿਣੇ ਲੋਕ ਉਨ੍ਹਾਂ ਉਤੇ ਅਕਸਰ ਕਿੰਤੂ ਕਰਦੇ ਕਿ ਚੰਗੇ ਗੁਰੂ ਹਨ ਇਕ ਥਾਂ ਟਿਕ ਕੇ ਹੀ ਨਹੀਂ ਬਹਿੰਦੇ। ਭਾਈ ਗੁਰਦਾਸ ਜੀ ਨੇ ਇਨ੍ਹਾਂ ਲੋਕਾਂ ਦੇ ਕਿੰਤੂਆਂ ਵਲ ਚੌਵੀਂਵੀ ਵਾਰ ਵਿਚ ਇਉਂ ਸੰਕੇਤ ਕੀਤਾ ਹੈ :

ਧਰਮਸਾਲ ਕਰ ਬਹੀਦਾ
ਇਕਤ ਥਾਵ ਨ ਟਿਕੈ ਟਿਕਾਇਆ।

ਗੁਰੂ ਸਾਹਿਬ ਇਨ੍ਹਾਂ ਸਭ ਇਤਰਾਜ਼ਾਂ ਤੋਂ ਬੇਪ੍ਰਵਾਹ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ, ਜਦ ਵੀ ਵਕਤ ਮਿਲਦਾ ਦੂਰ ਦੂਰ ਤਕ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਜਾਂਦੇ। ਜੰਗਾਂ ਜੁਧਾਂ ਅਤੇ ਸੰਘਰਸ਼ਾਂ, ਰਾਜਸੀ ਅਤੇ ਪਰਿਵਾਰਕ ਤਨਾਓ ਨਾਲ ਭਰੇ ਪੰਜਾਹ ਕੁ ਵਰ੍ਹਿਆਂ ਵਿਚ ਉਨ੍ਹਾਂ ਪੰਜਾਬ ਅਤੇ ਪੰਜਾਬ ਤੋਂ ਬਾਹਰ, ਅੱਜ ਤੋਂ ਚਾਰ ਸਦੀਆਂ ਪਹਿਲਾਂ ਜਿੰਨਾ ਪੈਂਡਾ ਤੈਅ ਕੀਤਾ ਉਹ ਕਿਸੇ ਚਮਤਕਾਰ ਤੋਂ ਘਟ ਨਹੀਂ।

ਹਰਿਗੋਬਿੰਦਪੁਰ ਦੀ ਜੰਗ ਤੋਂ ਵਿਹਲੇ ਹੋ ਕੇ ਗੁਰੂ ਸਾਹਿਬ ਨੇ ਕਾਫੀ ਸਮਾਂ ਸਿਖੀ ਪ੍ਰਚਾਰ ਅਤੇ ਪ੍ਰਸਾਰ ਦੇ ਲੰਮੇਂ ਦੌਰਿਆਂ ਤੇ ਲਾਇਆ। ਜੰਗ ਉਪਰੰਤ ਦੋ ਕੁ ਮਹੀਨੇ ਉਥੇ ਟਿਕ ਕੇ ਆਪ 'ਅੰਮ੍ਰਿਤਸਰ' ਆ ਗਏ। ਛੇਤੀ ਹੀ ਗਰਮੀਆਂ ਆ ਗਈਆਂ ਅਤੇ ਆਪ ਨੇ ਪ੍ਰਚਾਰ ਦੌਰੇ ਲਈ ਨਿਕਲਣ ਦਾ ਨਿਰਣਾ ਕਰ ਲਿਆ। ਸਭ ਤੋਂ ਪਹਿਲਾਂ ਆਪ ਪੱਛਮੀ ਪੰਜਾਬ ਵਲੋਂ ਹੁੰਦੇ ਹੋਏ 'ਕਸ਼ਮੀਰ' ਨੂੰ ਨਿਕਲੇ। ਸਿਖ ਪਰੰਪਰਾ ਵਿਚ ਇਹ ਪ੍ਰਸਿਧ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਵਿਚ ਮਾਈ ਭਾਗ ਭਰੀ ਦੀ ਸ਼ਰਧਾ ਅਤੇ ਪ੍ਰੇਮ ਭਰੀ ਯਾਦ ਦੇ ਖਿਚੇ ਹੋਏ ਗਏ ਸਨ। ਮਾਈ ਭਾਗ ਭਰੀ ਭਾਈ ਸੇਵਾ ਦਾਸ ਦੀ ਬਜ਼ੁਰਗ ਮਾਤਾ ਸੀ। ਉਸ ਨੇ ਆਪਣੇ ਹੱਥੀ ਮਿਹਨਤ ਨਾਲ ਕਤ ਬੁਣ ਕੇ ਕਪੜਾ ਤਿਆਰ ਕੀਤਾ ਅਤੇ ਇਕ ਚੋਲਾ ਸੀਤਾ। ਉਸ ਦੀ ਇਹ ਇਛਾ ਸੀ ਕਿ ਗੁਰੂ ਸਾਹਿਬ ਨੂੰ ਇਹ ਚੋਲਾ ਆਪਣੇ ਹੱਥੀਂ ਭੇਟ ਕਰੇ। ਉਮਰ ਵਡੇਰੀ ਸੀ। ਲੰਬੀ ਯਾਤਰਾ ਤਾਂ ਕੀ, ਉਸ ਲਈ ਤਾਂ ਕੋਹ ਭਰ ਪੈਂਡਾ ਤੁਰਨਾ ਔਖਾ ਸੀ। ਉਹ ਗੁਰੂ ਸਾਹਿਬ ਅਗੇ ਅਰਜ਼ੋਈਆਂ ਕਰਦੀ ਰਹਿੰਦੀ। ਚੌਵੀ ਘੰਟੇ ਸਤਿਗੁਰੂ ਨੂੰ ਯਾਦ ਕਰਦੀ। ਰੂਹਾਂ ਰੂਹਾਂ ਨੂੰ ਸਮਝਦੀਆਂ

ਸੁਣਦੀਆਂ ਹਨ। ਇਸ ਲਈ ਗੁਰੂ ਸਾਹਿਬ ਕਸ਼ਮੀਰ ਨੂੰ ਤੁਰੇ। ਆਪ ਸਿਆਲਕੋਟ ਵਾਲੇ ਰਸਤੇ ਗਏ। ਸਿਆਲਕੋਟ ਵਿਚ ਆਪ ਨੂੰ ਕਈ ਸੰਤ ਫਕੀਰ ਅਤੇ ਵਿਦਵਾਨ ਮਿਲੇ ਜਿਨ੍ਹਾਂ ਵਿਚ ਮੌਲਵੀ ਅਬਦੁਲ ਹਕੀਮ ਖਾਸ ਪ੍ਰਸਿਧ ਸੀ। ਪਰਸਪਰ ਵਿਚਾਰ ਵਟਾਂਦਰੇ ਵਿਚ ਆਪ ਨੇ ਸਭ ਨੂੰ ਇਕ ਅਕਾਲ ਪੁਰਖ ਨਾਲ ਜੁੜ ਕੇ ਜੀਵਨ ਦੇ ਕਰਮ ਖੇਤਰ ਵਿਚ ਉਸਾਰੂ ਰੋਲ ਨਿਭਾਣ ਲਈ ਪ੍ਰੇਰਿਤ ਕੀਤਾ। ਇਥੇ ਹੀ ਆਪ ਨੇ ਸਿਆਲਕੋਟ ਦੀ ਪਥਰੀਲੀ ਧਰਤੀ ਵਿਚ ਆਪਣੇ ਨੇਜ਼ੇ ਨਾਲ ਜਲ ਕੱਢਿਆ। ਇਥੇ ਹੁਣ ਇਕ ਸਰੋਵਰ ਆਪ ਦੀ ਯਾਦ ਤਾਜ਼ਾ ਕਰ ਰਿਹਾ ਹੈ।

ਗੁਰੂ ਸਾਹਿਬ ਦੇ ਕਸ਼ਮੀਰ ਨੂੰ ਜਾਣ ਦਾ ਇਕ ਹੋਰ ਕਾਰਨ ਉਥੇ ਦੇ ਦੀਨ ਦੁਖੀ ਲੋਕਾਂ ਦੀ ਮਦਦ ਕਰਨਾ ਸੀ। ਇਤਿਹਾਸ ਦਸਦਾ ਹੈ ਕਿ 1616 ਤੋਂ 1624 ਈ. ਤਕ ਕਸ਼ਮੀਰ ਵਿਚ ਗਿਲ੍ਹਟੀ-ਤਾਪ ਨਾਂ ਦੀ ਭੈੜੀ ਬੀਮਾਰੀ ਬੁਰੀ ਤਰ੍ਹਾਂ ਫੈਲੀ ਰਹੀ। ਅਠ ਸਾਲ ਕਸ਼ਮੀਰ ਦੇ ਲੋਕ ਇਸ ਮਹਾਂ ਮਾਰੀ ਤੋਂ ਪੀੜਿਤ ਰਹੇ। ਕਦੇ ਕੁਝ ਸਮੇਂ ਲਈ ਆਰਾਮ ਵਰਤ ਜਾਂਦਾ। ਕਦੇ ਬੀਮਾਰੀ ਫਿਰ ਸਿਰ ਉਠਾ ਲੈਂਦੀ। ਕਸ਼ਮੀਰ ਦੇ ਜਨ ਸਾਧਾਰਨ ਇਸ ਵਬਾ ਦੇ ਇਲਾਜ ਹਿਤ ਦਵਾ ਦਾਰੂ ਦੀ ਥਾਂ ਪੀਰਾਂ ਫਕੀਰਾਂ ਦੇ ਵਹਿਮਾਂ ਭਰਮਾਂ ਵਿਚ ਵਧੇਰੇ ਗ੍ਰਸਿਤ ਸਨ। ਗਰੀਬ ਆਦਮੀ ਪੂਰੀ ਖੁਰਾਕ ਨਾ ਮਿਲਣ ਕਰਕੇ ਉਂਜ ਵੀ ਰੋਗ ਤੋਂ ਵਧੇਰੇ ਪੀੜਿਤ ਹੁੰਦੇ ਹਨ। ਇਹ ਰੋਗ ਪੰਜਾਬ ਵਾਲੇ ਪਾਸਿਉਂ ਕਸ਼ਮੀਰ ਤਕ ਫੈਲਿਆ ਸੀ। ਉਂਜ ਇਸ ਨੇ ਦਿੱਲੀ ਅਤੇ ਆਗਰੇ ਤਕ ਨੂੰ ਆਪਣੇ ਘੇਰੇ ਵਿਚ ਲੈ ਰਖਿਆ ਸੀ। ਗੁਰੂ ਸਾਹਿਬ ਨੇ ਪੱਛਮੀ ਪੰਜਾਬ ਵਲੋਂ ਹੋ ਕੇ ਕਸ਼ਮੀਰ ਜਾਣ ਦਾ ਨਿਰਣਾ ਇਸ ਰੋਗ ਦੁਆਰਾ ਵਧੇਰੇ ਪੀੜਿਤ ਇਲਾਕੇ ਦੀ ਸੇਵਾ ਸੰਭਾਲ ਦੇ ਉਦੇਸ਼ ਨਾਲ ਹੀ ਲਿਆ। ਗੁਰੂ ਸਾਹਿਬ ਨੇ ਦੇਸ਼ ਦੇਸ਼ਾਤਰਾਂ ਤੋਂ ਆਏ ਦਸਵੰਧ ਨੂੰ ਦੀਨ ਦੁਖੀ ਅਤੇ ਰੋਗੀ ਲੋਕਾਂ ਦੀ ਸੇਵਾ ਸੰਭਾਲ ਲਈ ਖਰਚਿਆ। ਉਨ੍ਹਾਂ ਨੂੰ ਵਹਿਮਾਂ ਭਰਮਾਂ ਤੋਂ ਮੁਕਤ ਕੀਤਾ। ਇਸ ਨਾਲ ਪੁਰਾਣੇ ਸਿਖ ਸ਼ਰਧਾਲੂਆਂ ਦੀ ਹੋਂਸਲਾ ਅਫਜ਼ਾਈ ਤੋਂ ਬਿਨਾਂ ਮੁਸਲਮਾਨਾਂ ਦੀ ਵੀ ਗੁਰੂ ਘਰ ਪ੍ਰਤਿ ਸ਼ਰਧਾ ਵਧੀ। ਉਨ੍ਹਾਂ ਵਿਚੋਂ ਕਈ ਸਿਖੀ ਨਾਲ ਪੱਕੀ ਤਰ੍ਹਾਂ ਜੁੜ ਗਏ। ਇਨ੍ਹਾਂ ਵਿਚੋਂ ਭਾਈ ਕੱਟੂ ਦਾ ਨਾਮ ਵਿਸ਼ੇਸ਼ ਤੌਰ ਤੇ ਪ੍ਰਸਿਧ ਹੈ ਜੋ ਮੁਸਲਮਾਨ ਤੋਂ ਹੀ ਸਿਖ ਬਣਿਆ ਸੀ।

ਕਸ਼ਮੀਰ ਜਾਂਦੇ ਹੋਏ ਸਿਆਲਕੋਟ ਤੋਂ ਬਾਦ ਗੁਰੂ ਸਾਹਿਬ 'ਮੀਰਪੁਰ' ਪੁਜੇ। ਮੀਰਪੁਰ ਵਿਚ ਬੀਰਮ ਦੱਤ ਨਾਮੀ ਬ੍ਰਾਹਮਣ ਰਹਿੰਦਾ ਸੀ ਜੋ ਬੈਰਾਗੀ ਸਾਧੂ ਸੀ। ਉਸ ਨੇ ਸਤਿਗੁਰੂ ਜੀ ਦੇ ਵਿਚਾਰ ਸੁਣੇ। ਉਹ ਆਪਣੀ ਔਲਾਦ ਤੇ ਹੋਰ ਸਾਥੀਆਂ ਨਾਲ ਗੁਰਮਤਿ ਦਾ ਧਾਰਨੀ ਬਣਿਆ। ਇਥੋਂ ਆਪ 'ਕੈਣ' ਪਿੰਡ ਵਿਚ ਗਏ। ਕੈਣ ਦਾ ਝਿੰਗੜ ਨਾਮੀ ਬ੍ਰਾਹਮਣ ਮਹਾਤਮਾ ਗੁਰੂ ਜੀ ਦਾ ਅਨਿੰਨ ਸ਼ਰਧਾਲੂ ਬਣਿਆ। ਇਸ ਹੀ 'ਭਿੰਬਰ' ਨੇੜੇ 'ਸਮਾਣੀ' ਦਾ ਭਾਈ ਮੂਲਾ ਸਿਖੀ ਦਾ ਧਾਰਨੀ ਬਣਿਆ। ਝਿੰਗੜ ਤੇ ਮੂਲਾ ਦੋਵੇਂ ਆਪਣੇ ਆਪ ਨੂੰ ਗੁਰੂ ਅਖਵਾਂਦੇ ਸਨ। ਦੂਜਿਆਂ ਨੂੰ ਰੋਸ਼ਨੀ ਬਖਸ਼ਣ ਦਾ ਦਾਅਵਾ ਕਰਦੇ ਸਨ, ਪਰ ਆਪਣੀ ਵਾਸ਼ਨਾਂ ਨਹੀਂ ਸੀ ਮਿਟੀ। ਆਪ ਕਾਮ ਕ੍ਰੋਧ ਲੋਭ ਮੋਹ ਹੰਕਾਰ ਵਿਚ ਗ੍ਰਸੇ ਭਟਕ ਰਹੇ ਸਨ। ਤਿਆਗ ਤਿਆਗ ਚਿਲਾਉਂਦੇ ਹੋਏ ਵੀ ਵਾਸਨਾਂ ਤੋਂ ਮੁਕਤ ਨਹੀਂ ਸਨ

ਹੋ ਸਕੇ। ਗੁਰੂ ਸਾਹਿਬ ਨਾਲ ਵਿਚਾਰ ਵਟਾਂਦਰੇ ਨੇ ਉਨ੍ਹਾਂ ਦੀ ਕਾਇਆ ਪਲਟ ਦਿਤੀ।

ਇਸ ਤਰ੍ਹਾਂ ਰਸਤੇ ਵਿਚ ਕਈ ਵਿਚਾਰਵਾਨ ਅਤੇ ਸ਼ੰਕਾਲੂ ਮਹਾਤਮਾ ਆਪ ਨਾਲ ਵਿਚਾਰ ਵਟਾਂਦਰਾ ਕਰ ਕੇ ਗੁਰਮਤਿ ਨਾਲ ਜੁੜੇ। ਇਨ੍ਹਾਂ ਵਿਚੋਂ ਕਈ ਤਾਂ ਜਿੰਨੀ ਦੇਰ ਗੁਰੂ ਸਾਹਿਬ ਕਸ਼ਮੀਰ ਟਿਕੇ, ਸਾਰਾ ਸਮਾਂ ਹਰ ਥਾਂ ਆਪ ਦੇ ਨਾਲ ਹੀ ਰਹੇ।

ਇਕ ਦਿਨ ਗੁਰੂ ਸਾਹਿਬ 'ਬੇਰਾਮਪੁਰ' ਦੇ ਵਿਸ਼ਾਲ ਜੰਗਲਾਂ ਵਲ ਸ਼ਿਕਾਰ ਲਈ ਨਿਕਲੇ। ਰਾਹ ਵਿਚੋਂ ਆਪ ਨੇ ਉਸ ਇਲਾਕੇ ਦੇ ਇਕ ਪ੍ਰੇਮੀ ਭਾਈ ਝੰਡਾ ਜੀ ਨੂੰ ਸ਼ਿਕਾਰ ਵਿਚ ਸੂਹ ਦੇਣ ਅਤੇ ਰਾਹ ਦਾ ਖੁਰਾ ਖੋਜ ਰਖਣ ਲਈ ਨਾਲ ਲਿਆ। ਭੁਲ ਭੁਲਈਆਂ ਵਾਲੇ ਰਾਹ। ਵਿਸ਼ਾਲ ਜੰਗਲ। ਪਹਾੜ ਅਤੇ ਖੱਡਾਂ। ਇਕ ਮੋੜ ਉਤੇ ਗੁਰੂ ਸਾਹਿਬ ਨੇ ਜੰਗਲ ਵਿਚ ਵੜਦੇ ਹੋਏ ਭਾਈ ਝੰਡਾ ਜੀ ਨੂੰ ਕਿਹਾ—ਭਾਈ ਝੰਡਾ, ਜਦ ਤਕ ਅਸੀਂ ਵਾਪਸ ਨਾ ਪਰਤੀਏ ਤੂੰ ਇਥੇ ਹੀ ਰਹੀਂ। ਸਤਿਗੁਰੂ ਜੀ ਦੇ ਬਚਨ ਸੁਣ ਕੇ ਭਾਈ ਝੰਡੇ ਨੇ ਸਤਿ ਬਚਨ ਕਹਿਕੇ ਹਥ ਜੋੜ ਦਿਤੇ। ਸਤਿਗੁਰੂ ਸ਼ਿਕਾਰ ਦੇ ਚੱਕਰ ਵਿਚ ਹੋਰ ਰਾਹ ਨਿਕਲ ਗਏ ਅਤੇ ਵਾਪਸ ਡੇਰੇ ਉਤੇ ਪਰਤ ਗਏ। ਭਾਈ ਝੰਡਾ ਦਿਲ ਦੇ ਸਾਂਈਂ ਨੂੰ ਉਥੇ ਹੀ ਖੜਾ ਉਡੀਕਦਾ ਰਿਹਾ। ਨੀਂਦ ਭੁਖ ਪਿਆਸ ਤੋਂ ਬੇਪ੍ਰਵਾਹ। ਤੀਸਰੇ ਦਿਨ ਜਦੋਂ ਗੁਰੂ ਹਰਿਗੋਬਿੰਦ ਜੀ ਉਸ ਰਾਹ ਗਏ ਤਾਂ ਅਗੇ ਭਾਈ ਝੰਡਾ ਖਲੋਤਾ ਸੀ। ਗੁਰੂ ਸਾਹਿਬ ਨੇ ਪੁੱਛਿਆ ਤਾਂ ਉਸ ਦਸਿਆ ਕਿ ਆਪ ਦੇ ਹੁਕਮ ਦਾ ਬੱਝਾ ਖਲੋਤਾ ਹਾਂ। ਮੈਂ ਕਿਵੇਂ ਜਾ ਸਕਦਾ ਸਾਂ। ਗੁਰੂ ਸਾਹਿਬ ਨੇ ਉਸ ਨੂੰ ਸੀਨੇ ਨਾਲ ਲਾਇਆ ਅਤੇ ਉਸ ਇਲਾਕੇ ਵਿਚ ਸਿਖੀ ਦਾ ਪ੍ਰਚਾਰਕ ਨਿਯਤ ਕੀਤਾ।

ਗੁਰੂ ਸਾਹਿਬ ਆਪਣੇ ਪ੍ਰੇਮੀ ਸਿਖਾਂ ਨੂੰ ਹਮੇਸ਼ਾ ਮਾਣ ਦਿੰਦੇ ਸਨ। ਇੰਜ ਕਰਦੇ ਸਮੇਂ ਉਹ ਨਵੇਂ ਪੁਰਾਣੇ ਸ਼ਰਧਾਲੂਆਂ ਵਿਚ ਅਸਲੋਂ ਕੋਈ ਵਿਤਕਰਾਂ ਨਹੀਂ ਸਨ ਕਰਦੇ। ਇਸ ਦੀ ਇਕ ਮਿਸਾਲ ਭਾਈ ਕਟੂ ਜੀ ਨਾਲ ਵਾਪਰੀ ਘਟਨਾ ਹੈ। ਸਤਿਗੁਰੂ ਦੇ ਦਰਸ਼ਨ ਕਰਨ ਆਉਂਦੀਆਂ ਸੰਗਤਾਂ ਦੂਰੋਂ ਨੇੜਿਉਂ ਭੇਟਾਵਾਂ ਲੈ ਕੇ ਹਾਜ਼ਰ ਹੁੰਦੀਆਂ ਸਨ। ਇਕ ਦਿਨ ਸੰਗਤਾਂ ਸ਼ਹਿਦ, ਫਲ ਅਤੇ ਹੋਰ ਭੇਟਾਵਾਂ ਲੈ ਕੇ ਜਥਿਆਂ ਦੀ ਸ਼ਕਲ ਵਿਚ ਗੁਰੂ ਸਾਹਿਬ ਵਲ ਆ ਰਹੀਆਂ ਸਨ। ਇਕ ਜਥੇ ਵਿਚ ਭਾਈ ਕਟੂ ਸ਼ਾਹ ਵੀ ਸਨ। ਠੰਢ ਕਾਰਨ ਉਨ੍ਹਾਂ ਦਾ ਸਾਹ ਉਖੜਨ ਲੱਗਾ। ਉਨ੍ਹਾਂ ਸ਼ਹਿਦ ਦੀਆਂ ਕੁਝ ਬੂੰਦਾਂ ਜਥੇ ਦੇ ਮੁਖੀ ਤੋਂ ਮੰਗੀਆਂ। ਉਸ ਨੇ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਇਹ ਗੁਰੂ ਸਾਹਿਬ ਦੀ ਭੇਟਾ ਹੈ। ਭਾਈ ਸਾਹਿਬ ਬੀਮਾਰੀ ਅਤੇ ਤਕਲੀਫ ਵਿਚ ਹੀ ਸਾਰਾ ਸਫਰ ਕਰਦੇ ਰਹੇ। ਜਦੋਂ ਸੰਗਤ ਨੇ ਸਤਿਗੁਰੂ ਕੋਲ ਪੁਜ ਕੇ ਭੇਟਾਵਾਂ ਅਗੇ ਰਖੀਆਂ ਤਾਂ ਗੁਰੂ ਜੀ ਨੇ ਕਿਹਾ—ਸ਼ਹਿਦ ਬਦਬੂ ਮਾਰ ਰਿਹਾ ਹੈ। ਇਹ ਸਾਡੇ ਕੰਮ ਦਾ ਨਹੀਂ ਰਿਹਾ। ਮੁਖੀ ਨੇ ਕਿਹਾ ਕਿ ਇਹ ਤਾਂ ਵਧੀਆ ਸ਼ਹਿਦ ਹੈ ਜੋ ਅਸੀਂ ਆਪ ਪ੍ਰੇਮ ਨਾਲ ਲਿਆਂਦਾ ਹੈ। ਇਸ ਵਿਚ ਕੋਈ ਨੁਕਸ ਕਿਵੇਂ ਪੈ ਸਕਦਾ ਹੈ। ਅਸੀਂ ਤਾਂ ਇਹ ਰਾਹ ਵਿਚ ਭਾਈ ਕਟੂ ਨੂੰ ਵੀ ਨਹੀਂ ਦਿਤਾ। ਉਸ ਨੂੰ ਠੰਢ ਕਾਰਨ ਤਕਲੀਫ ਹੋ ਗਈ ਸੀ। ਅਸੀਂ ਇਹ ਕਿਹਾ ਕਿ ਪਹਿਲਾਂ ਗੁਰੂ ਸਾਹਿਬ ਮੂੰਹ ਲਾ ਲੈਣ। ਇਹ ਫਿਰ ਹੀ ਕਿਸੇ ਹੋਰ ਨੂੰ ਦਿਤਾ ਜਾ ਸਕਦਾ ਹੈ। ਗੁਰੂ ਸਾਹਿਬ ਨੇ ਕਿਹਾ—ਕੱਟੂ ਸ਼ਾਹ ਦਾ ਮੂੰਹ ਮੇਰਾ ਹੀ ਮੂੰਹ ਸੀ। ਕੋਈ ਲੋੜਵੰਦ ਭੀੜਾ

ਵਿਚ ਹੋਵੇ, ਉਸ ਨੂੰ ਦਿਓ । ਭੁਖੇ ਨੂੰ ਖੁਆਓ । ਉਹ ਮੈਨੂੰ ਹੀ ਪਹੁੰਚਦਾ ਹੈ । ਗਰੀਬ ਸਿਖ ਦਾ ਮੂੰਹ ਹੀ ਗੁਰੂ ਦੀ ਗੋਲਕ ਹੈ ।

ਕਸ਼ਮੀਰ ਵਿਚ ਰਹਿੰਦਿਆਂ ਹੀ ਆਪ ਮਾਈ ਭਾਗ ਭਰੀ ਦੇ ਘਰ ਗਏ । ਬਿਰਧ ਭਾਗ ਭਰੀ ਤੋਂ ਆਪ ਨੇ ਚੋਲਾ ਮੰਗ ਕੇ ਲਿਆ ਅਤੇ ਪਹਿਨਿਆਂ । ਮਾਤਾ ਭਾਗ ਭਰੀ ਜਿਵੇਂ ਇਸ ਸੁਭਾਗ ਘੜੀ ਨੂੰ ਹੀ ਉਡੀਕ ਰਹੀ ਸੀ । ਗੁਰੂ ਸਾਹਿਬ ਨੂੰ ਬਸਤਰ ਸੌਂਪ ਕੇ ਉਸ ਨੇ ਛੇਤੀ ਹੀ ਪ੍ਰਾਣ ਤਿਆਗ ਦਿਤੇ । ਗੁਰੂ ਸਾਹਿਬ ਆਪ ਉਸ ਦੇ ਅੰਤਿਮ ਸਸਕਾਰ ਵਿਚ ਸ਼ਾਮਿਲ ਹੋਏ ।

ਦਬਿਸਤਾਨਿ ਮਜ਼ਾਹਬ ਵਿਚ ਮੁਹਸਨ ਫ਼ਾਨੀ ਨੇ ਕਸ਼ਮੀਰ ਦੇ ਇਕ ਹੋਰ ਸਿਖ (ਭਾਈ ਮਾਧੋ) ਦਾ ਜ਼ਿਕਰ ਕੀਤਾ ਹੈ । ਉਹ ਦਸਦਾ ਹੈ ਕਿ ਭਾਈ ਮਾਧੋ ਗੁਰੂ ਹਰਿਗੋਬਿੰਦ ਸਾਹਿਬ ਦਾ ਬੜਾ ਪ੍ਰੇਮੀ ਸ਼ਰਧਾਲੂ ਸੀ । ਉਹ ਗੁਰੂ ਦੇ ਸਿਖਾਂ ਨੂੰ ਗੁਰੂ ਰੂਪ ਮੰਨ ਕੇ ਸਭ ਦੀ ਬੜੇ ਪ੍ਰੇਮ ਨਾਲ ਸੇਵਾ ਕਰਦਾ ਸੀ । ਇਕ ਦਿਨ ਇਕ ਚੋਰ ਗੁਰੂ ਜੀ ਦਾ ਨਾਮ ਲੈ ਕੇ ਉਸ ਕੋਲ ਆ ਗਿਆ । ਰਾਤ ਦਾ ਸਮਾਂ ਸੀ । ਜੋ ਕੁਝ ਵੀ ਘਰ ਸੀ, ਉਸ ਨਾਲ ਭਾਈ ਸਾਹਿਬ ਨੇ ਉਸ ਦੀ ਸੇਵਾ ਕੀਤੀ । ਭਾਈ ਮਾਧੋ ਸਵੇਰੇ ਸਵੇਰੇ ਅੱਖ ਬਚਾ ਕੇ ਘਰੋਂ ਨਿਕਲੇ ਕਿ ਗੁਰੂ ਦੇ ਸਿਖ ਦੀ ਸੇਵਾ ਲਈ ਯੋਗ ਪ੍ਰਬੰਧ ਕੀਤਾ ਜਾਵੇ । ਉਧਰ ਚੋਰ ਨੇ ਉਨ੍ਹਾਂ ਦੀ ਪਤਨੀ ਨੂੰ ਮਾਰ ਕੇ ਉਸ ਦੇ ਗਹਿਣੇ ਲਾਹ ਲਏ ਅਤੇ ਬਾਹਰ ਨਿਕਲ ਤੁਰਿਆ । ਜਦੋਂ ਉਹ ਬਾਹਰ ਜਾ ਰਿਹਾ ਸੀ ਤਾਂ ਭਾਈ ਮਾਧੋ ਵਾਪਸ ਆਉਂਦੇ ਉਸ ਨੂੰ ਟੱਕਰ ਪਏ । ਉਹ ਉਸ ਨੂੰ ਮੋੜ ਲਿਆਏ ਕਿ ਖਾਣ ਪੀਣ ਤੋਂ ਬਿਨਾਂ ਸਵੇਰੇ ਸਵੇਰੇ ਘਰੋਂ ਨਿਕਲਣਾ ਠੀਕ ਨਹੀਂ । ਚੋਰ ਸਮੇਤ ਘਰ ਮੁੜੇ । ਘਰ ਵਾਲੀ ਨੂੰ ਤਕਿਆ ਅਤੇ ਫਿਰ ਚੋਰ ਦੀ ਹਾਲਤ ਵੇਖੀ । ਉਸ ਨੇ ਸਭ ਕੁਝ ਦੱਸ ਦਿਤਾ । ਭਾਈ ਮਾਧੋ ਨੇ ਕਿਹਾ—ਸਭ ਅਕਾਲ ਪੁਰਖ ਦਾ ਹੁਕਮ ਹੈ । ਆਪ ਨੇ ਦਰਵਾਜ਼ਾ ਬੰਦ ਕਰ ਦਿਤਾ । ਖਾਣਾ ਪਕਾ ਕੇ ਚੋਰ ਦੀ ਸੇਵਾ ਕੀਤੀ ਅਤੇ ਗਹਿਣੇ ਉਸੇ ਨੂੰ ਮੋੜ ਕੇ ਘਰੋਂ ਤੋਰਿਆ । ਫਿਰ ਚੁਪ ਚਾਪ ਘਰ ਵਾਲੀ ਦਾ ਸਸਕਾਰ ਕਰ ਦਿਤਾ । (ਦਬਸਤਾਨਿ-ਮਜ਼ਾਹਬ, ਪੰ. 240) । ਮੁਹਸਨ ਫ਼ਾਨੀ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਕੋਲੋਂ ਕਿਸੇ ਨੇ ਪੁਛਿਆ ਕਿ ਗੁਰੂ ਬਹੁਤ ਦੂਰ ਹੋਵੇ ਤਾਂ ਉਸ ਨੂੰ ਕਿਵੇਂ ਮਿਲਿਆ ਜਾਵੇ । ਗੁਰੂ ਸਾਹਿਬ ਨੇ ਕਿਹਾ ਕਿ ਹਰ ਉਸ ਸਿਖ ਨੂੰ ਗੁਰੂ ਦਾ ਰੂਪ ਜਾਣੋ ਜੋ ਗੁਰੂ ਦਾ ਨਾਮ ਜਪਦਾ ਤੁਹਾਡੇ ਦਰਵਾਜ਼ੇ ਤੇ ਆਵੇ :

ਹਰ ਕਸ ਕਿ ਨਾਮੇ ਗੁਰੂ ਗੀਰਦ ਵ ਦਰਖਾਨਾਏ ਸਿੱਖੀ
ਦਰ ਆਇਦ ਊ ਰਾ ਮਾਨਅ ਨਸ਼ਵੰਦ ।

ਇਸੇ ਤਰ੍ਹਾਂ ਦਾ ਇਕ ਹੋਰ ਸਿਖ ਭਾਈ ਗੜ੍ਹੀਆ ਸੀ ਜੋ ਗੁਰੂ ਸਾਹਿਬ ਦੇ ਨਾਮ ਉਤੇ ਆਈ ਭੇਟਾ ਵੀ ਲੋੜਵੰਦਾਂ ਨੂੰ ਵੰਡ ਦਿੰਦਾ ਸੀ । ਜਦੋਂ ਕਿਸੇ ਨੇ ਸ਼ਿਕਾਇਤ ਕੀਤੀ ਤਾਂ ਗੁਰੂ ਸਾਹਿਬ ਨੇ ਭਾਈ ਗੜ੍ਹੀਏ ਦੀ ਉਪਮਾ ਕਰਦੇ ਹੋਏ ਆਖਿਆ ਉਹ ਜੋ ਭੇਟਾ ਲੋੜਵੰਦਾਂ ਨੂੰ ਵੰਡਦਾ ਹੈ, ਉਹ ਸਾਡੇ ਤਕ ਪਹੁੰਚਦੀ ਹੈ । "ਭਾਈ ਗੜ੍ਹੀਆ ਕਾ ਹਿਸਾਬ ਹਮ ਕੋ ਪਹੁੰਚਤਾ ਹੈ।"

ਕਸ਼ਮੀਰ ਵਿਚ ਗੁਰੂ ਸਾਹਿਬ ਨੇ 'ਸ੍ਰੀ ਨਗਰ' ਵਿਚ ਕਈ ਦਿਨ ਬਿਤਾਏ । ਇਥੇ

ਇਹ ਦਸਣਾ ਉਚਿਤ ਪ੍ਰਤੀਤ ਹੁੰਦਾ ਹੈ ਕਿ ਉਦਾਸੀ ਸਿੱਖਾਂ ਦੇ ਚਾਰ ਪ੍ਰਸਿਧ ਧੂਣੇ ਜੋ ਗੁਰਮਤਿ ਪ੍ਰਚਾਰ ਦੇ ਕੇਂਦਰ ਬਣੇ ਉਨ੍ਹਾਂ ਚਾਰਾਂ ਦੇ ਮੁਖੀ ਹੀ ਸ੍ਰੀ ਨਗਰ ਦੇ ਸਨ। ਇਹ ਸਨ ਭਾਈ ਅਲਮਸਤ, ਭਾਈ ਬਾਲੂ ਹਸਨਾ, ਭਾਈ ਗੋਇੰਦ ਤੇ ਭਾਈ ਫੂਲ।

ਕਸ਼ਮੀਰ ਵਿਚ ਹਿੰਦੂ ਧਰਮ ਦੀ ਹਾਲਤ ਅਤਿ ਪਤਲੀ ਸੀ। ਉਨ੍ਹਾਂ ਵਿਚ ਵਿਸ਼ਵਾਸ ਅਤੇ ਹਿੰਮਤ ਦੀ ਕਮੀ ਸੀ। ਗੁਰੂ ਸਾਹਿਬ ਨੇ ਅਨੇਕਾਂ ਐਸੇ ਲੋਕਾਂ ਦੀ ਬਾਂਹ ਫੜੀ ਜੋ ਚਿਰਾਂ ਤੋਂ ਮੁਸਲਮਾਨ ਬਣ ਚੁਕੇ ਸਨ। ਆਪ ਨੇ ਉਨ੍ਹਾਂ ਨੂੰ ਗੁਰੂ-ਘਰ ਨਾਲ ਜੋੜਿਆ ਅਤੇ ਅਭੇਦ ਵਰਤਾਇਆ। ਗੁਰੂ ਸਾਹਿਬ ਨੇ ਦਬੇ ਲਿਤਾੜੇ ਅਤੇ ਬੇਹਿੰਮਤ ਲੋਕਾਂ ਨੂੰ ਸਮਝਾਇਆ ਕਿ ਬੇਧਰਮ ਤੇ ਬੇਇਜ਼ਤ ਹੋ ਕੇ ਜੀਣਾ ਮੌਤ ਤੋਂ ਵੀ ਮਾੜਾ ਹੈ। ਗੁਰੂ ਸਾਹਿਬ ਕਸ਼ਮੀਰ ਵਿਚ ਬਾਰਾ ਮੂਲਾ, ਮੁਜ਼ਫਰਾਬਾਦ ਤੋਂ ਦੁਮੇਲ (ਜਿਥੇ ਕ੍ਰਿਸ਼ਨ ਗੰਗਾ ਅਤੇ ਜਿਹਲਮ ਦਰਿਆ ਮਿਲਦੇ ਹਨ) ਵੀ ਗਏ। ਵਾਪਸੀ ਸਮੇਂ ਆਪ ਨੇ ਪੋਠੋਹਾਰ ਛੱਡ ਦੀ ਤਰਫ ਚਰਨ ਪਾਏ। ਇਥੋਂ ਆਪ ਗੁਜਰਾਤ ਪੁੱਜੇ। ਇਥੇ ਪ੍ਰਸਿਧ ਫਕੀਰ ਸ਼ਾਹ ਦਉਲਾ ਦਾ ਟਿਕਾਣਾ ਸੀ। ਉਹ ਬੜਾ ਪਰਉਪਕਾਰੀ ਫਕੀਰ ਸੀ। ਉਸ ਨੇ ਉਦਮ ਕਰ ਕੇ ਭਿੰਬਰ ਦਰਿਆ ਉਤੇ ਬੰਨ੍ਹ ਬਣਵਾ ਕੇ ਸ਼ਹਿਰ ਨੂੰ ਬਚਾਇਆ। ਭਿੰਬਰ ਦਰਿਆ ਉਤੇ ਪੁਲ ਵੀ ਬਣਵਾਇਆ। ਉਸ ਨੇ ਉਸ ਇਲਾਕੇ ਵਿਚ ਹੋਰ ਵੀ ਕਈ ਪਰਉਪਕਾਰ ਦੇ ਕੰਮ ਕੀਤੇ ਸਨ। ਉਸ ਨੇ ਗੁਰੂ ਹਰਿਗੋਬਿੰਦ ਜੀ ਦਾ ਬੜਾ ਆਦਰ ਕੀਤਾ। ਉਸ ਨੇ ਗੁਰੂ ਨਾਨਕ ਦੀ ਗੱਦੀ ਦੀ ਇਹ ਆਖ ਕੇ ਸ਼ਲਾਘਾ ਕੀਤੀ—ਨਾਨਕ ਫਕੀਰ। ਦੀਨ ਦੁਨੀ ਕੇ ਪੀਰ। ਗੁਰੂ ਸਾਹਿਬ ਨੇ ਉਸ ਨੂੰ ਸ਼ਾਹ ਦਉਲਾ, ਫਕੀਰ ਮਉਲਾ ਆਖ ਕੇ ਪਿਆਰ ਅਤੇ ਮਾਣ ਦਿਤਾ।

ਗੁਜਰਾਤ ਵਿਚ ਇਕ ਕਰਾਮਾਤੀ ਪੀਰ ਜਹਾਂਗੀਰ ਸ਼ਾਹ ਵੀ ਸੀ। ਗੁਰੂ ਸਾਹਿਬ ਦਾ ਇਸ ਨਾਲ ਵੀ ਮੇਲ ਹੋਇਆ। ਇਹ ਸ਼ੇਰ ਦੀ ਸਵਾਰੀ ਕਰਦਾ ਸੀ ਅਤੇ ਹੱਥ ਵਿਚ ਸੱਪ ਦਾ ਚਾਬਕ ਰਖਦਾ ਸੀ। ਇੰਜ ਇਹ ਆਪਣੀਆਂ ਕਰਾਮਾਤਾਂ ਅਤੇ ਤਾਕਤ ਦਾ ਹੰਕਾਰ ਨਾਲ ਵਿਖਾਵਾ ਕਰਨ ਲਈ ਕਰਦਾ ਸੀ। ਅਗੇ ਪਿਛੇ ਸੈਂਕੜੇ ਚੇਲੇ ਚਾਟੜੇ ਇਸ ਦੇ ਨਾਲ ਹੁੰਦੇ ਸਨ। ਕਿਸੇ ਸਮੇਂ ਇਹ ਸ਼ਾਹ ਦਉਲਾ ਦਾ ਸ਼ਾਗਿਰਦ ਸੀ। ਸੂਰਜ ਪ੍ਰਕਾਸ਼ ਗ੍ਰੰਥ ਅਨੁਸਾਰ ਜਦੋਂ ਹੰਕਾਰ ਦਾ ਭਰਿਆ ਜਹਾਂਗੀਰ ਸ਼ਾਹ ਸ਼ੇਰ ਉਤੇ ਸਵਾਰ, ਸੱਪ ਦਾ ਛਾਂਟਾ ਫੜੀ ਗੁਰੂ ਸਾਹਿਬ ਦੇ ਡੇਰੇ ਤੇ ਆਇਆ ਤਾਂ ਸ਼ੇਰ ਤ੍ਰਭਕ ਕੇ ਭਜ ਗਿਆ। ਉਸ ਦੀ ਕਰਾਮਾਤੀ ਸ਼ਕਤੀ ਉਸ ਨੂੰ ਰੋਕ ਨਾ ਸਕੀ। ਸ਼ਰਮਿੰਦਾ ਹੋ ਕੇ ਉਸ ਨੇ ਗਿਆਨ ਚਰਚਾ ਵਿਚ ਗੁਰੂ ਸਾਹਿਬ ਨੂੰ ਪ੍ਰਭਾਵਿਤ ਕਰਨ ਦੀ ਸੋਚੀ। ਉਸ ਨੇ ਗੁਰੂ ਸਾਹਿਬ ਉਤੇ ਸਿਧੇ ਅਤੇ ਤੀਖਣ ਪ੍ਰਸ਼ਨਾਂ ਦੀ ਝੜੀ ਲਾ ਦਿੱਤੀ।

ਔਰਤ ਕੀ ਤੇ ਫਕੀਰੀ ਕੀ?
ਹਿੰਦੂ ਕੀ ਤੇ ਪੀਰੀ ਕੀ?
ਦੌਲਤ ਕੀ ਤੇ ਤਿਆਗ ਕੀ?
ਪੁੱਤਰ ਕੀ ਤੇ ਬੈਰਾਗ ਕੀ?
ਪੁਜਾਰੀ ਕੀ ਤੇ ਸੁਆਬ ਕੀ?

ਮਾਰੂਥਲ ਕੀ ਤੇ ਆਬ ਕੀ ?
ਆਰਿਫ ਕੀ ਤੇ ਦੁਨੀਆਦਾਰ ਕੀ ?
ਮਜ਼ਹਬ ਕੀ ਤੇ ਸਚਿਆਰ ਕੀ ?

ਗੁਰੂ ਸਾਹਿਬ ਨੇ ਉਨੀ ਹੀ ਸੰਖੇਪ ਸ਼ੈਲੀ ਵਿਚ ਪੀਰ ਜੀ ਨੂੰ ਉਤਰ ਦਿੰਦੇ ਹੋਏ ਕਿਹਾ :

ਔਰਤ ਈਮਾਨ
ਦੌਲਤ ਗੁਜ਼ਰਾਨ
ਪੁਤਰ ਨੀਸ਼ਾਨ
ਪੀਰ ਨਾ ਹਿੰਦੂ ਨਾ ਮੁਸਲਮਾਨ
ਆਰਿਫ ਵੀਚਾਰ
ਮਜ਼ਹਬ ਸੁਧਾਰ
ਪੁਜਾਰੀ ਆਚਾਰ
ਮਾਰੂਥਲ ਵਿਚ ਜਲ ਕੁਦਰਤ ਕਰਤਾਰ ।

ਆਪਣੇ ਮਤ ਦੀ ਵਜ਼ਾਹਤ ਕਰਦੇ ਹੋਏ ਆਪ ਨੇ ਸਮਝਾਇਆ ਕਿ ਪੀਰੀ ਹਿੰਦੂ ਜਾਂ ਮੁਸਲਮਾਨ ਕਿਸੇ ਇਕ ਫਿਰਕੇ ਦੀ ਮਲਕੀਅਤ ਨਹੀਂ ਹੁੰਦੀ। ਸਚਾ ਪੀਰ ਉਹੀ ਹੈ ਜੋ ਅਕਾਲ ਪੁਰਖ ਦੇ ਹੁਕਮ ਰਜ਼ਾ ਵਿਚ ਚਲ ਕੇ ਉਸ ਦੀ ਕ੍ਰਿਪਾ ਦਾ ਪਾਤਰ ਬਣੇ। ਜੀਵਨ ਦੇ ਕਰਮ ਖੇਤਰ ਵਿਚ ਉਸਾਰੂ ਰੋਲ ਅਦਾ ਕਰੇ। ਇਸਤਰੀ ਪਾਪ ਜਾਂ ਗਿਰਾਵਟ ਦਾ ਕਾਰਨ ਕਦੀ ਨਹੀਂ ਹੁੰਦੀ। ਗਿਰਾਵਟ ਤਾਂ ਬੰਦੇ ਦੇ ਆਪਣੇ ਅੰਦਰ ਹੁੰਦੀ ਹੈ ਜਿਸ ਤੋਂ ਉਪਰ ਉਠਣ ਦੀ ਜ਼ਰੂਰਤ ਹੈ। ਔਰਤ ਨੂੰ ਦੋਸ਼ ਦੇਣਾ ਯੋਗ ਨਹੀਂ। ਔਰਤ ਤਾਂ ਧਰਮ ਤੇ ਈਮਾਨ ਦੀ ਟੇਕ ਹੈ। ਕੋਈ ਪੀਰ ਫਕੀਰ ਔਰਤ ਤੋਂ ਉਚਾ ਨਹੀਂ ਹੁੰਦਾ। ਦੌਲਤ ਗੁਜ਼ਾਰੇ ਵਾਸਤੇ ਰਖੀਏ ਅਤੇ ਇਸ ਨੂੰ ਸਮੇਂ ਸਿਰ ਲੋੜਵੰਦਾਂ ਤੋਂ ਨਿਛਾਵਰ ਕਰ ਦੇਈਏ ਤਾਂ ਦੌਲਤ ਵਿਚ ਹੀ ਤਿਆਗ ਹੈ। ਸੰਤਾਨ ਦੁਨਿਆਵੀ ਖੇਡ ਨੂੰ ਅਗੇ ਤੋਰਦੀ ਹੈ। ਇਹ ਨਾ ਹੋਵੇ ਤਾਂ ਜਗਤ ਦੀ ਖੇਡ ਦਾ ਨਾਮ ਨਿਸ਼ਾਨ ਹੀ ਨਾ ਰਹੇ। ਇਹ ਕਰਮ ਖੇਤਰ ਵਿਚ ਵਿਚਰਦੇ ਰਹਿਣ ਦਾ ਪ੍ਰਮਾਣ ਹੈ। ਆਰਿਫ ਦਾ ਸੰਬੰਧ ਵਿਚਾਰ ਨਾਲ ਹੈ। ਦੁਨਿਆਵੀ ਕਰਮ ਖੇਤਰ ਤੋਂ ਪਲਾਇਣ ਕਰਨ ਵਾਲੀ ਵਿਚਾਰ ਕਿਸੇ ਕੰਮ ਦੀ ਨਹੀਂ। ਮਜ਼ਹਬ ਪੱਖ ਪਾਤ ਅਤੇ ਬਿਖੇੜੇ ਖੜ੍ਹੇ ਕਰਨ ਦਾ ਨਾਮ ਨਹੀਂ। ਇਹ ਵਿਗੜੀ ਹਾਲਤ ਨੂੰ ਦਰੁਸਤ ਕਰਨ ਵਾਲੀ ਸ਼ੈਅ ਹੈ। ਪੁਜਾਰੀ ਦਾ ਕੰਮ ਸਚੀ ਮਰਯਾਦਾ ਕਾਇਮ ਕਰਨਾ ਹੈ। ਉਸ ਦੀ ਜ਼ਿੰਦਗੀ, ਸਚੇ ਆਚਾਰ ਵਿਹਾਰ ਵਾਲੇ ਜੀਵਨ ਦਾ ਨਮੂਨਾ ਹੋਣੀ ਚਾਹੀਦੀ ਹੈ। ਵਾਦ ਵਿਵਾਦ ਅਤੇ ਕਰਮ ਕਾਂਡ ਵਿਚ ਫਸੇ ਪੇਟ ਪਾਲੂ ਜਾਂ ਝਗੜਾਲੂ ਬੰਦੇ ਪੁਜਾਰੀ ਨਹੀਂ ਹੋ ਸਕਦੇ। ਕਹਿਣ ਨੂੰ ਭਾਵੇਂ ਇਨ੍ਹਾਂ ਨੂੰ ਕਾਜ਼ੀ, ਮੁੱਲਾਂ, ਪੰਡਿਤ ਜਾਂ ਕੁਝ ਹੋਰ ਭਾਵੇਂ ਆਖੀ ਜਾਓ। ਅਕਾਲ ਪੁਰਖ ਦੀ ਕ੍ਰਿਪਾ ਨਾਲ ਮਾਰੂਥਲ ਵਿਚ ਵੀ ਚਹਿਲ ਪਹਿਲ ਹੋ ਸਕਦੀ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਪੀਰ ਜੀ ਦੀ ਹਰ ਪ੍ਰਕਾਰ ਨਾਲ ਤਸਲੀ ਕਰਵਾ ਕੇ ਉਨ੍ਹਾਂ ਨੂੰ ਫੋਕੀ ਸ਼ੁਹਰਤ ਅਤੇ ਕਰਾਮਾਤੀ ਵਿਖਾਵੇ ਤੋਂ

ਮੁਕਤ ਕਰਕੇ ਗੁਰਮਤਿ ਦੇ ਸਚੇ ਮਾਰਗ ਨਾਲ ਜੋੜਿਆ।

ਕਸ਼ਮੀਰ ਤੋਂ ਵਾਪਸੀ ਸਮੇਂ ਗੁਜਰਾਤ ਤੋਂ ਚੱਲ ਕੇ ਗੁਰੂ ਸਾਹਿਬ ਹਾਫਜ਼ਾਬਾਦ ਗਏ ਜਿਥੇ ਕਰਮ ਚੰਦ ਆਦਿ ਪ੍ਰੇਮੀ ਸਿਖਾਂ ਨੇ ਸ਼ਰਧਾ ਸਹਿਤ ਸੇਵਾ ਕੀਤੀ। ਹਾਫਿਜ਼ਾਬਾਦ ਵਿਚ ਆਪ ਨੇ ਕਰਮ ਚੰਦ ਨੂੰ ਜਪੁਜੀ ਸਾਹਿਬ ਦੇ ਅਰਥ ਸਮਝਾਏ। ਇਥੇ ਹੀ ਆਪ ਨੇ ਗੁਰਮਤਿ ਦੇ ਪ੍ਰਚਾਰਕਾਂ ਨੂੰ ਧਰਮ ਚਰਚਾ ਦੀ ਵਿਧੀ ਸਮਝਾਈ। ਆਪ ਨੇ ਭਾਈ ਦਰਗਾਹ ਭੰਡਾਰੀ ਦੇ ਇਕ ਪ੍ਰਸ਼ਨ ਦੇ ਉੱਤਰ ਵਿਚ ਦਸਿਆ ਕਿ ਚਰਚਾ ਚਾਰ ਪ੍ਰਕਾਰ ਦੀ ਹੈ : ਹੇਤ, ਵਾਦ, ਜਲਪ ਤੇ ਵਿਤੰਡਾ। ਸ਼ੰਕੇ ਨਵਿਰਤ ਕਰਨ ਹਿਤ ਪ੍ਰਸ਼ਨ ਕਰਨਾ ਹੇਤ ਹੈ। ਸੱਜਨਤਾ ਨਾਲ ਸ਼ਬਦਾਰਥ ਜਾਂ ਵਿਚਾਰ ਵਟਾਂਦਰੇ ਉਪਰੰਤ ਕਿਸੇ ਨਿਰਣੇ ਉਤੇ ਅਪੜਣਾ ਵਾਦ ਹੈ। ਆਪਣੇ ਵਿਚਾਰਾਂ ਉਤੇ ਬਿਨਾ ਸੋਚੇ ਡਟਦੇ ਹੋਏ ਕੁਕੜਾਂ ਵਾਂਗ ਲੜਣਾ ਜਲਪ ਹੈ। ਬਿਨਾਂ ਆਪਣਾ ਮਤ ਸਥਾਪਤ ਕੀਤੇ ਦੂਜੇ ਦਾ ਕੁਬੋਲਾਂ ਨਾਲ ਖੰਡਨ ਕਰਨਾ ਵਿਤੰਡਾ ਹੈ। ਗੁਰਮਤਿ ਵਿਚ ਹੇਤ ਅਤੇ ਵਾਦ ਨੂੰ ਥਾਂ ਹੈ। ਜਲਪ ਅਤੇ ਵਿਤੰਡਾ ਵਰਜਿਤ ਹੈ। ਸਿਖਾਂ ਦੀ ਭਗਤਮਾਲਾ ਵਿਚ ਵੀ ਭਾਈ ਦਰਗਾਹ ਨੂੰ ਦਿਤੇ ਉਪਦੇਸ਼ ਦੇ ਵੇਰਵੇ ਅੰਕਿਤ ਹਨ। (ਵੇਖੋ ਸਾਖੀ ਨੰ: 98)।

ਇਥੇ ਹੀ ਗਿਆਨ ਚਰਚਾ ਦੌਰਾਨ ਆਪ ਨੂੰ ਕਿਸੇ ਨੇ ਪ੍ਰਸ਼ਨ ਕੀਤਾ ਕਿ ਜੇ ਪਰਮਾਤਮਾ ਇਕ ਹੈ ਅਤੇ ਅਸੀਂ ਸਾਰੇ ਉਸੇ ਇਕ ਦੇ ਹੀ ਲਿਸ਼ਕਾਰੇ ਹਾਂ ਤਾਂ ਸਾਰੇ ਕਿਉਂ ਨਹੀਂ ਗਿਆਨਵਾਨ ਹੋ ਜਾਂਦੇ। ਆਪ ਨੇ ਕਿਹਾ ਕਿ ਘੜੇ ਦੇ ਪਾਣੀ ਵਿਚ ਚੰਦ ਉਦੋਂ ਹੀ ਦਿਸਦਾ ਹੈ ਜਦੋਂ ਇਸ ਦਾ ਜਲ ਸਾਫ ਹੋਵੇ। ਭਰਮਾਂ ਅਤੇ ਵਿਕਾਰਾਂ ਦੇ ਗੰਧਲਾਏ ਮਨ ਵਿਚੋਂ ਪਰਮਾਤਮਾ ਦਾ ਗਿਆਨ ਕਿਵੇਂ ਹੋਵੇ। ਇਥੇ ਹੀ ਭਾਈ ਤਖਤ ਧੀਰ, ਭਾਈ ਮਨਸਾ ਧਾਰ, ਭਾਈ ਤੀਰਥਾ ਉਪਲ ਅਤੇ ਭਾਈ ਦਰਗਾਹ ਤੁਲੀ ਨੇ ਬੇਨਤੀ ਕੀਤੀ ਕਿ ਬਹੁਤ ਸਾਰੇ ਗੁਰਮੁਖਾਂ ਤੋਂ ਗੁਰਮਤਿ ਵਿਚਾਰ ਸੁਣੀਦੀ ਹੈ, ਪਰ ਜੋ ਆਨੰਦ ਭਾਈ ਨਿਹਾਲ ਅਤੇ ਭਾਈ ਨਿਵਲਾ ਦੀ ਕਥਾ ਵਾਰਤਾ ਸੁਣ ਕੇ ਹਾਸਿਲ ਹੁੰਦਾ ਹੈ, ਉਹ ਹੋਰ ਕਿਤੋਂ ਨਹੀਂ ਮਿਲਦਾ। ਉਨ੍ਹਾਂ ਪ੍ਰਥਾਇ ਆਪ ਨੇ ਵਕਤਾ ਅਤੇ ਸ੍ਰੋਤਾ ਲਈ ਲੋੜੀਂਦੇ ਸ਼ੁਭ ਗੁਣਾਂ ਦੀ ਵੇਰਵੇ ਸਹਿਤ ਅਤੇ ਬਾਰੀਕ ਵਿਆਖਿਆ ਕੀਤੀ ਜਿਸ ਦਾ ਵਿਸਤ੍ਰਿਤ ਉਲੇਖ ਸਿਖਾਂ ਦੀ ਭਗਤਮਾਲਾ (ਸਾਖੀ ਨੰ: 102) ਵਿਚ ਕੀਤਾ ਗਿਆ ਹੈ।

'ਹਾਫਿਜ਼ਾਬਾਦ' ਤੋਂ ਆਪ 'ਮੰਦਰਾਂ' ਗਏ ਜਿਥੇ ਗੁਰੂ ਅਰਜਨ ਸਾਹਿਬ ਹੀ ਯਾਦ ਵਜੋਂ ਉਨ੍ਹਾਂ ਦੇ ਪ੍ਰੇਮੀਆਂ ਨੇ ਉਨ੍ਹਾਂ ਦਾ ਸੋਟਾ ਅਤੇ ਜੋੜੇ ਸੰਭਾਲ ਰਖੇ ਸਨ। ਇਥੋਂ ਆਪ ਭਾਈ ਕੇ ਮਟਵੀਂ ਗਏ ਜਿਥੇ ਭਾਈ ਲੰਗਾਹ ਨੇ ਖਬਰ ਦਿਤੀ ਕਿ ਕੁਝ ਲੋਕ ਜਹਾਂਗੀਰ ਦੇ ਕੰਨ ਭਰ ਰਹੇ ਹਨ। ਗੁਰੂ ਸਾਹਿਬ ਨੇ ਆਖਿਆ ਕਿ ਨਿਸ਼ਚਿੰਤ ਰਹੋ, ਹੁਣ ਜਹਾਂਗੀਰ ਕਿਸੇ ਦੀ ਨਹੀਂ ਸੁਣੇਗਾ। ਇੰਜ ਹੀ 'ਮੰਡਿਆਲੀ' ਆਦਿ ਹੋਰ ਕਈ ਨਗਰਾਂ ਵਿਚ ਫੇਰੀ ਪਾਂਦੇ ਪਾਂਦੇ ਆਪ ਨੇ 'ਰਾਏ ਭੋਏ ਦੀ ਤਲਵੰਡੀ' ਚਰਨ ਪਾਏ ਜਿਥੇ ਰਾਏ ਬੁਲਾਰ ਅਤੇ ਬਾਬਾ ਲਾਲੂ ਜੀ ਦੀ ਸੰਤਾਨ ਗੁਰੂ ਨਾਨਕ ਦੀ ਛੇਵੀਂ ਜੋਤਿ ਦੇ ਦਰਸ਼ਨ ਉਪਰੰਤ ਨਿਹਾਲ ਹੋਈ। ਗੁਰੂ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੀਆਂ ਪਾਵਨ ਯਾਦਾਂ ਨੂੰ ਕਾਇਮ ਕਰਨ ਦਾ ਉਦਮ ਕੀਤਾ। ਜਨਮ ਸਥਾਨ ਦੀ ਯਾਦਗਾਰ ਦਾ ਟੱਕ ਆਪ ਨੇ

ਆਪਣੇ ਹੱਥੀਂ ਲਾਇਆ। ਆਪ ਨੇ ਇਸ ਇਲਾਕੇ ਨੂੰ ਵਰ ਦਿਤੇ ਕਿ ਸਮਾਂ ਪਾ ਕੇ ਇਹ ਇਲਾਕਾ ਹੋਰ ਵੀ ਹਰਿਆ ਭਰਿਆ ਹੋ ਜਾਵੇਗਾ। ਨਹਿਰਾਂ ਚਲਣਗੀਆਂ। ਜੰਗਲਾਂ ਵਿਚ ਮੰਗਲ ਹੋਣਗੇ। ਸੁੰਦਰ ਨਗਰ ਵੱਸਣਗੇ। ਇਥੋਂ ਆਪ 'ਪੱਧਰੀ' ਅਤੇ 'ਲਾਹੌਰ' ਹੁੰਦੇ ਹੋਏ 'ਅੰਮ੍ਰਿਤਸਰ' ਪੁੱਜੇ। ਅੰਮ੍ਰਿਤਸਰ ਪੁੱਜਣ ਤੋਂ ਛੇਤੀ ਹੀ ਪਿਛੋਂ ਆਪ ਨੂੰ ਭਾਈ ਸਾਈਂ ਦਾਸ ਜੀ ਨੇ 'ਡਰੌਲੀ' ਤੋਂ ਯਾਦ ਕੀਤਾ। ਭਾਈ ਸਾਹਿਬ ਆਪ ਦੇ ਪ੍ਰੇਮੀ ਹੀ ਨਹੀਂ, ਸਾਂਢੂ ਵੀ ਸਨ। ਪਰਿਵਾਰ ਸਹਿਤ ਉਥੇ ਆਉਣ ਲਈ ਬੇਨਤੀ ਕੀਤੀ ਗਈ ਸੀ। ਉਨ੍ਹਾਂ, ਨੇ ਨਵਾਂ ਮਕਾਨ ਤਿਆਰ ਕੀਤਾ ਸੀ। ਮਕਾਨ ਦੀ ਸੁੰਦਰਤਾ ਅਤੇ ਫਬਨ ਤਕ ਕੇ ਸਾਈਂ ਦਾਸ ਜੀ ਅਤੇ ਮਾਤਾ ਰਾਮੋ ਜੀ ਦੀ ਇੱਛਾ ਹੋਈ ਕਿ ਪਹਿਲਾਂ ਇਸ ਖੂਬਸੂਰਤ ਸਥਾਨ ਉਤੇ ਮਹਾਰਾਜ ਦੇ ਚਰਨ ਪੈਣ। ਮਾਲਵੇ ਦੀ ਸੰਗਤ ਨੇ ਵੀ ਇਛਾ ਕੀਤੀ ਕਿ ਗੁਰੂ ਸਾਹਿਬ ਇਧਰ ਦਰਸ਼ਨ ਦੇਣ। ਉਧਰ ਪੀਲੀ ਭੀਤ ਅਤੇ 'ਨਾਨਕ ਮਤੇ' ਤੋਂ ਅਲਮਸਤ ਹੋਰਾਂ ਦਾ ਸੰਦੇਸ਼ ਪੁਜਾ ਕਿ ਜੋਗੀ ਭੂਤਰੇ ਹੋਏ ਹਨ। ਅਸਲ ਵਿਚ ਉਸ ਇਲਾਕੇ ਵਿਚ ਗੁਰਮਤਿ ਦੇ ਪ੍ਰਚਾਰ ਨਾਲ ਜੋਗੀਆਂ ਦੀ ਮਾਨਤਾ ਘਟ ਗਈ ਸੀ। ਉਨ੍ਹਾਂ ਫੈਸਲਾ ਕੀਤਾ ਕਿ ਗੁਰਮਤਿ ਦੇ ਕੇਂਦਰ ਨਾਨਕ ਮੱਤੇ ਨੂੰ ਉਜਾੜਿਆ ਜਾਵੇ ਅਤੇ ਭਾਈ ਅਲਮਸਤ ਨੂੰ ਪ੍ਰੇਸ਼ਾਨ ਕਰ ਕੇ ਉਥੋਂ ਕੱਢਿਆ ਜਾਵੇ। ਗੁਰੂ ਸਾਹਿਬ ਦੀ ਯਾਦਗਾਰ ਮਿਟਾਣ ਲਈ ਉਨ੍ਹਾਂ ਉਸ ਪਿੱਪਲ ਨੂੰ ਵੀ ਅੱਗ ਲਾਣ ਦਾ ਯਤਨ ਕੀਤਾ ਜਿਸ ਹੇਠ ਕਦੇ ਗੁਰੂ ਨਾਨਕ ਸਾਹਿਬ ਬਿਰਾਜੇ ਸਨ ਅਤੇ ਜੋ ਉਨ੍ਹਾਂ ਦੀ ਯਾਦ ਸਾਂਭੀ ਬੈਠਾ ਸੀ। ਸਾਰੀ ਸਥਿਤੀ ਨੂੰ ਵੇਖ ਵੀਚਾਰ ਕੇ ਗੁਰੂ ਸਾਹਿਬ ਨੇ ਮਾਤਾ ਗੰਗਾ ਜੀ ਅਤੇ ਪਰਿਵਾਰ ਨੂੰ ਭਾਈ ਗੁਰਦਾਸ ਜੀ ਨਾਲ 'ਡਰੌਲੀ' ਤੋਰਿਆ ਅਤੇ ਕਿਹਾ ਕਿ ਆਪ ਉਥੇ ਹੀ ਟਿਕਣਾ, ਅਸੀਂ ਨਾਨਕ ਮੱਤੇ ਤੋਂ ਵਾਪਸ ਡਰੌਲੀ ਆ ਕੇ ਪਿਆਰੇ ਸਾਈਂ ਦਾਸ ਜੀ ਦੇ ਦਰਸ਼ਨ ਕਰਾਂਗੇ।

ਇਸ ਪ੍ਰਕਾਰ ਆਪ ਸਤਿਲੁਜ ਪਾਰ ਕਰ ਕੇ ਸਿਧੇ 'ਗੜ੍ਹ ਮੁਕਤੇਸ਼ਵਰ', 'ਮੁਰਾਦਾਬਾਦ' ਆਦਿ ਵਲੋਂ ਹੁੰਦੇ ਹੋਏ 'ਨਾਨਕ ਮਤੇ' ਜਾ ਪਹੁੰਚੇ। ਅਲਮਸਤ ਤਾਂ ਉਦਾਸੀ ਮਹਾਤਮਾ ਸੀ। ਸਾਧੂ ਬਿਰਤੀ। ਜੋਗੀਆਂ ਦੇ ਜ਼ੋਰ ਜ਼ਬਰਦਸਤੀ ਅਗੇ ਚੁਪ ਸੀ। ਗੁਰੂ ਸਾਹਿਬ ਸੰਤ-ਸਿਪਾਹੀ ਸਨ। ਉਨ੍ਹਾਂ ਆਪਣੇ ਸੈਨਿਕਾਂ ਨੂੰ ਹੁਕਮ ਦਿਤਾ ਕਿ ਵਿਗੜੇ ਹੋਏ ਜੋਗੀਆਂ ਨੂੰ ਪਕੜੋ ਅਤੇ ਸਜ਼ਾ ਦਿਓ। ਉਹ ਭੱਜ ਕੇ ਆਪਣੇ ਸੇਵਕ ਰਾਜਾ ਬਾਜ਼ ਬਹਾਦਰ ਕੋਲ ਜਾ ਵੜੇ। ਉਸ ਨੂੰ ਸਿਖਾ ਪੜ੍ਹਾ ਕੇ ਗੁਰੂ ਸਾਹਿਬ ਉਤੇ ਲਿਆ ਚੜ੍ਹਾਇਆ। ਗੁਰੂ ਸਾਹਿਬ ਕੋਲ ਦੋ ਕੁ ਸੌ ਤਕੜੇ ਜਵਾਨ ਸਨ ਜੋ ਪੂਰੀ ਤਰ੍ਹਾਂ ਸ਼ਸਤਰਧਾਰੀ ਸਨ। ਜਦੋਂ ਉਨ੍ਹਾਂ ਬਾਜ਼ ਬਹਾਦਰ ਦੇ ਸਾਥੀਆਂ ਦੀ ਇਟ ਦਾ ਜਵਾਬ ਪੱਥਰ ਨਾਲ ਦਿਤਾ ਤਾਂ ਬਾਜ਼ ਬਹਾਦੁਰ ਨੇ ਤਲਵਾਰ ਸੁਟ ਕੇ ਗੁਰੂ ਸਾਹਿਬ ਦੇ ਚਰਨ ਆ ਫੜੇ। ਗੁਰੂ ਸਾਹਿਬ ਨੇ ਉਸ ਨੂੰ ਦੱਸਿਆ ਕਿ ਇਹ ਜੋਗੀ ਸਚੇ ਅਰਥਾਂ ਵਿਚ ਧਰਮੀ ਨਹੀਂ। ਇਹ ਆਪਣੀ ਸਾਧਨਾ ਅਤੇ ਤਪਸਿਆ ਨਾਲ ਪ੍ਰਾਪਤ ਰਿਧੀਆਂ ਸਿਧੀਆਂ ਜਾਂ ਕਰਾਮਾਤਾਂ ਤੋਂ ਉਪਰ ਉਠ ਕੇ ਸਤਿ ਮਾਰਗ ਦੀ ਮੰਜ਼ਿਲ ਵਲ ਤੁਰਨ ਦੀ ਥਾਂ ਆਪਣੀਆਂ ਕਰਾਮਾਤਾਂ ਨਾਲ ਲੋਕਾਂ ਨੂੰ ਲੁਟ ਲੁਟ ਖਾ ਰਹੇ ਹਨ। ਗੁਰੂ ਨਾਨਕ ਦਾ ਗੁਰਮਿਤ-ਮਾਰਗ ਜੀਵਨ ਤੋਂ ਪਲਾਇਣ ਕਰਨ ਦਾ ਵਿਰੋਧ ਕਰਦਾ ਹੈ। ਇਹ ਕਰਾਮਾਤਾਂ ਰਾਹੀਂ ਲੋਕਾਂ ਦੇ ਸ਼ੋਸ਼ਣ ਦਾ ਵੀ ਵਿਰੋਧ ਕਰਦਾ ਹੈ। ਨਿਰਭਉ ਨਿਰਵੈਰ ਹੋ ਕੇ ਜੀਵਨ ਦੇ ਕਰਮ ਖੇਤਰ ਵਿਚ ਵਿਚਰਨ ਦਾ ਹੋਕਾ

ਦਿੰਦਾ ਹੈ। ਜੋਗੀਆਂ ਨਾਲ ਸਾਡਾ ਹੋਰ ਕੋਈ ਵਿਰੋਧ ਨਹੀਂ। ਰਾਜੇ ਨੇ ਜੋਗੀਆਂ ਨੂੰ ਉਥੋਂ ਕੱਢ ਦਿਤਾ ਅਤੇ ਜੋਗ ਮਾਰਗ ਛਡ ਕੇ ਗੁਰਮਤਿ ਦਾ ਧਾਰਨੀ ਬਣ ਗਿਆ। ਗੁਰੂ ਸਾਹਿਬ ਨੇ ਪਿਪਲ ਦੇ ਅਧ ਜਲੇ ਯਾਦਗਾਰੀ ਰੁਖ ਨੂੰ ਵੀ ਸਾਂਭਿਆ ਸੰਭਾਲਿਆ ਅਤੇ ਮੁੜ ਹਰਾ ਭਰਾ ਕਰ ਦਿਤਾ। ਰਾਜੇ ਬਾਜ਼ ਬਹਾਦਰ ਨੇ ਚਾਰ ਪਿੰਡ ਨਾਨਕ ਮੱਤਾ ਦੇ ਡੇਰੇ ਦੇ ਨਾਮ ਲਾ ਦਿਤੇ। ਇਥੋਂ ਗੁਰੂ ਸਾਹਿਬ 'ਗੜ੍ਹ ਮੁਕਤੇਸ਼ਵਰ' ਗਏ। ਇਸ ਇਲਾਕੇ ਵਿਚ ਆਪ ਨੇ ਸ਼ੇਰਾਂ ਦਾ ਸ਼ਿਕਾਰ ਕੀਤਾ ਅਤੇ ਹਾਥੀ ਫੜੇ। ਇਧਰੋਂ 'ਮਿਠਾ ਰੀਠਾ', ਦੇ ਯਾਦਗਾਰੀ ਸਥਾਨ ਉਤੇ ਪੁਜੇ ਅਤੇ ਫਿਰ ਗੜ੍ਹਵਾਲ ਦੀ ਰਾਜਧਾਨੀ 'ਸ੍ਰੀਨਗਰ' ਪੁਜੇ। ਇਥੇ ਆਪ ਦੀ ਮੁਲਾਕਾਤ ਮਹਾਰਾਸ਼ਟਰ ਦੇ ਪ੍ਰਸਿਧ ਮਹਾਤਮਾ ਸਮਰਥ ਰਾਮ ਦਾਸ ਨਾਲ ਹੋਈ ਜੋ 'ਰਿਸ਼ੀ ਕੇਸ਼' ਅਤੇ 'ਹਰਦਵਾਰ' ਆਦਿ ਤੀਰਥ ਸਥਾਨਾਂ ਦੀ ਯਾਤਰਾ ਕਰ ਰਹੇ ਸਨ। ਗੁਰੂ ਜੀ ਨਾਲ ਮਹਾਤਮਾ ਰਾਮ ਦਾਸ ਦੀ ਪਹਿਲੀ ਭੇਂਟ ਉਦੋਂ ਹੋਈ ਜਦੋਂ ਆਪ ਸ਼ਿਕਾਰ ਤੋਂ ਪਰਤ ਰਹੇ ਸਨ। ਸ਼ਸਤਰ ਬੱਧ ਸ਼ਿਕਾਰੀ। ਲਾਓ ਲਸ਼ਕਰ ਨਾਲ। ਮਹਾਤਮਾ ਜੀ ਨੇ ਪੁਛਿਆ, ਮੈਂ ਤਾਂ ਸੁਣਿਆ ਸੀ ਆਪ ਗੁਰੂ ਨਾਨਕ ਦੀ ਗੱਦੀ ਉਤੇ ਹੋ। ਉਹ ਤਿਆਗੀ ਮਹਾਤਮਾ ਸਨ। ਆਪ ਦਾ ਅਮੀਰੀ ਠਾਠ। ਹਥਿਆਰ, ਫੋਜਾਂ ਤੇ ਘੋੜੇ। ਕੈਸੇ ਸਾਧੂ ਹੋ। ਗੁਰੂ ਸਾਹਿਬ ਨੇ ਮੁਸਕਰਾ ਕੇ ਆਖਿਆ, "ਬਾਤਨ ਫਕੀਰੀ, ਜ਼ਾਹਿਰ ਅਮੀਰੀ। ਸ਼ਸਤਰ ਗਰੀਬ ਦੀ ਰੱਖਿਆ, ਜਰਵਾਨੇ ਕੀ ਭਖਿਆ। ਫਕੀਰੀ ਪਾਖੰਡ ਅਤੇ ਵਿਖਾਵੇ ਦਾ ਨਾਮ ਨਹੀਂ। ਫਕੀਰੀ ਦਿਲ ਦੀ ਹੁੰਦੀ ਹੈ। ਸ਼ਸਤਰ ਜਬਰ ਜ਼ੁਲਮ ਤੋਂ ਰੱਖਿਆ ਲਈ ਹਨ। ਬਾਬਾ ਨਾਨਕ ਗੁਰਮੁਖ ਖੋਜਣ ਲਈ ਉਦਾਸੀਆਂ ਤੇ ਨਿਕਲੇ ਸਨ। ਵਾਪਸ ਕਰਤਾਰ ਪੁਰ ਆ ਕੇ ਉਨ੍ਹਾਂ ਸੰਸਾਰੀ ਰੀਤ ਚਲਾਈ। ਦੁਨੀਆਂ ਤੇ ਕਰਮ ਖੇਤਰ ਨਾਲ ਜੁੜੇ ਰਹਿਣ ਦਾ ਜੋ ਉਪਦੇਸ਼ ਗੁਰੂ ਨਾਨਕ ਨੇ ਦਿਤਾ ਅਸੀਂ ਉਸੇ ਉਤੇ ਤੁਰਦੇ ਹੋਏ ਬਦਲਦੀਆਂ ਪਰਿਸਥਿਤੀਆਂ ਨਾਲ ਲੋਹਾ ਲੈ ਰਹੇ ਹਾਂ। ਇਨ੍ਹਾਂ ਤੋਂ ਭੱਜਣਾ ਸ਼ੋਭਾ ਨਹੀਂ ਦਿੰਦਾ।" ਰਾਮ ਦਾਸ ਜੀ ਨੇ ਕਿਹਾ—"ਯੇ ਹਮਾਰੇ ਮਨ ਭਾਵਤੀ ਹੈ।" ਇਤਿਹਾਸ ਗਵਾਹ ਹੈ ਕਿ ਮਹਾਰਾਸ਼ਟਰ ਵਿਚ ਪਰਤ ਕੇ ਆਪ ਨੇ ਇਨ੍ਹਾਂ ਸਿਧਾਂਤਾਂ ਦਾ ਪ੍ਰਚਾਰ ਪ੍ਰਸਾਰ ਕੀਤਾ। ਆਪ ਨੇ ਸ਼ਿਵਾ ਜੀ ਦੇ ਧਰਮ-ਗੁਰੂ ਦੇ ਰੂਪ ਵਿਚ ਉਨ੍ਹਾਂ ਅੰਦਰ ਵੀ ਜਬਰ ਜ਼ੁਲਮ ਦੇ ਖਿਲਾਫ ਟੱਕਰ ਲੈਣ ਦੀ ਜਵਾਲਾ ਮਘਾਈ। ਸੱਚ ਤਾਂ ਇਹ ਹੈ ਕਿ ਇਸ ਜਵਾਲਾ ਦੀ ਚੰਗਿਆੜੀ ਗੁਰੂ ਹਰਿਗੋਬਿੰਦ ਜੀ ਦੀ ਹੀ ਦੇਣ ਹੈ। ਸ੍ਰੀ ਨਗਰ ਤੋਂ ਆਪ 'ਥਾਨੇਸਰ' ਅਤੇ 'ਕੁਰਕਸ਼ੇਤਰ' ਹੁੰਦੇ ਹੋਏ ਡਰੋਲੀ ਆ ਗਏ।

'ਡਰੋਲੀ' ਆ ਕੇ ਗੁਰੂ ਸਾਹਿਬ ਨੇ ਭਾਈ ਸਾਈਂਦਾਸ ਜੀ ਦੇ ਨਵੇਂ ਮਕਾਨ ਵਿਚ ਹੀ ਡੇਰਾ ਕੀਤਾ। ਦੋ ਮਹੀਨੇ ਉਥੇ ਟਿਕੇ ਰਹੇ। ਰੋਜ਼ ਸਤਿਸੰਗ ਹੁੰਦਾ। ਮਾਲਵੇ ਦੇ ਭੋਲੇ ਭਾਲੇ ਲੋਕ ਜੋ ਭਾਂਤ ਭਾਂਤ ਦੇ ਵਹਿਮਾਂ ਭਰਮਾਂ ਅਤੇ ਸਾਧਾਂ ਫਕੀਰਾਂ ਦੇ ਜਾਲ ਵਿਚ ਫਸੇ ਹੋਏ ਸਨ, ਗੁਰੂ ਸਾਹਿਬ ਦੇ ਵਿਚਾਰਾਂ ਨਾਲ ਜਾਗ੍ਰਿਤ ਹੋਏ। ਮਲਵਈ ਨੌਜੁਆਨਾਂ ਨੂੰ ਇਕ ਨਵੀਂ ਰੋਸ਼ਨੀ ਮਿਲੀ। ਛੇ ਛੇ ਫੁਟੇ ਮਲਵਈ ਗੱਭਰੂ ਗੁਰੂ ਜੀ ਨਾਲ ਆ ਰਲੇ ਤਾਂ ਕਿ ਦੇਸ਼ ਧਰਮ ਅਤੇ ਕੋਮੀ ਅਣਖ ਖਾਤਰ ਗੁਰੂ ਜੀ ਦੇ ਧਰਮ ਯਧ ਵਿਚ ਉਨ੍ਹਾਂ ਦਾ ਸਾਥ ਦੇ ਸਕਣ।

ਮਾਲਵੇ ਦੀ ਇਸ ਫੇਰੀ ਦੀ ਇਕ ਪ੍ਰੇਮ ਭਰੀ ਘਟਨਾ ਭਾਈ ਸਾਧੂ ਅਤੇ ਭਾਈ ਰੂਪਾ ਨਾਲ ਸੰਬੰਧਤ ਹੈ। ਕੜਕਦੀਆਂ ਧੁਪਾਂ ਵਿਚ ਉਹ ਜੰਗਲ ਵਿਚ ਲਕੜਾਂ ਕਟਣ ਦੀ ਕਿਰਤ ਕਰ ਰਹੇ ਸਨ। ਪਾਣੀ ਨਾਲ ਭਰੀ ਮਿੱਟੀ ਦੀ ਇਕ ਟਿੰਡ ਉਨ੍ਹਾਂ ਇਕ ਰੁਖ ਨਾਲ ਲਟਕਾ ਰਖੀ ਸੀ। ਪਿਆਸ ਲੱਗੀ। ਪਾਣੀ ਪੀਣ ਲਈ ਵਧੇ। ਪਾਣੀ ਦੀ ਟਿੰਡ ਨੂੰ ਹਥ ਲਾਇਆ ਤਾਂ ਸੀਤਲ ਜਲ ਵੇਖ ਕੇ ਮਨ ਕੀਤਾ ਕਿ ਇਹ ਜਲ ਪਹਿਲਾਂ ਜੇ ਸਤਿਗੁਰ ਪੀਣ ਤਾਂ ਅਨੰਦ ਆ ਜਾਏ। ਸਿਖ ਪਰੰਪਰਾ ਦਸਦੀ ਹੈ ਕਿ ਸਤਿਗੁਰੂ ਨੇ ਆਪ ਆ ਕੇ ਉਥੇ ਪਾਣੀ ਪੀਤਾ ਅਤੇ ਉਨ੍ਹਾਂ ਨੂੰ ਗੁਰਮਤਿ ਪ੍ਰਚਾਰ ਦੀ ਜ਼ੁੰਮੇਵਾਰੀ ਸੌਂਪੀ।

ਮਾਲਵੇ ਤੋਂ ਵਾਪਸ ਅੰਮ੍ਰਿਤਸਰ ਆ ਕੇ ਗੁਰੂ ਸਾਹਿਬ ਨੇ ਸਿਖ ਜਥੇਬੰਦੀ ਦੀ ਮਜ਼ਬੂਤੀ ਲਈ ਦੂਰ ਦੂਰ ਹੁਕਮਨਾਮੇ ਭੇਜੇ। ਭਾਈ ਸਾਧੂ ਨੂੰ 'ਕਾਬਲ' ਵਿਚੋਂ ਘੋੜੇ ਖਰੀਦ ਕੇ ਭੇਜਣ ਲਈ ਕਿਹਾ। ਭਾਈ ਸਾਧੂ ਜੀ ਨੇ ਤਿੰਨ ਘੋੜੇ ਖਰੀਦੇ ਅਤੇ ਅੰਮ੍ਰਿਤਸਰ ਨੂੰ ਤੁਰੇ। ਮੁਹਸਿਨ ਫਾਨੀ ਨੇ ਆਪਣੀ ਪੁਸਤਕ ਦਬਸਤਾਨਿ ਮਜ਼ਾਹਬ ਵਿਚ ਭਾਈ ਸਾਧੂ ਦੀ ਬੜੀ ਪ੍ਰਸੰਸਾ ਕੀਤੀ ਹੈ। ਅਟਕ ਕੋਲ ਆ ਕੇ ਖਲੀਲ ਬੇਗ ਅਤੇ ਉਸ ਦੇ ਪਤਰ ਨੇ ਉਹ ਘੋੜੇ ਖਰੀਦਨੇ ਚਾਹੇ। ਭਾਈ ਸਾਧੂ ਨੇ ਕਿਹਾ ਕਿ ਇਹ ਘੋੜੇ ਕਿਸੇ ਵੀ ਕੀਮਤ ਉਤੇ ਨਹੀਂ ਦਿਤੇ ਜਾ ਸਕਦੇ। ਇਹ ਗੁਰੂ ਸਾਹਿਬ ਦੀ ਅਮਾਨਤ ਹਨ। ਗੁੱਸੇ ਵਿਚ ਖਲੀਲ ਬੇਗ ਅਤੇ ਉਸ ਦੇ ਪੁਤਰ ਨੇ ਘੋੜੇ ਖੋਹ ਲਏ। ਇਹ ਘੋੜੇ ਉਸ ਲਈ ਬਹੁਤੇ ਮੁਬਾਰਕ ਸਾਬਤ ਨਾ ਹੋਏ। ਉਸੇ ਵਰ੍ਹੇ ਉਸ ਦਾ ਪੁਤਰ ਗੁਜ਼ਰ ਗਿਆ। ਦੂਜੇ ਪਾਸੇ ਜਹਾਂਗੀਰ ਨੇ ਕਸ਼ਮੀਰ ਤੋਂ ਵਾਪਸ ਪਰਤਨ ਤੇ ਉਸ ਨੂੰ ਖੁਆਰ ਕਰਕੇ ਨੌਕਰੀ ਤੋਂ ਕੱਢ ਦਿਤਾ। ਉਸ ਨੇ ਆਪਣੀ ਸਵੈ ਜੀਵਨੀ ਵਿਚ ਲਿਖਿਆ ਹੈ ਕਿ ਮੇਰੇ ਪਿਛੋਂ ਖਲੀਲ ਬੇਗ, ਮੁਤਮੰਦ ਖਾਨ ਅਤੇ ਫਿਦਾਈ ਖਾਨ ਨੇ ਸਖਤ ਸ਼ਰਾਰਤਾਂ ਕੀਤੀਆਂ। ਸੋ ਮੁਤਮੰਦ ਖਾਨ ਤੇ ਖਲੀਲ ਬੇਗ ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ। ਇਸ ਨਾਲ ਗੁਰੂ ਸਾਹਿਬ ਦਾ ਪ੍ਰਤਾਪ ਹੋਰ ਵਧਿਆ ਅਤੇ ਜਹਾਂਗੀਰ ਦੇ ਜੀਉਂਦੇ ਜੀਅ 'ਲਾਹੌਰ' ਵਲੋਂ ਕਿਸੇ ਹੋਰ ਨੇ ਸ਼ਰਾਰਤ ਕਰਨ ਦੀ ਹਿੰਮਤ ਬਿਲਕੁਲ ਨਾ ਕੀਤੀ।

ਅਧਿਆਇ 10

ਤਾਜ ਬਾਜ ਤੁਮਰੇ ਸਭ ਲੇਨੇ

1627 ਈ. ਦੇ ਨੇੜੇ ਤੇੜੇ ਕੁਝ ਅਜੇਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਪ੍ਰਫੁਲਤ ਹੋ ਰਹੀ ਸਿਖ ਲਹਿਰ ਦੇ ਮੁਗਲ ਸੱਤਾ ਨਾਲ ਸੰਬੰਧ ਖਾਸੇ ਅਸੁਖਾਵੇਂ ਕਰ ਦਿਤੇ । ਇਨ੍ਹਾਂ ਵਿਚੋਂ ਦੋ ਘਟਨਾਵਾਂ ਕਾਫੀ ਮਹੱਤਵ ਪੂਰਨ ਹਨ। ਪਹਿਲੀ ਦਾ ਸੰਬੰਧ ਲਾਹੌਰ ਦੇ ਕਾਜ਼ੀ ਰੁਸਤਮ ਖਾਨ ਦੀ ਕਨੀਜ਼ (ਜਿਸ ਨੂੰ ਕੁਝ ਇਤਿਹਾਸਕਾਰਾਂ ਨੇ ਕਾਜ਼ੀ ਦੀ ਬੇਟੀ ਵੀ ਲਿਖਿਆ ਹੈ) ਬੀਬੀ ਕੌਲਾਂ ਨਾਲ ਹੈ। ਦੂਜੀ ਦਾ ਜਹਾਂਗੀਰ ਦੀ ਮੌਤ ਉਪਰੰਤ ਸਾਹਜਹਾਂ ਦੇ ਤਖਤ ਉਤੇ ਬੈਠਣ ਨਾਲ । ਦੇਵਨੇਤ ਨਾਲ ਇਹ ਦੋਵੇਂ ਘਟਨਾਵਾਂ ਛੇ ਕੁ ਮਹੀਨੇ ਦੇ ਕਾਲਾਂਤਰ ਵਿਚ ਹੀ ਵਾਪਰ ਗਈਆਂ ।

ਗੁਰੂ ਸਾਹਿਬ ਅੰਮ੍ਰਿਤਸਰ ਵਿਚ ਹੀ ਸਨ। 1626 ਈ. ਦਾ ਅਧਾ ਕੁ ਵਰ੍ਹਾ ਹੀ ਲੰਘਿਆ ਸੀ ਕਿ ਲਾਹੌਰ ਤੋਂ ਮੀਆਂ ਮੀਰ ਜੀ ਦਾ ਚੇਲਾ ਅਬਦੁੱਲਾ ਯਾਰ ਸ਼ਾਹ, ਕਾਜ਼ੀ ਰੁਸਤਮ ਖਾਨ ਦੀ ਕਨੀਜ਼ ਨੂੰ ਗੁਰੂ ਸਾਹਿਬ ਕੋਲ ਲੈ ਕੇ ਆਇਆ ਅਤੇ ਆਖਣ ਲੱਗਾ, ''ਇਹ ਬੀਬੀ ਮੀਆਂ ਮੀਰ ਜੀ ਦੀ ਸੰਗਤ ਕਾਰਨ ਮਜ਼ਹਬੀ ਕਟੜਤਾ ਤੋਂ ਮੁਕਤ ਹੋ ਕੇ ਗੁਰੂ ਘਰ ਵਿਚ ਸ਼ਰਧਾ ਰਖਦੀ ਹੈ। ਕਾਜ਼ੀ ਨੂੰ ਇਹ ਪ੍ਰਵਾਨ ਨਹੀਂ ਕਿ ਉਸ ਦੀ ਕਨੀਜ਼ ਮੁਸਲਮਾਨੀ ਸ਼ਰ੍ਹਾ ਸ਼ਰੀਅਤ ਦੀ ਥਾਵੇਂ ਕਿਸੇ ਹੋਰ ਧਰਮ ਨੂੰ ਮੰਨੇ। ਮੋਮਨ ਹੋ ਕੇ ਕਾਫਰ ਉਤੇ ਈਮਾਨ ਲਿਆਵੇ। ਕਾਜ਼ੀ ਨੇ ਇਸ ਨੂੰ ਕਸ਼ਟ ਦੇ ਕੇ ਇਸ ਦੀ ਜ਼ਿੰਦਗੀ ਨਰਕ ਬਣਾ ਰਖੀ ਸੀ। ਉਸ ਨਰਕ ਤੋਂ ਬਚਾਣ ਲਈ ਮੀਆਂ ਮੀਰ ਜੀ ਨੇ ਇਸ ਨੂੰ ਆਪ ਦੀ ਪਨਾਹ ਵਿਚ ਭੇਜਿਆ ਹੈ।'' ਨਿਥਾਵਿਆਂ ਦੀ ਥਾਂ ਅਤੇ ਨਿਆਸਰਿਆਂ ਦੇ ਆਸਰੇ ਗੁਰੂ ਸਾਹਿਬ ਨੇ ਬੀਬੀ ਕੌਲਾਂ ਨੂੰ ਗੁਰੂ ਘਰ ਵਿਚ ਪਨਾਹ ਦਿਤੀ। ਇਸ ਨਾਲ ਲਾਹੌਰ ਵਿਚ ਮਜ਼ਹਬੀ ਤੂਫਾਨ ਉਠ ਖਲੋਤਾ। ਦਿੱਲੀ ਦੇ ਤਖਤ ਉਤੇ ਜਹਾਂਗੀਰ ਹੋਣ ਕਾਰਨ ਲਾਹੌਰ ਦੇ ਕੱਟੜ ਮੁਲਾਣਿਆਂ ਦਾ ਬਹੁਤਾ ਵਸ ਉਥੇ ਨਾ ਚਲਿਆ, ਪਰ ਉਨ੍ਹਾਂ ਕਾਫੀ ਵਾਵੇਲਾ ਮਚਾਇਆ। ਕਾਜ਼ੀ ਆਪ ਵੀ ਆਇਆ, ਪਰ ਗੁਰੂ ਸਾਹਿਬ ਨੇ ਸਮਝਾ ਬੁਝਾ ਕੇ ਵਾਪਸ ਤੋਰ ਦਿਤਾ ਕਿ ਗੁਰੂ ਘਰ ਸ਼ਰਨ ਆਏ ਦੀ ਲਾਜ ਪਾਲਦਾ ਹੈ। ਇਸ ਲਈ ਕੌਲਾਂ ਨੂੰ ਉਸ ਦੀ ਮਰਜ਼ੀ ਦੇ ਖਿਲਾਫ ਲਾਹੌਰ ਨਹੀਂ ਤੋਰਿਆ ਜਾ ਸਕਦਾ। ਕਾਜ਼ੀ ਨੇ ਮੋਮਨ ਕਨੀਜ਼ ਦੁਆਰਾ ਕਾਫਿਰਾਂ ਦੀ ਬਾਣੀ ਪੜ੍ਹਣ ਅਤੇ ਕਾਫਰ ਨੂੰ ਪੀਰ ਮੰਨਣ ਕਾਰਨ ਉਸ ਵਿਰੁਧ ਮੌਤ ਦਾ ਫਤਵਾ ਦੇ ਰੱਖਿਆ ਸੀ। ਇਸ ਲਈ ਕੌਲਾਂ ਅੰਮ੍ਰਿਤਸਰ ਹੀ ਰਹੀ। ਉਸ ਦਾ ਟਿਕਾਣਾ ਕੌਲ ਸਰ ਨੇੜੇ ਕਰਾ ਕੇ ਸਿਖ ਸੈਨਿਕਾਂ ਦਾ ਪਹਿਰਾ ਉਸ ਦੀ ਰੱਖਿਆ ਲਈ ਨਿਸ਼ਚਿਤ

ਕੀਤਾ ਗਿਆ। ਗੁਰਬਿਲਾਸ ਅਨੁਸਾਰ ਜਦੋਂ ਮਾਤਾ ਦਮੋਦਰੀ ਜੀ ਦੇ ਗ੍ਰਹਿ ਵਿਖੇ ਬੇਟੇ ਨੇ ਜਨਮ ਲਿਆ ਤਾਂ ਕੋਲਾਂ ਮੁਬਾਰਕ ਦੇਣ ਆਪ ਘਰ ਗਈ। ਵਾਪਸ ਪਰਤਣ ਉਤੇ ਉਸ ਦੇ ਫਕੀਰ ਮਨ ਵਿਚ ਇਹ ਵਿਚਾਰ ਆਇਆ ਕਿ ਕਾਸ਼ ਮੇਰਾ ਵੀ ਕੋਈ ਬੇਟਾ ਹੁੰਦਾ ਜਿਸ ਨਾਲ ਮੇਰੀ ਯਾਦ ਦੁਨੀਆਂ ਵਿਚ ਰਹਿ ਜਾਂਦੀ। ਇਕ ਦਿਨ ਉਸ ਨੇ ਗੁਰੂ ਸਾਹਿਬ ਕੋਲ ਆਪਣੇ ਮਨ ਦੀ ਇਹ ਉਮੰਗ ਪੇਸ਼ ਕੀਤੀ। ਹਜ਼ੂਰ ਨੇ ਮੁਸਕਰਾ ਕੇ ਕਿਹਾ ...''ਮੀਆਂ ਮੀਰ ਦੀ ਚੇਲੀ ਅਤੇ ਗੁਰੂ ਘਰ ਦੀ ਸੇਵਕਾ ਹੋਣ ਦੇ ਬਾਵਜੂਦ ਤੂੰ ਇਹ ਕਿਵੇਂ ਸੋਚ ਲਿਆ ਕਿ ਔਲਾਦ ਨਾਲ ਤੇਰਾ ਨਾਮ ਅਮਰ ਹੋ ਜਾਵੇਗਾ। ਔਲਾਦ ਦਾ ਕੀ ਹੈ। ਹੋ ਕੇ ਦੁਖ ਵੀ ਦੇ ਸਕਦੀ ਹੈ। ਜੀ ਕੇ ਵੀ ਅਤੇ ਮਰ ਕੇ ਵੀ। ਨਾਲੇ ਇਹ ਔਲਾਦ ਤਾਂ ਇਕ ਦਿਨ ਬਿਨਸ ਹੀ ਜਾਣੀ ਹੈ। ਤੇਰੇ ਨਾਮ ਉਤੇ ਕੋਲਸਰ ਸਰੋਵਰ ਬਣਾਇਆ ਜਾਵੇਗਾ ਜੋ ਤੇਰੇ ਨਾਮ ਨੂੰ ਸਦਾ ਲਈ ਅਮਰ ਕਰ ਦੇਵੇਗਾ।'' ਇੰਜ ਹੀ ਕੀਤਾ ਗਿਆ। ਉਸ ਦੀ ਕੁਟੀਆ ਅਗੇ ਬਣੀ ਕਮਲ ਫੁਲਾਂ ਵਾਲੀ ਢਾਬ ਪੱਕੇ ਕੋਲਸਰ ਸਰੋਵਰ ਵਿਚ ਬਦਲ ਦਿਤੀ ਗਈ।

ਕੋਲਾਂ ਨਾਲ ਜੁੜੇ ਘਟਨਾ ਚੱਕਰ ਨਾਲ ਲਾਹੌਰ ਅਤੇ ਦਿਲੀ ਵਿਚ ਹੋਈ ਘੁਸਰ ਮੁਸਰ ਅਜੇ ਠੰਡੀ ਨਹੀਂ ਸੀ ਹੋਈ ਕਿ 8 ਨਵੰਬਰ 1627 ਈ. ਨੂੰ ਕਸ਼ਮੀਰ ਤੋਂ ਲਾਹੌਰ ਪਰਤਦਾ ਹੋਇਆ ਬੀਮਾਰੀ ਨਾਲ ਪੀੜਿਤ ਜਹਾਂਗੀਰ 'ਭਿੰਬਰ' ਕਿਨਾਰੇ 'ਚੰਗੇਜ਼ ਹੱਟੀ' ਵਿਚ ਅਚਾਨਕ ਅੱਲਾ ਨੂੰ ਪਿਆਰਾ ਹੋ ਗਿਆ। ਇਸ ਨਾਲ ਦਿੱਲੀ ਦੀ ਤਖਤ ਨਸ਼ੀਨੀ ਲਈ ਜੰਗ ਸ਼ੁਰੂ ਹੋ ਗਈ। ਨੂਰ ਜਹਾਂ ਆਪਣੇ ਜਵਾਈ ਸ਼ਹਿਰ ਯਾਰ ਨੂੰ ਤਖਤ ਉਤੇ ਬਿਠਾਉਣਾ ਚਾਹੁੰਦੀ ਸੀ। ਨੂਰ ਜਹਾਂ ਦਾ ਭਰਾ ਆਸਫ਼ ਖਾਨ ਆਪਣੇ ਜਵਾਈ ਸ਼ਾਹਜਹਾ (ਜੋ ਜਹਾਂਗੀਰ ਦਾ ਹੀ ਵੱਡਾ ਪੁਤਰ ਸੀ) ਨੂੰ ਤਖਤ ਉਤੇ ਵੇਖਣਾ ਚਾਹੁੰਦਾ ਸੀ। ਨੂਰ ਜਹਾਂ ਨੇ ਜਹਾਂਗੀਰ ਨੂੰ ਲਾਹੌਰ ਵਿਚ ਦਫਨਾ ਕੇ ਸ਼ਹਿਰਯਾਰ ਦੀ ਬਾਦਸ਼ਾਹਤ ਦਾ ਐਲਾਨ ਕਰ ਦਿਤਾ। ਉਸ ਨੇ ਜਹਾਂਗੀਰ ਦਾ ਭਤੀਜਾ ਮਿਰਜ਼ਾ ਬਾਇਸਤਗਰ ਨਾਲ ਰਲਾ ਲਿਆ। ਸ਼ਾਹ ਜਹਾਨ ਦੂਰ ਦਖਣ ਵਿਚ ਸੀ। ਆਸਿਫ ਖਾਨ ਨੇ ਉਸ ਨੂੰ ਖਬਰ ਭੇਜੀ। ਇਸ ਦੌਰਾਨ ਚਾਲ ਖੇਡ ਕੇ ਉਸ ਕੁਝ ਅਮੀਰ ਵਜ਼ੀਰ ਨਾਲ ਰਲਾਏ ਅਤੇ ਖੁਸਰੋ ਦੇ ਬੇਟੇ ਦਾਵਰ ਬਖਸ਼ ਦੀ ਤਖਤ ਨਸ਼ੀਨੀ ਦਾ ਐਲਾਨ ਕਰ ਦਿਤਾ। ਉਸ ਨੇ ਦਾਵਰ ਬਖਸ਼ ਨੂੰ ਲਾਹੌਰ ਵਲ ਤੋਰਿਆ। ਲਾਹੌਰ ਵਿਚ ਸ਼ਹਰ ਯਾਰ ਨੂੰ ਹਰਾ ਕੇ ਪਹਿਲਾਂ ਨਜ਼ਰਬੰਦ ਅਤੇ ਫਿਰ ਅੰਨ੍ਹਾ ਕਰ ਦਿਤਾ ਗਿਆ। 28 ਜਨਵਰੀ 1628 ਈ. ਨੂੰ ਸ਼ਾਹਜਹਾਂ ਆਗਰੇ ਪੁਜਿਆ। 26 ਫਰਵਰੀ ਨੂੰ 'ਲਾਹੌਰ' ਵਿਚ ਸ਼ਾਹ ਜਹਾਂ ਦੇ ਵਿਰੋਧੀਆਂ ਨੂੰ ਟਿਕਾਣੇ ਲਾ ਕੇ ਆਸਿਫ ਖਾਨ ਵੀ ਆ ਗਿਆ। ਹੁਣ ਸ਼ਾਹਜਹਾਂ ਨੇ ਆਪਣੀ ਬਾਦਸ਼ਾਹਤ ਦਾ ਝੰਡਾ ਖੜਾ ਕੀਤਾ। ਉਸ ਨੇ ਛੇਤੀ ਹੀ ਦਾਵਰ ਬਖਸ਼, ਨੂਰ ਜਹਾਂ, ਦਾਨਿਆਲ ਆਦਿ ਸਭ ਸ਼ਕਤੀਸ਼ਾਲੀ ਵਿਅਕਤੀਆਂ ਨੂੰ ਕਾਬੂ ਕਰ ਲਿਆ। ਕਿਸੇ ਨੂੰ ਕਤਲ ਅਤੇ ਕਿਸੇ ਨੂੰ ਕੈਦ ਕਰ ਕੇ ਉਹ ਤਖਤ ਉਤੇ ਮਜ਼ਬੂਤੀ ਨਾਲ ਕਾਬਿਜ਼ ਹੋ ਗਿਆ। ਮੁਢਲੇ ਦੋ ਵਰ੍ਹੇ ਉਸ ਖਿਲਾਫ ਕਈ ਬਗਾਵਤਾਂ ਹੋਈਆਂ ਜਿਨਾਂ ਨੂੰ ਉਹ ਸਖਤੀ ਨਾਲ ਕੁਚਲਦਾ ਰਿਹਾ। ਇਸੇ ਦੌਰਾਨ ਉਸ ਨੇ ਲਾਹੌਰ ਦੀ ਹਕੂਮਤ ਆਪਣੇ ਸਹੁਰੇ ਆਸਿਫ ਖਾਨ ਨੂੰ ਸੌਂਪੀ ਅਤੇ ਪੰਜਾਬ ਉਤੇ ਕਰੜੀ ਨਜ਼ਰ ਰਖਣ ਦਾ ਹੁਕਮ ਦਿਤਾ।

ਗੁਰੂ ਹਰਿਗੋਬਿੰਦ ਸਾਹਿਬ ਦੇਸ਼ ਦੇ ਰਾਜਨੀਤਿਕ ਦ੍ਰਿਸ਼ ਵਿਚ ਆ ਰਹੀਆਂ ਇਨ੍ਹਾਂ ਤਬਦੀਲੀਆਂ ਉਤੇ ਤਿਖੀ ਨਜ਼ਰ ਰੱਖ ਰਹੇ ਸਨ। ਆਸਿਫ ਖਾਨ ਨੇ ਪਹਾੜੀ ਰਾਜਿਆਂ ਨੂੰ ਲਾਹੌਰ ਬੁਲਾਇਆ ਅਤੇ ਸ਼ਾਹ ਜਹਾਂ ਨੂੰ ਖਿਰਾਜ ਭਰਨ ਤੇ ਸਲਾਮੀ ਦੇਣ ਲਈ ਆਖਿਆ। 'ਮੰਡੀ', 'ਸਾਕੇਤ', 'ਬਿਲਾਸਪੁਰ', 'ਨੂਰਪੁਰ', 'ਨਾਲਾਗੜ੍ਹ', ਆਦਿ ਦੇ ਪਹਾੜੀ ਰਾਜਿਆਂ ਨੇ ਖਿਰਾਜ ਭਰਿਆ। ਵਾਪਸ ਜਾਂਦੇ ਸਮੇਂ ਜਦੋਂ ਉਹ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਆਏ ਤਾਂ ਆਪ ਨੇ ਉਨ੍ਹਾਂ ਨੂੰ ਤਕੜੇ ਹੋਣ ਲਈ ਪ੍ਰੇਰਿਆ। ਆਪ ਨੇ ਕਿਹਾ ਝੁਕਦੇ ਨੂੰ ਹਰ ਕੋਈ ਝੁਕਾਉਂਦਾ ਹੈ। ਇਵੇਂ ਸਿਰ ਸੁਟੋਗੇ ਤਾਂ ਦਿਨੋ ਦਿਨ ਗੁਲਾਮੀ ਦੇ ਸੰਗਲ ਹੋਰ ਪੀਡੇ ਹੋਣਗੇ। ਦਿੱਲੀ ਤੁਹਾਡੇ ਉਤੇ ਹੋਰ ਸਖਤੀ ਕਰੇਗੀ। ਰਾਜਿਆਂ ਨੂੰ ਕੁਝ ਹੌਸਲਾ ਹੋਇਆ। ਉਨ੍ਹਾਂ ਗੁਰੂ ਜੀ ਨੂੰ ਲਾਹੌਰ ਤੋਂ ਦੂਰ ਆਪਣਾ ਇਕ ਅਜੇਹਾ ਟਿਕਾਣਾ ਸਥਾਪਿਤ ਕਰਨ ਲਈ ਬੇਨਤੀ ਕੀਤੀ ਜਿਥੇ ਉਹ ਵੇਲੇ ਕੁਵੇਲੇ ਛੇਤੀ ਅਤੇ ਸੌਖੇ ਹੀ ਗੁਰੂ ਸਾਹਿਬ ਨਾਲ ਸੰਪਰਕ ਕਰ ਕੇ ਮਦਦ ਹਾਸਿਲ ਕਰ ਸਕਣ। ਉਨ੍ਹਾਂ ਆਪਣੇ ਇਲਾਕੇ ਵਿਚ ਯੋਗ ਸੰਥਾਨ ਦੇਣ ਦੀ ਪੇਸ਼ਕਸ਼ ਕੀਤੀ। ਗੁਰੂ ਸਾਹਿਬ ਨੇ ਨਵਾਂ ਸਿਖ ਕੇਂਦਰ ਸਥਾਪਤ ਕਰਨ ਲਈ ਥਾਂ ਚੁਣਨ ਦੀ ਜ਼ਿੰਮੇਵਾਰੀ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿਤਾ ਜੀ ਨੂੰ ਸੌਂਪੀ ਅਤੇ ਉਨ੍ਹਾਂ ਨੂੰ ਰਾਜਿਆਂ ਦੇ ਨਾਲ ਹੀ ਤੋਰ ਦਿਤਾ।

ਬਾਬਾ ਗੁਰਦਿਤਾ ਜੀ ਨੇ 'ਹੰਡੂਰ' ਦੀ ਜੂਹ ਨੂੰ ਸਿਖ ਲਹਿਰ ਦੇ ਨਵੇਂ ਕੇਂਦਰ ਵਜੋਂ ਚੁਣਿਆ ਅਤੇ ਗੁਰੂ ਸਾਹਿਬ ਨੂੰ ਸੰਦੇਸ਼ ਭੇਜਿਆ। ਇਹ ਸਥਾਨ ਜਰਨੈਲੀ ਸੜਕ ਤੋਂ ਦੂਰ ਸੀ। ਪਹਾੜੀ ਰਾਜਿਆਂ ਅਤੇ ਜੰਗਲਾਂ ਨਾਲ ਘਿਰਿਆ ਇਹ ਖਿੱਤਾ ਯੁਧ-ਨੀਤਕ ਪਖ ਤੋਂ ਵੀ ਉਚਿਤ ਸੀ। ਇਸ ਕਾਰਜ ਲਈ ਵਰਤੀ ਜਾਣ ਵਾਲੀ ਚਾਰ ਪਿੰਡਾਂ ਦੀ ਜ਼ਮੀਨ 'ਕਹਿਲੂਰ' ਦੇ ਰਾਜਾ ਕਲਿਆਣ ਚੰਦ ਨੇ ਦੇ ਦਿਤੀ। ਹੁਣ ਨਗਰ ਦੀ ਮੋੜ੍ਹੀ ਗੱਡਣੀ ਸੀ। ਗੁਰੂ ਸਾਹਿਬ ਨੇ ਇਸ ਕਾਰਜ ਲਈ ਬਾਬਾ ਸ੍ਰੀ ਚੰਦ ਜੀ ਨੂੰ ਚੁਣਿਆ। ਗੁਰੂ ਸਾਹਿਬ ਆਪ 'ਬਾਰਠ' (ਪਠਾਨਕੋਟ) ਵਿਖੇ ਬਾਬਾ ਜੀ ਦੇ ਡੇਰੇ ਗਏ। ਨਾਲ ਬਾਬਾ ਗੁਰਦਿਤਾ ਜੀ ਸਨ। ਸਿਖ ਪਰੰਪਰਾ ਵਿਚ ਇਹ ਪ੍ਰਸਿਧ ਹੈ ਕਿ ਆਪ ਦੀ ਸ਼ਕਲ ਸੂਰਤ ਤੇ ਮੁਹਾਂਦਰਾ ਗੁਰੂ ਨਾਨਕ ਦੇਵ ਜੀ ਨਾਲ ਮਿਲਦਾ ਜੁਲਦਾ ਸੀ। ਬਾਬਾ ਸ੍ਰੀ ਚੰਦ ਜੀ ਆਪ ਨੂੰ ਬੜੇ ਆਦਰ ਨਾਲ ਮਿਲੇ। ਗੱਲਾਂ ਗੱਲਾਂ ਵਿਚ ਬਾਬਾ ਜੀ ਨੇ ਪ੍ਰਸ਼ਨ ਕੀਤਾ—ਕਹਿ ਪੁਰਖਾ ਕੇਤਕ ਹੈਂ ਨੰਦ। ਭਾਵ ਔਲਾਦ ਕਿੰਨੀ ਹੈ। ਸਤਿਗੁਰੂ ਨੇ ਦਸਿਆ ਕਿ ਚਾਰ ਸਪੁਤਰ ਤੇ ਇਕ ਸਪੁਤਰੀ ਹੈ। ਇਕ ਚੜ੍ਹਾਈ ਕਰ ਗਿਆ ਹੈ। ਬਾਬਾ ਜੀ ਨੇ ਮੁਸਕਰਾ ਕੇ ਪੁੱਛਿਆ—ਕੀ ਕੋਈ ਸਾਡੇ ਲਈ ਵੀ ਹੈ? ਗੁਰੂ ਸਾਹਿਬ ਨੇ ਕਿਹਾ ਸਾਰੇ ਹੀ ਤੁਹਾਡੇ ਹਨ। ਜਿਸ ਨੂੰ ਜੀ ਚਾਹੇ ਲੈ ਲਓ। ਸ੍ਰੀ ਚੰਦ ਜੀ ਨੇ ਬਾਬਾ ਗੁਰਦਿਤਾ ਜੀ ਨੂੰ ਆਪਣੇ ਲਈ ਮੰਗਿਆ ਅਤੇ ਕਿਹਾ—ਇਹ ਤੁਹਾਡਾ ਵੀ ਟਿੱਕਾ ਤੇ ਸਾਡਾ ਵੀ ਟਿੱਕਾ। ਇਕ ਸੌ ਦਸ ਵਰ੍ਹੇ ਦੀ ਤਪਸਿਆ ਤੁਹਾਡੀ ਹੀ ਝੋਲੀ ਪਾ ਰਿਹਾ ਹਾਂ। ਇਸ ਉਪਰੰਤ ਗੁਰੂ ਜੀ ਨੇ ਬਾਬਾ ਜੀ ਨੂੰ ਨਵੇਂ ਨਗਰ ਦੀ ਮੋੜ੍ਹੀ ਗੱਡਣ ਦਾ ਆਪਣਾ ਮਨੋਰਥ ਦਸਿਆ। ਬਾਬਾ ਜੀ ਬੜੇ ਪ੍ਰਸੰਨ ਹੋਏ। ਵਿਸਾਖ ਸੁਦੀ ਚੌਥ 1687 ਬਿਕਰਮੀ (1630 ਈ.) ਨੂੰ ਜ਼ਮੀਨ ਗੁਰੂ ਸਾਹਿਬ ਨੂੰ ਸੌਂਪੀ ਗਈ ਅਤੇ ਦਸ ਦਿਨ ਬਾਅਦ ਨਵੇਂ ਨਗਰ ਦੀ ਮੋੜ੍ਹੀ ਗਡਣ ਦੀ ਰਸਮ ਬਾਬਾ ਸ੍ਰੀ ਚੰਦ ਜੀ ਨੇ

ਨੇਪਰੀ ਚਾੜ੍ਹੀ। ਬਾਬਾ ਗੁਰਦਿਤਾ ਜੀ ਨੇ ਨਗਰ ਵਸਾਣ ਲਈ ਬੜੀ ਮਿਹਨਤ ਕੀਤੀ। 'ਕੀਰਤਪੁਰ ਸਾਹਿਬ' ਦੀ ਨੀਂਹ ਰੱਖ ਕੇ ਬਾਬਾ ਜੀ ਇਥੇ ਹੀ ਟਿਕ ਗਏ। ਕੁਝ ਮਹੀਨੇ ਬਾਦ ਮਾਘ ਸੁਦੀ ਏਕਮ 1687 ਬਿਕਰਮੀ (1630 ਈ.) ਵਿਚ ਆਪ ਇਹ ਪੰਚ-ਭੂਤਕ ਸਰੀਰ ਤਿਆਗ ਗਏ।

ਸ਼ਾਹ ਜਹਾਨ ਨੇ ਤਖਤ ਉਤੇ ਬਹਿ ਕੇ ਸੰਪਰਦਾਇਕ ਪੱਖੋਂ ਕੱਟੜ ਨਜ਼ਰੀਆ ਧਾਰਨ ਕੀਤਾ। ਉਸ ਨੇ ਫਰਮਾਨ ਜਾਰੀ ਕੀਤੇ ਕਿ ਮੁਸਲਮਾਨਾਂ ਤੋਂ ਬਿਨਾਂ ਕਿਸੇ ਨੂੰ ਵੀ ਧਰਮ ਪ੍ਰਚਾਰ ਅਤੇ ਤਬਲੀਗ ਦੀ ਆਗਿਆ ਨਾ ਦਿਤੀ ਜਾਵੇ। ਅਧੂਰੇ ਅਤੇ ਤਾਜ਼ੇ ਬਣੇ ਮੰਦਰ ਢਾਹ ਦਿਤੇ। ਨਵੇਂ ਮੰਦਰਾਂ ਦੀ ਉਸਾਰੀ ਬੰਦ ਕਰਵਾ ਦਿਤੀ। ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਇਕੱਲੇ 'ਬਨਾਰਸ' ਵਿਚ 76 ਮੰਦਰ ਢਾਹੇ ਗਏ। ਲਖਾਂ ਗਰੀਬ ਹਿੰਦੂ ਮੁਸਲਮਾਨ ਬਣਾ ਲਏ ਗਏ। ਹਿੰਦੂਆਂ ਦੀ ਇਜ਼ਤ ਦੌਲਤ ਅਤੇ ਅਣਖ ਲੁਟੀ ਜਾਂਦੀ। ਕੋਈ ਕਿਸੇ ਦੀ ਫਰਿਆਦ ਨਾ ਸੁਣਦਾ। ਲਾਹੌਰ ਦੀ ਬਉਲੀ ਸਾਹਿਬ ਢਾਹ ਦਿਤੀ ਗਈ। ਗੁਰੂ ਸਾਹਿਬ ਸਮਝ ਗਏ ਕਿ ਅਗਲਾ ਹੱਲਾ ਹੁਣ ਅੰਮ੍ਰਿਤਸਰ ਉਤੇ ਹੋਵੇਗਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਸੁਚੇਤ ਅਤੇ ਸੰਗਠਿਤ ਕੀਤਾ। ਉਨ੍ਹਾਂ ਨੂੰ ਘੋੜਿਆਂ ਅਤੇ ਸ਼ਸਤਰਾਂ ਨਾਲ ਲੈਸ ਕੀਤਾ। ਸ਼ਸਤਰ ਬਹੁਤੇ ਤਲਵਾਰ, ਖੰਡਾ, ਨੇਜ਼ਾ, ਸੇਲਾ, ਸਫਾ ਜੰਗ, ਖੰਜਰ, ਢਾਲ ਆਦਿ ਸਨ। ਬੰਦੂਕ ਦੀ ਵਰਤੋਂ ਬਹੁਤ ਘੱਟ ਸੀ। ਤੋਪ ਦੀ ਵਰਤੋਂ ਵੀ ਸ਼ੁਰੂ ਹੋ ਚੁਕੀ ਸੀ ਪਰ ਉਸ ਵਿਚ ਗੋਲੇ ਨਹੀਂ, ਬਾਰੂਦ ਪੈਂਦਾ ਸੀ। ਜੰਗ ਦੇ ਮੈਦਾਨ ਵਿਚ ਫੁਰਤੀਲੇ ਅਤੇ ਸ਼ਕਤੀਸ਼ਾਲੀ ਘੋੜੇ ਬੜੀ ਵਡੀ ਦੌਲਤ ਮੰਨੇ ਜਾਂਦੇ ਸਨ। ਗੁਰੂ ਸਾਹਿਬ ਨੇ ਇਨ੍ਹਾਂ ਸਾਰੇ ਸਾਧਨਾਂ ਨਾਲ ਸਿਖਾਂ ਨੂੰ ਲੈਸ ਕਰ ਕੇ ਅੰਮ੍ਰਿਤਸਰ, ਹਰਿਗੋਬਿੰਦਪੁਰ ਅਤੇ ਕਰਤਾਰਪੁਰ ਨੂੰ ਫੌਜੀ ਛਾਉਣੀਆਂ ਵਾਂਗ ਵਿਕਸਿਤ ਕਰ ਦਿਤਾ।

ਆਸਿਫ ਖਾਨ ਬਹੁਤ ਥੋੜ੍ਹੀ ਦੇਰ 'ਲਾਹੌਰ' ਰਿਹਾ। ਉਸ ਦੀ ਥਾਂ ਕੁਲੀਜ ਖਾਨ ਲਾਹੌਰ ਦਾ ਗਵਰਨਰ ਥਾਪਿਆ ਗਿਆ। ਮੁਖਲਿਸ ਖਾਨ ਨੂੰ ਉਸ ਦਾ ਫੌਜਦਾਰ ਬਣਾਇਆ ਗਿਆ। 'ਜਲੰਧਰ' ਦੇ ਅਬਦੁਲਾ ਖਾਨ ਦੇ ਪੁੱਤਰ ਅਤੇ ਲਾਹੌਰ ਦਾ ਕਾਜ਼ੀ ਰੁਸਤਮ ਖਾਨ, ਮੁਖ਼ਲਿਸ ਖਾਨ ਕੋਲ ਗੁਰੂ ਸਾਹਿਬ ਵਿਰੁਧ ਕੰਨ ਭਰਨ ਵਾਲਿਆਂ ਦੇ ਮੋਹਰੀ ਬਣੇ। ਆਪ ਵਿਰੁਧ ਭੰਡੀ ਪ੍ਰਚਾਰ ਦਾ ਮੁਹਾਜ਼ ਬੱਝ ਗਿਆ। ਨੂਰਜਹਾਂ ਬੇਬਸ ਸੀ। ਵਜ਼ੀਰ ਖਾਨ ਕਮਜ਼ੋਰ ਪੈ ਚੁੱਕਾ ਸੀ। ਵਾਤਾਵਰਣ ਤਨਾਓ ਪੂਰਨ ਹੋ ਗਿਆ। ਨਿਕੀ ਜੇਹੀ ਚਿੰਗਾੜੀ ਹੀ ਭਾਂਬੜ ਭੜਕਾਣ ਲਈ ਕਾਫੀ ਸੀ। ਹਾਲਾਤ ਨੇ ਵਿਸਾਖੀ ਦੇ ਮੌਜ ਮੇਲੇ ਦੇ ਦਿਨਾਂ ਵਿਚ ਇਹ ਚਿੰਗਾੜੀ ਵੀ ਸੁੱਟ ਦਿਤੀ।

ਹੋਇਆ ਇਹ ਕਿ ਮੌਜ ਮੇਲੇ ਲਈ ਸ਼ਿਕਾਰ ਨੂੰ ਨਿਕਲੇ ਸਿਖ ਗਭਰੂ 'ਗੁਮਟਾਲੇ' ਦੀ ਰੱਖ (ਸੈਂਕਚੂਅਰੀ) ਵਿਚ ਜਾ ਵੜੇ। ਇਸ ਰੱਖ ਵਿਚ ਆਮ ਕਰਕੇ ਸ਼ਾਹੀ ਸੈਨਿਕ ਹੀ ਸ਼ਿਕਾਰ ਖੇਡਦੇ ਸਨ। ਆਮ ਆਦਮੀ ਇਸ ਰੱਖ ਵਿਚ ਦਾਖਲ ਹੋਣ ਦੀ ਹਿੰਮਤ ਘੱਟ ਹੀ ਕਰਦੇ ਸਨ। ਉਸ ਦਿਨ ਵੀ ਸ਼ਾਹੀ ਸੈਨਿਕ ਇਥੇ ਸ਼ਿਕਾਰ ਖੇਡ ਰਹੇ ਸਨ। ਸਿੱਖਾਂ ਨੇ ਵੇਖਿਆ ਕਿ ਇਕ ਬਾਜ਼ ਬਾਰ ਬਾਰ ਆਕਾਸ਼ ਵਿਚ ਜਾਂਦਾ ਹੈ ਅਤੇ ਤਾਰੀ ਲਾ ਕੇ ਕੋਈ ਸ਼ਿਕਾਰ ਥੱਲੇ ਸੁੱਟ ਦਿੰਦਾ ਹੈ। ਫਿਰ ਉਸ ਨੂੰ ਚੁਕ ਕੇ ਮੁੜ ਉਪਰ ਓਠਦਾ ਹੈ ਅਤੇ

ਫਿਰ ਤੜਫਾ ਕੇ ਥਲੇ ਸੁੱਟ ਦਿੰਦਾ ਹੈ । ਇਸ ਤਰ੍ਹਾਂ ਉਸ ਨੂੰ ਸ਼ਿਕਾਰ ਦੀ ਥਾਂ ਮਾਸੂਮ ਪਰਿੰਦਿਆਂ ਨੂੰ ਤੜਫਾ ਕੇ ਖੇਡਾਂ ਕਰਨ ਲਈ ਵਰਤਿਆ ਜਾ ਰਿਹਾ ਹੈ । ਉਨ੍ਹਾਂ ਆਪਣਾ ਬਾਜ਼ ਛੱਡ ਕੇ ਸ਼ਾਹੀ ਬਾਜ਼ ਨੂੰ ਥੱਲੇ ਸੁੱਟ ਲਿਆ ਅਤੇ ਕਾਬੂ ਕਰ ਲਿਆ। ਸ਼ਾਹੀ ਸੈਨਿਕਾਂ ਨੇ ਬਾਜ਼ ਮੰਗਿਆ ਤਾਂ ਸਿਖਾਂ ਨੇ ਉਸ ਨੂੰ ਆਪਣੇ ਸ਼ਿਕਾਰ ਦੀ ਪ੍ਰਾਪਤੀ ਕਹਿ ਕੇ ਬਾਜ਼ ਮੋੜਨ ਤੋਂ ਸਾਫ ਇਨਕਾਰ ਕਰ ਦਿਤਾ । ਹੰਕਾਰੇ ਹੋਏ ਸਿਪਾਹੀਆਂ ਨੇ ਸ਼ਾਹੀ ਸੈਂਕਚੁਅਰੀ ਵਿਚ ਵੜਕੇ ਨਜਾਇਜ਼ ਕੰਮ ਕਰਨ ਦਾ ਦੋਸ਼ ਲਾ ਕੇ ਸਿੱਖਾਂ ਨੂੰ ਬੁਰਾ ਭਲਾ ਬੋਲਿਆ ਅਤੇ ਬਾਜ਼ ਖੋਹਣ ਦੇ ਮਾੜੇ ਨਤੀਜਿਆਂ ਦੀ ਧਮਕੀ ਦਿਤੀ । ਸਿਖ ਇਨ੍ਹਾਂ ਧਮਕੀਆਂ ਤੋਂ ਕਦੋਂ ਡਰਦੇ ਸਨ । ਉਨ੍ਹਾਂ ਸਿਪਾਹੀਆਂ ਨੂੰ ਕੁੱਟ ਮਾਰ ਕੇ ਭਜਾ ਦਿਤਾ ਅਤੇ ਬਾਜ਼ ਲੈ ਕੇ ਡੇਰੇ ਨੂੰ ਪਰਤ ਆਏ । ਮੀਰ ਸ਼ਿਕਾਰ ਨੇ ਕੁਲੀਜ਼ ਖਾਨ ਕੋਲ ਸ਼ਿਕਾਇਤ ਕੀਤੀ ਕਿ ਸਿਖਾਂ ਨੂੰ ਸਿੱਧਾ ਕਰਨਾ ਚਾਹੀਦਾ ਹੈ । ਅੱਜ ਬਾਜ਼ ਨੂੰ ਹੱਥ ਪਿਆ ਹੈ । ਕਲ ਤਾਜ ਨੂੰ ਪਏਗਾ । ਕੁਲੀਜ਼ ਖਾਨ ਨੇ ਮੁਖਲਿਸ ਖਾਨ ਨੂੰ ਗੁਰੂ ਸਾਹਿਬ ਨਾਲ ਨਿਬੜਣ ਦਾ ਹੁਕਮ ਦਿਤਾ ।

ਇਧਰ ਅੰਮ੍ਰਿਤਸਰ ਵਿਚ ਬੀਬੀ ਵੀਰੋ ਜੀ ਦੇ ਵਿਆਹ ਦੀ ਤਿਆਰੀ ਹੋ ਰਹੀ ਸੀ । ਵੇਲੇ ਕੁਵੇਲੇ ਦੂਰੋਂ ਨੇੜਿਉਂ ਸੰਗਤਾਂ ਆ ਰਹੀਆਂ ਸਨ । ਕਾਬਲ ਦੀ ਸੰਗਤ, ਲੰਗਰ ਤੋਂ ਪੱਛੜ ਕੇ ਪੁੱਜੀ ਤਾਂ ਗੁਰੂ ਸਾਹਿਬ ਨੇ ਮਹਿਲਾਂ ਵਿਚ ਸੰਦੇਸ਼ ਭੇਜਿਆ ਕਿ ਲੰਗਰ ਦਾ ਸਮਾਂ ਨਹੀਂ । ਸੰਗਤ ਲਈ ਮਠਿਆਈ ਭੇਜ ਦਿਓ । ਗੁਰ ਬਿਲਾਸ ਅਨੁਸਾਰ ਮਾਤਾ ਜੀ ਨੇ ਸੁਭਾਵਕ ਹੀ ਕਹਿ ਭੇਜਿਆ : "ਸਗਨ ਕੀਏ ਬਿਨ ਦੀਓ ਨਾ ਜਾਇ ।" ਭਾਵ ਸਗਨਾਂ ਦੀ ਮਿਠਾਈ ਹੈ। ਸਗਨਾਂ ਤੋਂ ਪਹਿਲਾਂ ਇਹ ਵਰਤਨੀ ਠੀਕ ਨਹੀਂ ਜਾਪਦੀ । ਭਾਈ ਸੰਤੋਖ ਸਿੰਘ ਜੀ ਅਨੁਸਾਰ ਮਹਾਰਾਜ ਨੇ ਬਚਨ ਕੀਤਾ ਕਿ ਜੋ ਮਿਠਾਈ ਗੁਰੂ ਦੇ ਪ੍ਰੇਮੀ ਸਿਖਾਂ ਨੂੰ ਖਾਣ ਲਈ ਨਹੀਂ ਦਿਤੀ ਗਈ, ਉਹ ਹੁਣ ਬਰਾਤੀ ਨਹੀਂ ਦੁਸ਼ਮਣ ਹੀ ਖਾਣਗੇ । ਉਨ੍ਹਾਂ ਨੂੰ ਪਲ ਪਲ ਦੀਆਂ ਖਬਰਾਂ ਰਹਿੰਦੀਆਂ ਸਨ । ਬਾਜ਼ ਵਾਲੀ ਘਟਨਾ ਦੀ ਗੰਭੀਰਤਾ ਨੂੰ ਵੀ ਉਹ ਸਮਝਦੇ ਸਨ । ਉਨ੍ਹਾਂ ਸਿਖਾਂ ਨੂੰ ਜੁਧ ਲਈ ਮੋਰਚੇਬੰਦੀ ਕਰਨ ਨੂੰ ਆਖਿਆ । ਕੁਝ ਸਿੱਖਾਂ ਨੇ ਕਿਹਾ ਕਿ ਸਾਨੂੰ ਦਰਬਾਰ ਸਾਹਿਬ ਦੀ ਮੋਰਚਾਬੰਦੀ ਕਰ ਕੇ ਲੜਨਾ ਚਾਹੀਦਾ ਹੈ।

ਗੁਰੂ ਸਾਹਿਬ ਨੇ ਕਿਹਾ :

ਸੁਧਾਸਰ ਹਮ ਯੁਧ ਨਾ ਚਾਹੇਂ ।
ਆਵੇ ਤੁਰਕ ਅਦਬ ਰਹਿ ਨਾਹੇਂ ।[1]

ਆਪ ਨੇ ਬੀਬੀ ਵੀਰੋ ਜੀ ਅਤੇ ਪਰਿਵਾਰ ਨੂੰ ਭਾਈ ਬਾਬਕ ਜੀ ਨਾਲ 'ਝੁਬਾਲ' ਭੇਜ ਕੇ ਬਰਾਤ ਨੂੰ ਅੰਮ੍ਰਿਤਸਰ ਦੀ ਥਾਂ 'ਝੁਬਾਲ' ਪੁੱਜਣ ਦਾ ਸੰਦੇਸ਼ ਭੇਜ ਦਿਤਾ। ਪਰਿਵਾਰ ਨੂੰ ਝੁਬਾਲ ਤੋਰ ਕੇ ਆਪ ਨੇ ਕਹਿ ਦਿਤਾ ਕਿ ਉਡੀਕਣਾ ਨਾਂਹ 'ਬੀਬੀ ਕੇ ਦੇਣੇ ਤਹਿ ਫੇਰੇ' । ਇਧਰੋਂ ਵਿਹਲੇ ਹੋ ਆਪ ਨੇ ਸਿਖ ਸੈਨਿਕਾਂ ਨੂੰ ਨਾਲ ਲੈ ਕੇ

1. ਕਥਾ ਪੁਰਾਤਨ ਇਉਂ ਸੁਣੀ, ਜਲੰਧਰ, 1991, ਪੰ. 91

ਲਾਹੌਰੋਂ ਆਉਣ ਵਾਲੇ ਲਸ਼ਕਰ ਨੂੰ ਸ਼ਹਿਰੋਂ ਬਾਹਰ ਹੀ ਰੋਕਣ ਦਾ ਫੈਸਲਾ ਕੀਤਾ। ਆਪ ਉਥੇ ਜਾ ਡਟੇ ਜਿਥੇ ਅਜ ਕਲ੍ਹ ਖਾਲਸਾ ਕਾਲਜ ਹੈ। ਭੱਟ ਵਹੀਆਂ ਇਸ ਜੰਗ ਦੀ ਮਿਤੀ 17 ਵਿਸਾਖ ਸੰਮਤ 1691 (ਸੰਨ 1634) ਦਿੰਦੀਆਂ ਹਨ ਜਦ ਕਿ ਪ੍ਰਿੰ: ਸਤਿਬੀਰ ਸਿੰਘ[1] ਇਹ ਜੰਗ 15 ਮਈ 1629 ਨੂੰ ਹੋਈ ਦਸਦੇ ਹਨ। ਭਟ ਵਹੀ ਮੁਲਤਾਨੀ ਸਿੰਧੀ ਦੀ ਇਕ ਟੂਕ ਇਸ ਜੰਗ ਬਾਰੇ ਕੁਝ ਮਹੱਤਵਪੂਰਨ ਸੂਚਨਾ ਇਉਂ ਪੇਸ਼ ਕਰਦੀ ਹੈ :

> ਬੱਲੂ ਬੇਟਾ ਮੂਲੇ ਕਾ...ਸਾਲ ਸੋਲਾਂ ਸੈ ਇਕਾਨਵੇਂ ਵਿਸਾਖ ਪ੍ਰਵਿਸ਼ਟੇ ਸਤਾਰਾਂ 'ਗੁਰੂ ਚੱਕ' ਕੇ ਮਲਾਹਨ, ਗੁਰੂ ਕਾ ਬਚਨ ਪਾਇ, ਸਾਹਮੇਂ ਮਾਥੇ ਰਣ ਮੇਂ ਮੁਰਤਜ਼ਾ ਖਾਂ ਕੋ ਮਾਰ ਕੇ ਮਰਾ। ਗੈਲੋਂ ਕੀਰਤ ਬੇਟਾ ਭਿਖੇ ਕਾ...ਮਾਰਾ ਗਿਆ।

ਕੁਝ ਵੀ ਹੋਵੇ ਸਾਰੇ ਇਤਿਹਾਸਕਾਰ ਇਸ ਨਾਲ ਸਹਿਮਤ ਹਨ ਕਿ ਇਹ ਜੰਗ ਜਹਾਂਗੀਰ ਦੀ ਮੌਤ ਉਪਰੰਤ ਬਦਲੀਆਂ ਹੋਈਆਂ ਰਾਜਨੀਤਕ ਪਰਿਸਥਿਤੀਆਂ ਵਿਚ ਸ਼ਾਹਜਹਾਂ ਦੇ ਰਾਜ ਕਾਲ ਵਿਚ ਹੋਈ। ਸ਼ਾਹੀ ਫੌਜਾਂ ਦੀ ਸੂਹ ਲੈਣ ਲਈ ਪਿਪਲੀ ਸਾਹਿਬ ਕੋਲ ਸਿੱਖਾਂ ਦਾ ਦਸਤਾ ਤੈਨਾਤ ਸੀ। ਮੁਗਲ ਫੌਜਾਂ ਦੇ ਅਗਲੇ ਦਸਤੇ ਦੀ ਪਹਿਲੀ ਟੱਕਰ ਉਸੇ ਨਾਲ ਹੋਈ। ਭਾਈ ਬਿਧੀ ਚੰਦ ਨੇ ਇਸ ਟੱਕਰ ਦੀ ਅਗਵਾਈ ਕੀਤੀ। ਜੰਮ ਕੇ ਲੜਾਈ ਹੋਈ। ਸੂਰਜ ਪ੍ਰਕਾਸ਼ ਗ੍ਰੰਥ ਅਨੁਸਾਰ ਸੂਰਮੇ ਖੂਨ ਵਿਚ ਰੰਗੇ ਇਉਂ ਦਿਸਦੇ ਸਨ ਜਿਵੇਂ ਹੋਲੀ ਖੇਡ ਕੇ ਹਟੇ ਹੋਣ। ਸ਼ਾਹੀ ਦਸਤੇ ਦੀ ਅਗਵਾਈ ਕਰ ਰਹੇ ਸ਼ਮਸ ਖਾਨ ਦੇ ਪੈਰ ਉਖੜਣ ਲਗੇ। ਉਸ ਦੀ ਮਦਦ ਲਈ ਅਨਵਰ ਖਾਨ ਕੁਮਕ ਲੈ ਕੇ ਅਪੜਿਆ। ਉਹ ਵੀ ਸ਼ਮਸ ਖਾਨ ਨੂੰ ਬਚਾਅ ਨਾ ਸਕਿਆ ਅਤੇ ਉਹ ਭਾਈ ਭਾਨਾ ਜੀ ਹਥੋਂ ਮਾਰਿਆ ਗਿਆ। ਮੁਗਲਾਂ ਵਲੋਂ ਅਗਲਾ ਲੜਾਕੂ ਸਰਦਾਰ ਸਈਅਦ ਮੁਹੰਮਦ ਅਲੀ ਨਿਕਲਿਆ ਜਿਸ ਨੂੰ ਭਾਈ ਸਿੰਘਾ ਨੇ ਰੋਕਿਆ। ਦੋਵੇਂ ਯੋਧੇ ਦਵੰਦ ਯੁਧ ਵਿਚ ਮਾਰੇ ਗਏ। ਸਿਖਾਂ ਵਲੋਂ ਹੁਣ ਪੈਂਦੇ ਖਾਨ ਅਗੇ ਆਇਆ ਜਿਸ ਨੇ ਤਾਹਰ ਬੇਗ ਅਤੇ ਕਾਲੇ ਖਾਨ ਜਹੇ ਸੂਰਮਿਆਂ ਦੀ ਅਗਵਾਈ ਵਿਚ ਅਗੇ ਵਧ ਰਹੀ ਮੁਗਲ ਸੈਨਾ ਦਾ ਹੜ੍ਹ ਰੋਕਿਆ। ਗੁਰੂ ਸਾਹਿਬ ਇਸ ਸਮੇਂ ਕਿਲ੍ਹਾ ਗੋਬਿੰਦਗੜ੍ਹ ਵਿਚ ਸਨ। ਇਸ ਲਈ ਮੁਖਲਿਸ ਖਾਨ ਨੇ ਕਿਲੇ ਉਤੇ ਹਮਲਾ ਕੀਤਾ। ਇਕ ਖੋਖਲੇ ਅਤੇ ਸੁਕੇ ਰੁਖ ਨੂੰ ਖੇਮ ਕਰਨ ਦੇ ਮੋਹਰੀ ਨਾਂ ਦੇ ਕਾਰੀਗਰ ਨੇ ਅਜੇਹੀ ਤੋਪ ਦਾ ਰੂਪ ਦਿਤਾ ਜੋ ਰੋੜੇ ਪੱਥਰ ਸੁਟ ਸਕਦੀ ਸੀ। ਇਸ ਨਾਲ ਮੁਗਲ ਸੈਨਾਂ ਉਤੇ ਰੋੜਿਆਂ ਦਾ ਮੀਂਹ ਵਰ੍ਹਾ ਕੇ ਉਸ ਨੂੰ ਪਿਛੇ ਧਕਿਆ ਗਿਆ। ਮਖਲਿਸ ਖਾਨ ਨੇ ਗੁਰੂ ਸਾਹਿਬ ਨੂੰ ਚੁਪਾਸਿਉਂ ਘੇਰਨ ਦੇ ਮੰਤਵ ਨਾਲ ਇਕ ਦਸਤਾ 'ਬਿਬੇਕ ਸਰ' ਵਾਲੇ ਪਾਸਿਉਂ ਹੱਲਾ ਕਰਨ ਲਈ ਵੀ ਤੋਰ ਦਿਤਾ। ਸ਼ਾਮਾਂ ਢਲ ਰਹੀਆਂ ਸਨ ਜਦ ਕਿਲ੍ਹੇ ਉਤੇ ਤਕੜਾ ਹੱਲਾ ਹੋਇਆ। ਗੁਰੂ ਸਾਹਿਬ ਕਿਲੇ ਅੰਦਰ ਤੀਰ ਚਲਾ ਰਹੇ

---

1. ਗੁਰ ਭਾਰੀ, ਪੰ. ਯੂ. ਪਟਿਆਲਾ, 1994, ਪੰਨਾ 84.

ਸਨ। ਕਿਲ੍ਹੇ ਤੇ ਟੁੱਟ ਕੇ ਪੈ ਰਹੇ ਹਜੂਮ ਨੂੰ ਵੇਖ ਕੇ ਪੈਂਦੇ ਖਾਨ, ਭਾਈ ਜਤੀਮਲ, ਭੀਖਣ, ਭੀਮਾ, ਮਹਿਤਾ ਤੇ ਤਖਤੂ, ਹੋਰਾਂ ਸਮੇਤ ਇਧਰ ਆਏ । ਇਥੇ ਹੋਈ ਤਕੜੀ ਲੜਾਈ ਵਿਚ ਭਾਈ ਕੀਰਤ, ਨਿਹਾਲਾ, ਅਨੰਤਾ ਤੇ ਤਿਲੋਕਾ ਜੀ ਸ਼ਹੀਦ ਹੋਏ। ਮੁਖਲਿਸ ਖਾਨ ਦੇ ਸਾਥੀਆਂ ਵਿਚੋਂ ਅਲੀਬੇਗ, ਬਹਾਦਰ ਖਾਨ ਕਸੂਰੀ ਅਤੇ ਮੁਰਤਜ਼ਾ ਖਾਨ ਵੀ ਮਾਰੇ ਗਏ। ਮੁਰਤਜ਼ਾ ਖਾਨ ਨੂੰ ਭਾਈ ਬਲੂ ਅਤੇ ਭਾਈ ਕੀਰਤ ਨੇ ਮਾਰਿਆ। ਮਰਦੇ ਫੌਜੀਆਂ ਅਤੇ ਘਟਦੇ ਦਸਤਿਆਂ ਨੂੰ ਵੇਖ ਉਹ ਹੈਰਾਨ ਹੋ ਕੇ ਸਾਥੀਆਂ ਨੂੰ ਵੰਗਾਰ ਰਿਹਾ ਸੀ—ਗਾਜ਼ੀਓ, ਤੁਸੀਂ ਸੂਰਮਿਆਂ ਦੀ ਔਲਾਦ ਹੋ। ਉਧਰ ਫਕੀਰਾਂ ਦਾ ਟੋਲਾ ਹੈ। ਉਨ੍ਹਾਂ ਇਕ ਤਕੜੇ ਹਲੇ ਨਾਲ ਕਿਲ੍ਹੇ ਦੀ ਦੀਵਾਰ ਡੇਗ ਦਿਤੀ। ਹਨੇਰਾ ਹੋਣ ਕਾਰਨ ਜੰਗ ਰੁਕ ਗਈ।

ਰਾਤ ਨੂੰ ਸਿਖਾਂ ਨੇ ਦੀਵਾਰ ਮੁੜ ਬਣਾਈ।[1] ਇਸੇ ਦੌਰਾਨ 'ਕੇਥੋਵਾਲ' ਦੇ ਸਿੱਖ ਗਭਰੂ ਗੁਰੂ ਸਾਹਿਬ ਦਾ ਸਾਥ ਦੇਣ ਲਈ ਨਿਤਰੇ । ਮੁਖਲਿਸ ਖਾਨ ਨੇ ਸਲਾਮਤ ਖਾਨ, ਸੁਲਤਾਨ ਬੇਗ, ਦੀਦਾਰ ਅਲੀ, ਮਿਰਜ਼ਾ ਤਾਹਿਰ ਬੇਗ ਤੇ ਨਵਾਬ ਕਾਲੇ ਖਾਨ ਜੌਨਪੁਰੀ ਦੇ ਜਥਿਆਂ ਨਾਲ ਅਗਲੀ ਸਵੇਰ ਮੁੜ ਯੁਧ ਸ਼ੁਰੂ ਕੀਤਾ। ਗੁਰੂ ਸਾਹਿਬ ਆਪ ਕਿਲ੍ਹੇ ਤੋਂ ਬਾਹਰ ਆ ਕੇ ਲੜੇ। ਪੈਂਦੇ ਖਾਨ ਅਤੇ ਬਿਧੀ ਚੰਦ ਨੇ ਵੀ ਖੂਬ ਹੱਥ ਵਿਖਾਏ। ਸੁਲਤਾਨ ਬੇਗ ਨੇ ਭਾਈ ਬਿਧੀ ਚੰਦ ਉਤੇ ਨੇਜ਼ੇ ਦਾ ਵਾਰ ਕੀਤਾ। ਇਸ ਨੂੰ ਉਹ ਬਚਾ ਗਏ । ਉਨ੍ਹਾਂ ਸੁਲਤਾਨ ਬੇਗ ਨੂੰ ਸੁੱਟ ਲਿਆ । ਪੈਂਦੇ ਖਾਨ ਨੇ ਦੀਦਾਰ ਅਲੀ ਨੂੰ ਮਾਰ ਮੁਕਾਇਆ। ਮਿਰਜ਼ਾ ਤਾਹਿਰ ਬੇਗ, ਮੌਲਵੀ ਰਮਜ਼ਾਨ, ਇਸਮਾਈਲ ਖਾਨ ਅਤੇ ਮੁਰਤਜ਼ਾ ਖਾਨ ਜਹੇ ਬਹਾਦਰ ਸਾਥੀਆਂ ਦੇ ਮਾਰੇ ਜਾਣ ਉਤੇ ਮੁਖਲਿਸ ਖਾਨ ਬੜਾ ਕ੍ਰੋਧਿਤ ਹੋਇਆ। ਉਸ ਨੇ ਗੁਰੂ ਸਾਹਿਬ ਨੂੰ ਸਿਧਾ ਆਪਣਾ ਨਿਸ਼ਾਨਾ ਬਣਾਉਣਾ ਚਾਹਿਆ। ਉਸ ਨੇ ਘੋੜਾ ਗੁਰੂ ਸਾਹਿਬ ਦੇ ਸਾਹਮਣੇ ਲਿਆ ਖਲ੍ਹਾਰਿਆ ਤੇ ਗੁਰੂ ਸਾਹਿਬ ਨੂੰ ਦਵੰਦ-ਯੁਧ ਲਈ ਵੰਗਾਰਿਆ। ਰਿਵਾਜ ਮੁਤਾਬਕ ਦੋ ਯੋਧਿਆਂ ਦੇ ਦਵੰਦ-ਯੁਧ ਲਈ ਬਾਕੀ ਸੈਨਿਕ ਪਿਛੇ ਹਟ ਗਏ । ਗੁਰ ਬਿਲਾਸ ਅਨੁਸਾਰ ਮੁਖਲਿਸ ਖਾਨ ਨੇ ਕਿਹਾ ਕਿ ਦਿੱਲੀ ਦੇ ਤਖਤ ਦੇ ਟਾਕਰੇ ਤੇ ਤੁਸੀਂ ਕੀ ਬੱਚਿਆਂ ਵਾਂਗ ਆਪਣਾ ਤਖਤ ਰਚ ਲਿਆ ਹੈ । ਨਾ ਕੋਈ ਰਾਜ ਹੈ, ਨਾ ਮੁਲਕ । ਪਾਤਸ਼ਾਹ ਕਹਾਂਦੇ ਹੋ।

ਦਿੱਲੀ ਪਤ ਹੈ ਤਖਤ ਕਾ ਮਾਲਕ ।
ਤੁਮ ਕਤ ਕਰਾ ਤਖਤ ਜਿਮ ਬਾਲਕ ।

ਗੁਰੂ ਸਾਹਿਬ ਨੇ ਕਿਹਾ ਕਿ ਸਾਡਾ ਪਾਤਸ਼ਾਹ ਅਕਾਲ ਪੁਰਖ ਹੈ ਜੋ ਸਭ ਤੋਂ ਸ਼ਕਤੀਸ਼ਾਲੀ ਹੈ। ਤੁਹਾਡਾ ਬਾਦਸ਼ਾਹ ਨਾਸ਼ਵਾਨ ਹੈ। ਅਸੀਂ ਤੁਹਾਡਾ ਤਾਜ ਬਾਜ਼ ਸਭ ਲੈ ਕੇ ਸਿੱਖਾਂ ਨੂੰ ਦੇ ਦੇਣੇ ਹਨ :

ਤਾਜ ਬਾਜ ਤੁਮਰੇ ਸਭ ਲੇਨੇ ।
ਤਿਨ ਸਿਖਨ ਕੋ ਹਮ ਸਭ ਦੇਨੇ ।

ਨਾਸਵੰਤ ਤੁਮਰਾ ਹੈ ਸਾਹੁ ।
ਅਬਿਨਾਸੀ ਹੈ ਮਮ ਪਾਤਸ਼ਾਹ ।[1]

ਇਸ ਨਾਲ ਦਵੰਦ-ਯੁਧ ਸ਼ੁਰੂ ਹੋ ਗਿਆ । ਗੁਰੂ ਜੀ ਦੇ ਪਹਿਲੇ ਹੀ ਤੀਰ ਨਾਲ ਖਾਨ ਦਾ ਘੋੜਾ ਮਾਰਿਆ ਗਿਆ । ਗੁਰੂ ਜੀ ਵੀ ਆਪਣੇ ਘੋੜੇ ਤੋਂ ਉਤਰ ਆਏ । ਮੁਖਲਿਸ ਖਾਨ ਨੇ ਤੀਰਾਂ ਦੀ ਥਾਂ ਤਲਵਾਰ ਬਾਜ਼ੀ ਲਈ ਵੰਗਾਰਿਆ । ਗੁਰੂ ਸਾਹਿਬ ਨੇ ਉਸ ਦੀ ਵੰਗਾਰ ਪ੍ਰਵਾਨ ਕੀਤੀ ਅਤੇ ਪਹਿਲਾ ਵਾਰ ਕਰਨ ਨੂੰ ਕਿਹਾ । ਮੁਖਲਿਸ ਖਾਨ ਨੇ ਵਾਰ ਕੀਤਾ ਜਿਸ ਨੂੰ ਪੈਂਤੜਾ ਬਦਲ ਕੇ ਗੁਰੂ ਸਾਹਿਬ ਨੇ ਬਚਾ ਲਿਆ । ''ਇਕ ਹੋਰ''—ਗੁਰੂ ਸਾਹਿਬ ਨੇ ਮੁਸਕਰਾ ਕੇ ਆਖਿਆ । ਉਸ ਨੇ ਕ੍ਰੋਧ ਵਿਚ ਦੂਜਾ ਵਾਰ ਕੀਤਾ ਇਸ ਨੂੰ ਗੁਰੂ ਜੀ ਨੇ ਢਾਲ ਉਤੇ ਰੋਕਿਆ । ਵਾਰ ਰੋਕਣ ਲਈ ਵੰਗਾਰਦੇ ਹੋਏ ਇਕੋ ਭਰਵੇਂ ਵਾਰ ਨਾਲ ਗੁਰੂ ਜੀ ਨੇ ਉਸ ਨੂੰ ਚਿੱਤ ਕਰ ਦਿਤਾ । ਸਰਦਾਰ ਨੂੰ ਡਿਗਦਾ ਦੇਖ ਕੇ ਫੌਜਾਂ ਭਜ ਨਿਕਲੀਆਂ । ਗੁਰੂ ਸਾਹਿਬ ਲੋਹ ਗੜ੍ਹ ਪੁੱਜੇ ਜਿਥੇ ਚੋਦਾਂ ਸਿਖ, ਮੁਗਲਾਂ ਦੇ ਦੋ ਵਡੇ ਜਥਿਆਂ ਨੇ ਉਲਝਾਏ ਹੋਏ ਸਨ । ਜਦੋਂ ਜਿਤ ਦੇ ਨਗਾਰੇ ਵਜਾਂਦੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਇਧਰ ਵਧੇ ਤਾਂ ਮੁਗਲ ਇਥੋਂ ਵੀ ਦੌੜ ਗਏ । ਕਿਲ੍ਹੇ ਅੰਦਰ ਪੁੱਜੇ ਤਾਂ ਭਾਈ ਗੁਪਾਲਾ ਜੀ ਤੇ ਭਾਈ ਮੋਹਣ ਜੀ ਆਖਰੀ ਸਾਹ ਲੈ ਰਹੇ ਸਨ । ਆਪ ਨੇ ਉਨ੍ਹਾਂ ਦਾ ਲਹੂ ਆਪਣੇ ਰੁਮਾਲ ਨਾਲ ਪੂੰਝਿਆ । ਪਿਆਰ ਨਾਲ ਕੁਝ ਮੰਗਣ ਲਈ ਆਖਿਆ । ਗੁਰ ਬਿਲਾਸ ਅਨੁਸਾਰ ਉਨਾਂ ਕੇਵਲ ਇਹੀ ਕਿਹਾ :

ਦੇਹ ਅਨਿਤ ਸਦਾ ਥਿਰ ਨਾਹੀਂ । ਰਾਜ ਭੋਗ ਸਭ ਨਾਸ ਦਿਖਾਹੀਂ ।
ਮਨ ਭਾਵਤ ਸਭ ਕੋ ਵਰ ਦੀਜੈ । ਸਦ ਹਮ ਕੋ ਨਿਜ ਸੰਗ ਰਖੀਜੈ ।
ਜਹਾਂ ਅਵਤਾਰ ਪ੍ਰਭੂ ਤੁਮ ਧਰੋ । ਨਿਜ ਸੇਵਕ ਹਮ ਕੋ ਤੁਮ ਕਰੋ ।[2]

ਸਾਡੇ ਪ੍ਰਾਣ ਗੁਰੂ ਚਰਨਾਂ ਵਿਚ ਨਿਕਲਣ । ਹੋਰ ਕਿਸੇ ਸ਼ੈਅ ਦੀ ਇੱਛਾ ਨਹੀਂ ।

ਗੁਰੂ ਸਾਹਿਬ ਨੇ ਆਪ ਜ਼ਖਮੀਆਂ ਦੀ ਸੰਭਾਲ ਕੀਤੀ । ਸ਼ਹੀਦਾਂ ਦਾ ਸਸਕਾਰ ਕਰਵਾਇਆ ਅਤੇ ਝੁਬਾਲ ਚਲੇ ਗਏ ਜਿਥੇ ਚੋਧਰੀ ਲੰਗਾਹ ਦੀ ਹਵੇਲੀ ਵਿਚ ਬੀਬੀ ਵੀਰੋ ਜੀ ਦਾ ਵਿਆਹ ਹੋ ਰਿਹਾ ਸੀ । ਬੀਬੀ ਨੂੰ ਵਿਦਾ ਕਰ ਕੇ ਪਰਿਵਾਰ ਸਮੇਤ ਗੁਰੂ ਸਾਹਿਬ ਮਾਲਵੇ ਵਲ ਚਲੇ ਗਏ । ਉਨ੍ਹਾਂ ਨੂੰ ਪਤਾ ਸੀ ਕਿ ਅੰਮ੍ਰਿਤਸਰ ਅਜੇ ਵੀ ਸੁਰੱਖਿਅਤ ਨਹੀਂ ਹੈ । ਹੋਰ ਟੱਕਰਾਂ ਹੋਣੀਆਂ ਹੀ ਹੋਣੀਆਂ ਹਨ ।

ਅੰਮ੍ਰਿਤਸਰ ਦੀ ਇਸ ਮੁਹਿੰਮ ਵਿਚ ਲਾਹੋਰ ਦਰਬਾਰ ਨੂੰ ਜੋ ਨਮੋਸ਼ੀ ਅਤੇ ਨੁਕਸਾਨ ਝੱਲਣਾ ਪਿਆ ਉਸ ਦੀਆਂ ਖਬਰਾਂ ਸ਼ਾਹਜਹਾਂ ਨੂੰ ਪੁੱਜੀਆਂ ਤਾਂ ਉਹ ਬਹੁਤ ਨਾਰਾਜ਼ ਹੋਇਆ । ਉਸ ਨੇ ਤੁਰਤ ਕੁਲੀਜ਼ ਖਾਨ ਨੂੰ ਅਹੁਦੇ ਤੋਂ ਹਟਾ ਦਿਤਾ ਅਤੇ ਅਨਾਇਤ ਉਲਾ ਖਾਨ ਏਜ਼ਦੀ ਨੂੰ ਉਸ ਦੀ ਥਾਂ ਲਾਹੋਰ ਦਾ ਗਵਰਨਰ ਥਾਪ ਦਿਤਾ ।

1. ਗੁਰਬਿਲਾਸ ਪਾ. 6, (1972) ਪੰਨਾ 450
2. ਉਹੀ, ਪੰ: 454

ਅਧਿਆਇ 11

ਸਾਲ ਸੋਲਾਂ ਸੈ ਇਕਾਨਵੇਂ ਪੋਖ ਪ੍ਰਵਿਸ਼ਟ

ਅੰਮ੍ਰਿਤਸਰ ਦੀ ਜੰਗ ਉਪਰੰਤ ਗੁਰੂ ਸਾਹਿਬ ਮਾਲਵੇ ਵਲ ਨਿਕਲੇ। 'ਤਰਨਤਾਰਨ' ਦੇ ਰਸਤੇ ਹੁੰਦੇ ਹੋਏ ਹਰੀਕੇ ਪਤਨ ਪਾਰ ਕਰ ਕੇ ਆਪ 'ਡਰੋਲੀ' ਪੁਜੇ। ਡਰੋਲੀ ਗੁਰੂ ਜੀ ਲਈ ਨਵਾਂ ਨਹੀਂ ਸੀ। 'ਨਾਨਕ ਮੱਤੇ' ਜਾਣ ਤੋਂ ਬਾਅਦ ਵੀ ਇਥੇ ਭਾਈ ਸਾਈਂ ਦਾਸ ਜੀ ਪਾਸ ਟਿਕੇ ਸਨ। ਹੁਣ ਫਿਰ ਭਾਈ ਕਲਿਆਣ ਜੀ ਤੇ ਭਾਈ ਸਾਈਂ ਦਾਸ ਜੀ ਆਪ ਦੀ ਸੇਵਾ ਵਿਚ ਹਾਜ਼ਿਰ ਸਨ। ਰੋਜ਼ ਕਥਾ ਕੀਰਤਨ ਹੁੰਦਾ। ਦੀਵਾਨ ਸਜਦੇ। ਇਥੇ ਹੀ ਗੁਰੂ ਕੇ ਮਹਿਲ ਮਾਤਾ ਦਮੋਦਰੀ ਜੀ ਅਕਾਲ ਪੁਰਖ ਦੇ ਚਰਨਾਂ ਵਿਚ ਬਿਰਾਜੇ। ਖਬਰ ਸੁਣ ਕੇ ਮਾਝੇ ਦੀਆਂ ਸੰਗਤਾਂ ਵੀ ਆਈਆਂ ਤੇ ਭਾਰੀ ਇਕੱਠ ਹੋਇਆ। ਬਾਬਾ ਬੁਢਾ ਜੀ ਮਾਘ ਸੁਦੀ ਚੋਥ 1688 ਬਿ. ਮੁਤਾਬਕ, 1631 ਈ. ਨੂੰ ਸਚਖੰਡ ਬਿਰਾਜ ਚੁਕੇ ਸਨ। ਅੰਮ੍ਰਿਤਸਰ ਅਤੇ 'ਗੋਇੰਦਵਾਲ' ਦੀ ਸੇਵਾ ਸੰਭਾਲ ਹੁਣ ਭਾਈ ਗੁਰਦਾਸ ਜੀ ਦੇ ਜ਼ਿੰਮੇ ਸੀ। ਗੁਰੂ ਸਾਹਿਬ ਨੇ ਇਕ ਵਾਰ ਮੁੜ ਮੁਕਤ ਮਨ ਨਾਲ ਵਿਚਰਨ ਦਾ ਫੈਸਲਾ ਕੀਤਾ। ਇਸ ਲਈ ਆਪ ਨੇ ਮਾਤਾ ਨਾਨਕੀ ਜੀ ਨੂੰ ਬਾਬਾ ਗੁਰਦਿਤਾ ਜੀ ਅਤੇ ਸਾਹਿਬਜ਼ਾਦਾ ਤੇਗ ਬਹਾਦਰ ਜੀ ਨਾਲ ਕਰਤਾਰ ਪੁਰ ਤੋਰ ਦਿਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਉਨ੍ਹਾਂ ਨੂੰ ਸੌਂਪ ਦਿਤੀ। ਭਾਈ ਪੈੜਾ ਅਤੇ ਭਾਈ ਭਗਤੂ ਆਦਿ ਸੌ ਕੁ ਸਿਖ ਨਾਲ ਦਿਤੇ ਤੇ ਕਿਹਾ ਕਿ ਆਪ ਇਲਾਕੇ ਵਿਚ ਪ੍ਰਚਾਰ ਦਾ ਡੰਕਾ ਵਜਾਓ। ਇੰਜ ਆਪ ਪਰਿਵਾਰ ਤੋਂ ਵਿਹਲੇ ਹੋ ਕੇ, 'ਕੁਇਰ ਵਾਲੇ, 'ਡਮਰਾ',' 'ਰੋਡੇ', 'ਲੰਡੇ' 'ਗਿੱਲ', ਕੋੜੇ' 'ਭੁਲਰਾਂ' ਆਦਿ ਪਿੰਡਾਂ ਵਿਚੋਂ ਹੁੰਦੇ ਹੋਏ 'ਮਾੜੀ' ਪਿੰਡ ਪੁਜੇ। 'ਮਾੜੀ' ਵਿਚ ਚੋਧਰੀ ਮਰਾਝ ਸਿੱਧੂ ਤੇ ਉਸ ਦੇ ਪੁਤਰ ਨੇ ਆਪ ਨੂੰ ਜੀ ਆਇਆਂ ਕਿਹਾ। ਇਹ ਲੋਕ ਆਪ ਭਾਵੇਂ ਉਜੜੇ ਪੁਜੜੇ ਖਾਨਾ ਬਦੋਸ਼ਾਂ ਵਾਂਗ ਦਿਨ ਕਟੀ ਕਰ ਰਹੇ ਸਨ ਪਰ ਇਨ੍ਹਾਂ ਨੇ ਗੁਰੂ ਸਾਹਿਬ ਦਾ ਬੜਾ ਆਦਰ ਕੀਤਾ। ਪ੍ਰੇਮ ਨਾਲ ਸੇਵਾ ਕੀਤੀ। ਗੁਰੂ ਜੀ ਨੇ ਪ੍ਰਸੰਨ ਹੋ ਕੇ ਵਰ ਮੰਗਣ ਲਈ ਕਿਹਾ ਤਾਂ ਉਨ੍ਹਾਂ ਬੇਨਤੀ ਕੀਤੀ ਕਿ ਜੇ ਆਪ ਤੁੱਠੇ ਹੋ ਤਾਂ ਸਿਖੀ ਬਖਸ਼ੋ। ਸਤਿਗੁਰਾਂ ਨੇ ਪ੍ਰਸੰਨ ਹੋ ਕੇ ਮੁੜ ਕੁਝ ਮੰਗਣ ਨੂੰ ਕਿਹਾ ਤਾਂ ਮਰਾਝ ਕੇ ਸਿਧੂਆਂ ਨੇ ਆਖਿਆ—ਸਾਡਾ ਜੀਣਾ ਕੋੜੇ ਭੁੱਲਰਾਂ ਨੇ ਦੂਭਰ ਕਰ ਰਖਿਆ ਹੈ। ਉਜੜੇ ਫਿਰਦੇ ਹਾਂ। ਇਹ ਸਾਡੀਆਂ ਨੂੰਹਾਂ ਧੀਆਂ ਨੂੰ ਵੀ ਟਿਚਕਰਾਂ ਕਰਦੇ ਹਨ। ਸਾਨੂੰ ਉਜਾੜ ਕੇ ਕੱਢ ਰੱਖਿਆ ਹੈ। ਸਾਡੇ ਵਸਣ ਲਈ ਸਾਨੂੰ ਇਨ੍ਹਾਂ ਤੋਂ ਕੁਝ ਥਾਂ ਲੈ ਦਿਓ।

ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਧੂਆਂ ਦੀ ਦੁਰਦਸ਼ਾ ਵੇਖ ਕੇ ਭੁਲਰਾਂ ਦੇ ਮੁਖੀ

ਬੁਲਾਏ ਅਤੇ ਕਿਹਾ ਕਿ ਤੁਸੀਂ ਇਨ੍ਹਾਂ ਦੇ ਵਸਣ ਲਈ ਕੁਝ ਜ਼ਮੀਨ ਦਿਓ। ਚੋਧਰੀ ਲਾਲ, ਬਘੇਲਾ, ਦਾਤੂ ਤੇ ਦੋਲਾ, ਭੁਲਰਾਂ ਦੇ ਮੋਹਰੀ ਸਨ। ਉਨ੍ਹਾਂ ਨੇ ਕੋਰੀ ਨਾਂਹ ਕਰ ਦਿਤੀ। ਗੁਰੂ ਸਾਹਿਬ ਨੇ ਤਿੰਨ ਵਾਰ ਉਨ੍ਹਾਂ ਨੂੰ ਜ਼ਮੀਨ ਦੇ ਕੇ ਮਰਾੜਕਿਆਂ ਨਾਲ ਨਿਆਂ ਕਰਨ ਲਈ ਆਖਿਆ, ਪਰ ਉਹ ਬਿਲਕੁਲ ਨਾ ਮੰਨੇ। ਇਹ ਸਥਿਤੀ ਵੇਖ ਕੇ ਮਰਾੜਕਿਆਂ ਨੂੰ ਗੁਰੂ ਸਾਹਿਬ ਨੇ ਕਿਹਾ—ਠੀਕ ਹੈ। ਤੁਸੀਂ ਸਮਾਨ ਗੱਡਿਆਂ ਉਤੇ ਲੱਦ ਕੇ ਤੁਰ ਪਓ। ਜਿਥੇ ਸੂਰਜ ਡੁਬੇ ਉਥੇ ਹੀ ਡੇਰਾ ਲਾ ਕੇ ਮੋਹੜੀ ਗੱਡ ਦਿਓ। ਉਹ ਸਾਰੀ ਧਰਤੀ ਤੁਹਾਡੀ ਹੀ ਹੋਵੇਗੀ। ਉਸ ਤੋਂ ਤੁਹਾਨੂੰ ਕੋਈ ਹਿਲਾਵੇ ਤਾਂ ਅਸੀਂ ਆਪੇ ਵੇਖ ਲਵਾਂਗੇ। ਮਰਾੜ ਕੇ ਸਿੱਧੂ ਗੁਰੂ ਸਾਹਿਬ ਦੇ ਬਚਨ ਮੰਨ ਕੇ ਤੁਰ ਪਏ। ਉਨ੍ਹਾਂ ਸੂਰਜ ਛੁਪੇ ਗੱਡੇ ਰੋਕੇ ਅਤੇ ਮੋੜ੍ਹੀ ਗੱਡ ਕੇ ਪਿੰਡ ਦਾ ਨਾਮ ਮਰਾੜ ਰਖ ਦਿਤਾ। ਰਾਤੋ ਰਾਤ ਦਰਖਤ ਕਟ ਕੇ ਵਾੜ ਕਰ ਲਈ। ਦਿਨ ਚੜ੍ਹੇ ਭੁੱਲਰਾਂ ਨੂੰ ਪਤਾ ਲੱਗਾ। ਉਹ ਠੰਢੇ ਤਤੇ ਹੋਏ। ਧਮਕੀਆਂ ਦੇਣ ਲਗੇ। ਮਰਾੜ ਕੇ ਗੁਰੂ ਸਾਹਿਬ ਦੇ ਆਸਰੇ ਨਾ ਡਰੇ। ਭੁੱਲਰਾਂ ਨੇ ਬੰਦੇ ਇਕਠੇ ਕੀਤੇ ਅਤੇ ਮਰਾੜ ਉਤੇ ਚੜ੍ਹਾਈ ਕਰ ਦਿਤੀ। ਗੁਰੂ ਸਾਹਿਬ ਨੂੰ ਸੰਦੇਸ਼ ਮਿਲਿਆ ਤਾਂ ਉਨ੍ਹਾਂ ਨਿਤਾਣੇ ਨਿਥਾਵੇਂ ਸਿਧੂਆਂ ਦੀ ਮਦਦ ਵਾਸਤੇ ਭਾਈ ਬਿਧੀ ਚੰਦ, ਭਾਈ ਜੈਤਾ, ਭਾਈ ਜੇਠਾ ਅਤੇ ਪਿਰਾਣਾ ਆਦਿ ਮੁਖੀਆਂ ਦੀ ਅਗਵਾਈ ਵਿਚ ਆਪਣੇ ਸ਼ਸਤਰਧਾਰੀ ਨੌਜੁਆਨ ਭੇਜ ਦਿਤੇ। ਭੁਲਰ ਇਨ੍ਹਾਂ ਦੇ ਮੁਕਾਬਲੇ ਵਿਚ ਟਿਕ ਨਾ ਸਕੇ ਅਤੇ ਦੌੜ ਗਏ। ਉਨ੍ਹਾਂ ਦਾ ਜਵਾਈ ਜੈਦ ਪੁਰਾਣਾ ਬੜਾ ਤਕੜਾ ਰਾਠ ਤੇ ਯੋਧਾ ਸੀ। ਭਾਵੇਂ ਉਹ ਆਪ ਸਿਧੂ ਸੀ, ਪਰ ਵਿਆਹਿਆ ਉਹ ਭੁਲਰਾਂ ਵਿਚ ਹੋਇਆ ਸੀ। ਭੁਲਰਾਂ ਨੇ ਉਸ ਨੂੰ ਮਦਦ ਲਈ ਲਿਆ ਅਤੇ ਤਕੜੀ ਵਾਹਰ ਫਿਰ ਮਰਾੜ ਤੇ ਲਿਆ ਚੜ੍ਹਾਈ। ਗੁਰੂ ਸਾਹਿਬ ਨੂੰ ਪਤਾ ਲੱਗਾ ਤਾਂ ਹੁਣ ਉਹ ਆਪ ਆਏ ਤੇ ਸਿਧੂਆਂ ਦੇ ਮੁਖੀ ਕਾਲੇ ਅਤੇ ਮੋਹਨ ਨੂੰ ਹੌਂਸਲਾ ਦਿਤਾ। ਇਸ ਹੌਂਸਲੇ ਨਾਲ ਸਿੱਧੂ ਨਵੀਂ ਵਾਹਰ ਨਾਲ ਡਟ ਕੇ ਲੜੇ ਅਤੇ ਜੈਦ ਵੀ ਕਾਲੇ ਹਥੋਂ ਮਾਰਿਆ ਗਿਆ। ਵਾਹਰ ਕੁਝ ਮਾਰੀ ਗਈ ਅਤੇ ਕੁਝ ਦੌੜ ਗਈ। 'ਮਰਾੜ' ਪਕੇ ਪੈਰੀਂ ਖਲੋ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਆਪ ਨੂੰ ਸੰਦੇਸ਼ ਮਿਲਿਆ ਕਿ 'ਡਰੋਲੀ' ਵਿਚ ਭਾਈ ਸਾਈਂ ਦਾਸ ਅਤੇ ਉਨ੍ਹਾਂ ਦੀ ਪਤਨੀ ਰਾਮੋ ਜੀ ਸਰੀਰ ਤਿਆਗ ਗਏ ਹਨ। ਆਪ ਦਰਾਜ, ਢਬਲੀ, ਭਦੌੜ, ਮਾਹਲ ਆਦਿ ਹੁੰਦੇ ਹੋਏ ਵਾਪਸ ਡਰੋਲੀ ਪੁਜੇ। ਪਿਆਰੇ ਭਾਈ ਸਾਈਂ ਦਾਸ ਜੀ ਅਤੇ ਮਾਤਾ ਰਾਮੋ ਜੀ ਦੀਆਂ ਅੰਤਿਮ ਰਸਮਾਂ ਵਿਚ ਹਿਸਾ ਲਿਆ। ਜਦੋਂ ਆਪ ਵਾਪਸ ਮਾਲਵੇ ਵਲ ਪਰਤਨ ਲਗੇ ਤਾਂ ਸੰਗਤਾਂ ਨੇ ਬੇਨਤੀ ਕੀਤੀ—ਭਾਈ ਸਾਈਂ ਦਾਸ ਅਤੇ ਮਾਤਾ ਰਾਮੋ ਜੀ (ਭਾਈ ਸਾਹਿਬ ਰਿਸ਼ਤੇ ਵਿਚੋਂ ਗੁਰੂ ਜੀ ਦੇ ਸਾਂਢੂ ਸਨ।) ਦੇ ਦਰਸ਼ਨ ਕਰ ਕੇ ਅਸੀਂ ਗੁਰੂ ਚਰਨਾਂ ਨਾਲ ਜੁੜੇ ਰਹਿੰਦੇ ਸਾਂ। ਸਾਨੂੰ ਆਪ ਦੀ ਨੇੜਤਾ ਦਾ ਆਸਰਾ ਬਣਿਆ ਰਹਿੰਦਾ ਸੀ। ਹੁਣ ਅਸੀਂ ਕਿਸ ਆਸਰੇ ਜੀਵਨ ਬਤੀਤ ਕਰਾਂਗੇ। ਗੁਰੂ ਸਾਹਿਬ ਨੇ ਗੁਰਬਾਣੀ ਦੀ ਇਕ ਪੋਥੀ ਅਤੇ ਕਟਾਰ ਬਖਸ਼ੀ। ਆਪ ਨੇ ਕਿਹਾ ਬਾਣੀ ਦੇ ਪਾਠ ਅਤੇ ਦਰਸ਼ਨ ਦੀਦਾਰ ਸਤਿਗੁਰੂ ਨਾਨਕ ਦੇ ਦਰਸ਼ਨ ਹਨ। ਜਦੋਂ ਮੁਸ਼ਕਿਲ ਪਵੇ ਇਸ ਕਟਾਰ ਨੂੰ ਵੇਖਣਾ ਅਤੇ ਸ਼ਸਤਰਾਂ ਦਾ ਆਸਰਾ ਲੈਣਾ। ਗੁਰੂ

ਹਮੇਸ਼ਾਂ ਤੁਹਾਡੇ ਅੰਗ ਸੰਗ ਹੈ। ਇੰਜ ਡਰੋਲੀ ਨੂੰ ਭਗਤੀ ਅਤੇ ਸ਼ਕਤੀ ਦਾ ਸੰਦੇਸ਼ ਦੇ ਕੇ ਆਪ ਮੁੜ ਮਾਲਵੇ ਨੂੰ ਨਿਕਲ ਪਏ।

ਆਪ ਹੁਣ 'ਮਦੋ', 'ਲੋਪੋ' ਅਤੇ 'ਸਿਧਵਾਂ' ਵਿਚ ਵਿਚਰਦੇ ਹੋਏ ਸਿਧਾਰ ਜਾ ਟਿਕੇ। ਇਹ ਇਲਾਕਾ ਉਨ੍ਹਾਂ ਦਿਨਾਂ ਵਿਚ ਸਖੀ ਸਰਵਰ ਸੁਲਤਾਨੀਆਂ ਦੇ ਜਾਲ ਵਿਚ ਫਸਿਆ ਹੋਇਆ ਸੀ। ਰਾਇ ਜੋਧ ਜੋ ਤਕੜਾ ਧਾਲੀਵਾਲ ਜਟ ਸੀ ਇਨ੍ਹਾਂ ਦਾ ਮੁਖੀ ਸੀ। ਉਹ ਪੂਰੇ ਢੋਲ ਢਮਕੇ ਨਾਲ ਸੁਲਤਾਨੀਆਂ ਦੇ ਕਰਮ ਕਾਂਡ ਵਿਚ ਸ਼ਾਮਲ ਹੁੰਦਾ। ਗੁਰੂ ਸਾਹਿਬ ਦੇ ਸਰਲ ਅਤੇ ਪ੍ਰਭਾਵਸ਼ਾਲੀ ਜੀਵਨ ਮਾਰਗ ਦੀ ਖੁਸ਼ਬੂ ਨੇ ਉਸ ਨੂੰ ਕੁਝ ਹੀ ਦਿਨਾਂ ਵਿਚ ਇਕ ਅਕਾਲ ਪੁਰਖ ਨਾਲ ਜੋੜ ਦਿਤਾ। ਸਭ ਵਹਿਮਾਂ ਭਰਮਾਂ ਤੋਂ ਮੁਕਤ ਕਰ ਦਿਤਾ। ਉਹ ਆਪਣੇ ਸਾਰੇ ਭਾਈਚਾਰੇ ਅਤੇ ਸਾਥੀਆਂ ਨਾਲ ਸੰਤ-ਸਿਪਾਹੀ ਗੁਰੂ ਦਾ ਦਿਲ ਜਾਨ ਨਾਲ ਸ਼ਰਧਾਲੂ ਬਣ ਗਿਆ।

ਸੁਧਾਰ ਵਿਚ ਗੁਰੂ ਸਾਹਿਬ ਦੇ ਕਿਆਮ ਦੌਰਾਨ ਇਕ ਦਿਨ 'ਕਾਬਲ' ਵਲੋਂ ਸੰਗਤਾਂ ਆਈਆਂ। ਇਨ੍ਹਾਂ ਦੇ ਮੁਖੀਆਂ ਭਾਈ ਬਖਤ ਮਲ ਅਤੇ ਭਾਈ ਦਿਆਲ ਚੰਦ ਨੇ ਸੰਗਤਾਂ ਵਲੋਂ ਸਤਿਗੁਰੂ ਦੇ ਅਗੇ ਭੇਟਾ ਰੱਖੀ। ਇਸੇ ਸੰਗਤ ਵਿਚ ਭਾਈ ਕਰੋੜੀ ਮਲ ਨਾਂ ਦਾ ਇਕ ਵਪਾਰੀ ਸੀ ਜਿਸ ਨੇ ਆਪਣੀ ਦਰਦ ਭਰੀ ਕਹਾਣੀ ਰੋਂਦੇ ਹੋਏ ਗੁਰੂ ਸਾਹਿਬ ਅਗੇ ਪੇਸ਼ ਕੀਤੀ। ਉਹ ਕਾਬਲ ਤੋਂ ਦੋ ਬੜੇ ਵਧੀਆ ਘੋੜੇ ਸਤਿਗੁਰਾਂ ਲਈ ਲੈ ਕੇ ਤੁਰਿਆ ਸੀ। ਇਹ ਘੋੜੇ ਉਸ ਨੇ ਆਪਣੇ ਹਥੀਂ ਬੜੇ ਪ੍ਰੇਮ ਨਾਲ ਪਾਲ ਕੇ ਵਡੇ ਕੀਤੇ ਸਨ। ਉਸ ਨੂੰ ਇਨ੍ਹਾਂ ਦਾ ਮੁਲ ਲੱਖਾਂ ਰੁਪਏ ਮਿਲਦਾ ਸੀ, ਪਰ ਉਸ ਨੇ ਇਹ ਵੇਚੇ ਨਹੀਂ ਸਨ। ਉਸ ਦੀ ਇਛਾ ਸੀ ਕਿ ਮੇਰੇ ਸੰਤ ਸਿਪਾਹੀ ਖੜਗਧਾਰੀ ਗੁਰੂਦੇਵ ਇਨ੍ਹਾਂ ਘੋੜਿਆਂ ਉਤੇ ਸਵਾਰ ਹੋ ਕੇ ਜ਼ਾਲਮਾਂ ਨੂੰ ਪਛਾੜਣ ਅਤੇ ਦੀਨ ਦੁਖੀਆਂ ਦੀ ਰਖਿਆ ਕਰਨ। ਇਹ ਘੋੜੇ ਤੂਫਾਨੀ ਦਰਿਆ ਚੀਰ ਸਕਦੇ ਸਨ। ਉਚੀਆਂ ਛਾਲਾਂ ਲਾ ਸਕਦੇ ਸਨ ਅਤੇ ਬੜੇ ਸ਼ਕਤੀਸ਼ਾਲੀ ਸਨ। ਉਸ ਦੇ ਇਹ ਘੋੜੇ 'ਲਾਹੌਰ' ਦੇ ਫੌਜਦਾਰ ਕਾਸਮ ਬੇਗ ਨੇ ਖੋਹ ਲਏ ਸਨ। ਗੁਰੂ ਸਾਹਿਬ ਨੇ ਉਸ ਦੀ ਵਿਥਿਆ ਸੁਣ ਕੇ ਹੌਂਸਲਾ ਦਿਤਾ ਕਿ ਚਿੰਤਾ ਨਾ ਕਰੋ। ਤੁਹਾਡੀ ਭੇਟਾ ਗੁਰੂ ਘਰ ਦੀ ਅਮਾਨਤ ਸੀ। ਉਹ ਸਾਨੂੰ ਪਹੁੰਚ ਗਈ ਹੈ। ਅਸੀਂ ਪ੍ਰਸੰਨ ਹਾਂ। ਗੁਰੂ ਨਾਨਕ ਮਿਹਰ ਕਰੇਗਾ। ਉਸੇ ਸਮੇਂ ਆਪ ਨੇ ਭਾਈ ਬਿਧੀ ਚੰਦ ਜੀ ਨੂੰ ਹੁਕਮ ਦਿਤਾ ਕਿ ਉਹ ਗੁਰੂ ਘਰ ਦੀ ਅਮਾਨਤ ਲਾਹੌਰ ਦੇ ਫੌਜਦਾਰ ਤੋਂ ਮੋੜ ਕੇ ਗੁਰੂ ਘਰ ਵਿਚ ਲਿਆਵੇ।

ਗੁਰੂ ਹਰਿਗੋਬਿੰਦ ਜੀ ਦੀ ਥਾਪੀ ਲੈ ਕੇ ਭਾਈ ਬਿਧੀ ਚੰਦ ਲਾਹੌਰ ਪੁਜੇ। ਆਪ ਘਾਹੀ ਦਾ ਵੇਸ ਬਣਾ ਕੇ ਭਾਈ ਜੀਵਨ ਦੇ ਘਰ ਟਿਕੇ। ਅਗਲੇ ਦਿਨ ਵਧੀਆ ਸਾਵਾ ਘਾਹ ਪ੍ਰੇਮ ਨਾਲ ਖੋਦਿਆ ਅਤੇ ਕਿਲ੍ਹੇ ਦੀ ਦੀਵਾਰ ਕੋਲ ਵੇਚਣ ਬਹਿ ਗਏ। ਅਸਤਬਲ ਦੇ ਇੰਚਾਰਜ ਦਰੋਗੇ ਸੌਂਧੇ ਖਾਨ ਨੂੰ ਘਾਹ ਬੜਾ ਪਸੰਦ ਆਇਆ। ਭਾਈ ਸਾਹਿਬ ਸ਼ਾਹੀ ਘੋੜਿਆਂ ਨੂੰ ਪ੍ਰੇਮ ਸਹਿਤ ਸਸਤੇ ਮੁਲੋਂ ਰੋਜ਼ ਹੀ ਘਾਹ ਦੇਣ ਅਤੇ ਘੋੜਿਆਂ ਦੀ ਸੇਵਾ ਸੰਭਾਲ ਲਈ ਤਿਆਰ ਹੋ ਗਏ। ਘੋੜਿਆਂ ਦੀ ਸੇਵਾ ਸੰਭਾਲ ਅਤੇ ਪਿਆਰ ਨੇ ਜਦੋਂ ਘੋੜਿਆਂ ਦਾ ਰੰਗ ਰੂਪ ਨਿਖਾਰਿਆ ਤਾਂ ਦਰੋਗਾ ਭਾਈ ਸਾਹਿਬ ਨਾਲ ਬਹੁਤ ਖੁਲ੍ਹ ਗਿਆ।

ਸਿਧਰਾ ਜੇਹਾ ਬਣ ਕੇ ਆਪ ਨੇ ਘੋੜਿਆਂ ਦੀਆਂ ਕੀਮਤੀ ਲਾਲਾਂ ਜੜੀਆਂ ਸ਼ਾਹੀ ਕਾਠੀਆਂ ਅਤੇ ਹੋਰ ਭੇਤ ਵੀ ਲੈ ਲਏ । ਉਹ ਰਾਤ ਵੀ ਕਿਲੇ ਵਿਚ ਬਿਤਾਂਦੇ । ਦਿਨ ਵੇਲੇ ਘਾਹ ਲਿਆਂਦੇ । ਪੰਡ ਵਿਚ ਇਕ ਪੱਥਰ ਰਖ ਲਿਆਂਦੇ । ਉਸ ਨੂੰ ਆਪ ਰਾਤ ਨੂੰ ਅੱਖ ਬਚਾ ਕਿਲ੍ਹੇ ਦੀ ਬਾਹੀ ਨਾਲ ਵਗਦੇ ਦਰਿਆ ਵਿਚ ਸੁਟ ਦਿੰਦੇ । ਲਗਦਾ ਜਿਵੇਂ ਕੋਈ ਮਗਰ ਮੱਛ ਰਾਤ ਨੂੰ ਕਿਲ੍ਹੇ ਨੇੜੇ ਛੜੱਪਾ ਮਾਰ ਕੇ ਖੜਾਕ ਕਰਦਾ ਹੈ । ਇਕ ਦਿਨ ਭਾਈ ਸਾਹਿਬ ਨੇ ਆਪਣੀ ਤਨਖਾਹ ਦੀ ਸਾਰੀ ਬੱਚਤ ਨਾਲ ਕਿਲ੍ਹੇ ਦੇ ਪਹਿਰੇਦਾਰਾਂ ਨੂੰ ਚੰਗੀ ਦਾਅਵਤ ਕੀਤੀ । ਤੇਜ਼ ਸ਼ਰਾਬ ਨਾਲ ਸਭ ਨੂੰ ਬੇਹੋਸ਼ ਕਰ ਕੇ ਘੋੜੇ ਉਤੇ ਕਾਠੀ ਪਾਈ ਅਤੇ ਰਾਤੋ ਰਾਤ ਕਿਲੇ ਦੀ ਬਾਹੀ ਤੋਂ ਰਾਵੀ ਵਿਚ ਛਾਲ ਮਾਰ ਕੇ ਘੋੜੇ ਸਮੇਤ ਫਰਾਰ ਹੋ ਗਏ । ਰਾਤ ਨੂੰ ਕਿਸੇ ਨੂੰ ਕੁਝ ਪਤਾ ਨਾ ਲੱਗਾ । ਦਰਿਆ ਵਿਚ ਹੋਏ ਖੜਾਕ ਦੇ ਉਹ ਆਦੀ ਹੋ ਚੁਕੇ ਸਨ । ਅਗਲੇ ਦਿਨ ਘੋੜਾ ਗੁਰੂ ਸਾਹਿਬ ਪਾਸ ਪੁਜ ਚੁਕਾ ਸੀ ਅਤੇ ਕਿਲ੍ਹੇ ਵਿਚ ਹਫੜਾ ਦਫੜੀ ਤੇ ਪਰੇਸ਼ਾਨੀ ਦਾ ਆਲਮ ਸੀ ।

ਕੁਝ ਦਿਨ ਪਿਛੋਂ ਹੀ ਭਾਈ ਸਾਹਿਬ ਨਜੂਮੀ ਦਾ ਭੇਸ ਬਣਾ ਦੂਜਾ ਘੋੜਾ ਲੈਣ ਦੇ ਉਦੇਸ਼ ਨਾਲ ਮੁੜ ਲਾਹੌਰ ਪੁਜੇ ਅਤੇ ਭਾਈ ਬਹੋੜੇ ਦੇ ਘਰ ਜਾ ਟਿਕਾਣਾ ਕੀਤਾ । ਰਮਲੀਏ ਵਾਂਗ ਪੱਗੜ ਬੰਨ੍ਹ, ਜੰਤਰੀ ਅਤੇ ਸੰਗਲੀ ਆਦਿ ਲੈ ਕੇ ਕਿਲ੍ਹੇ ਨੇੜੇ ਫਿਰਨ ਲਗੇ । ਪਰੇਸ਼ਾਨ ਹਾਲ ਦਰੋਗੇ ਦਾ ਵਿਸ਼ਵਾਸ ਜਿਤ ਕੇ ਉਸ ਨੂੰ ਦਸਣ ਲਗੇ ਕਿ ਘੋੜਾ ਤੁਹਾਡਾ ਘਾਹੀ ਲੈ ਗਿਆ ਹੈ ਜੋ ਦੇਖਣ ਨੂੰ ਬੜਾ ਸਿਧਰਾ ਲਗਦਾ ਸੀ । ਕਿਵੇਂ ਤੇ ਕਿਹੜੇ ਰਾਹ ਲੈ ਗਿਆ ਹੈ, ਇਸ ਦਾ ਪਤਾ ਤਾਂ ਉਸ ਮਾਹੌਲ ਵਿਚ ਹੀ ਲੱਗ ਸਕਦਾ ਹੈ ਜਿਸ ਵਿਚ ਘੋੜਾ ਗਾਇਬ ਹੋਇਆ । ਰਾਤ ਨੂੰ ਜਦੋਂ ਉਹੋ ਜੇਹਾ ਮਾਹੌਲ ਸਿਰਜਿਆ ਗਿਆ ਤਾਂ ਮੌਕਾ ਤਾੜ ਆਪ ਨੇ ਦੂਜੇ ਘੋੜੇ ਉਤੇ ਕਾਠੀ ਪਾਈ ਅਤੇ ਦਰਿਆ ਵਿਚ ਛਾਲ ਮਾਰ ਦਿਤੀ । ਜਾਂਦੇ ਜਾਂਦੇ ਆਪ ਨੇ ਦਸ ਦਿਤਾ ਕਿ ਪਹਿਲਾ ਘੋੜਾ ਵੀ ਮੈਂ ਹੀ ਲੈ ਕੇ ਗਿਆ ਸਾਂ । ਦੂਜਾ ਵੀ ਲਿਜਾ ਰਿਹਾ ਹਾਂ । ਇਹ ਘੋੜੇ ਗੁਰੂ ਹਰਿਗੋਬਿੰਦ ਦੀ ਅਮਾਨਤ ਸਨ । ਉਨ੍ਹਾਂ ਕੋਲ ਕਾਂਗੜ ਵਿਖੇ ਪਹੁੰਚ ਰਹੇ ਹਨ ਜੋ ਲੁਧਿਆਣੇ ਵਲ 'ਭਾਈ ਰੂਪੇ' ਤੋਂ ਤਿੰਨ ਕੋਹ ਦੂਰ ਹੈ । ਅਗਲੇ ਦਿਨ ਇਹ ਘੋੜਾ ਵੀ ਉਸ ਗੁਰੂ ਦਰਬਾਰ ਵਿਚ ਲਿਜਾ ਹਾਜ਼ਿਰ ਕੀਤਾ । ਸਤਿਗੁਰੂ ਜੀ ਨੇ ਬਿਧੀ ਚੰਦ ਨੂੰ ਪ੍ਰੇਮ ਨਾਲ ਗਲੇ ਲਾਇਆ ਅਤੇ ਬਚਨ ਕੀਤਾ : ਬਿਧੀ ਚੰਦ ਛੀਨਾ । ਗੁਰੂ ਕਾ ਸੀਨਾ ।

ਸ਼ਾਹੀ ਕਿਲ੍ਹੇ ਵਿਚੋਂ ਗੁਰੂ ਦਾ ਸੇਵਕ ਇੰਜ ਦੀਦਾ ਦਲੇਰੀ ਕਰਕੇ ਘੋੜੇ ਖੋਹ ਲਿਆਵੇ । ਇਹ ਲਾਹੌਰ ਦਰਬਾਰ ਲਈ ਬੜੀ ਵਡੀ ਵੰਗਾਰ ਸੀ । ਗੁਰੂ ਸਾਹਿਬ ਸਮਝਦੇ ਸਨ ਕਿ ਇਹ ਵੰਗਾਰ ਜੰਗੀ ਟੱਕਰ ਨੂੰ ਜਨਮ ਦੇਵੇਗੀ । ਇਸ ਲਈ ਉਨ੍ਹਾਂ ਰਾਇ ਜੋਧ ਅਤੇ ਹੋਰ ਸਰਦਾਰਾਂ ਨੂੰ ਇਕੱਠਾ ਕੀਤਾ ਅਤੇ ਪੁਛਿਆ ਕਿ ਤੁਸੀਂ ਇਸ ਇਲਾਕੇ ਦੇ ਭੇਤੀ ਹੋ । ਕੋਈ ਐਸਾ ਟਿਕਾਣਾ ਚੁਣੋ ਜਿਸ ਨਾਲ ਥੋੜੇ ਜਹੇ ਬੰਦੇ ਵਡੇ ਲਸ਼ਕਰ ਨਾਲ ਜੂਝ ਸਕਣ ਅਤੇ ਨੁਕਸਾਨ ਵੀ ਘਟ ਤੋਂ ਘਟ ਹੋਵੇ । ਪਹਿਲਾਂ ਤਾਂ ਰਾਇ ਜੋਧ ਨੇ ਕਿਹਾ ਕਿ ਟੱਕਰ ਤੋਂ ਬਚਾਅ ਕਰੋ । ਵੀਹ ਕੋਹ ਪਰ੍ਹਾਂ ਟਿਕਾਣਾ ਕਰ ਲਓ । ਦੁਸ਼ਮਣ ਇਥੇ ਆਵੇਗਾ ਤਾਂ ਵਾਪਸ ਪਰਤ ਜਾਵੇਗਾ । ਗੁਰੂ ਸਾਹਿਬ ਨੇ ਕਿਹਾ ਕਿ ਯੋਧੇ ਮੈਦਾਨ ਛਡ ਕੇ ਭੱਜਿਆ ਨਹੀਂ

ਕਰਦੇ । ਟੱਕਰ ਹੋਈ ਤਾਂ ਅਸੀਂ ਜ਼ਰੂਰ ਉਤਰ ਦੇਣਾ ਹੈ । ਰਾਇ ਜੋਧ ਨੇ ਹੁਣ ਆਪਣੀ ਕਿਲ੍ਹੇ ਨੁਮਾ ਹਵੇਲੀ ਵਿਚ ਡੇਰਾ ਕਰਕੇ ਲੜਣ ਦੀ ਸਲਾਹ ਦਿਤੀ । ਗੁਰੂ ਸਾਹਿਬ ਨੂੰ ਇਹ ਵੀ ਪਸੰਦ ਨਾ ਆਈ । ਸਾਰਿਆਂ ਨੇ ਕਾਫੀ ਵਿਚਾਰ ਵਟਾਂਦਰੇ ਉਪਰੰਤ ਨਥਾਣੇ ਪਿੰਡ ਦੀ ਢਾਬ ਦਾ ਇਲਾਕਾ ਚੁਣਿਆ । ਇਸ ਦੇ ਆਸ ਪਾਸ ਦੀ ਉਭੜ ਖਾਬੜ ਧਰਤੀ, ਟੋਏ ਟਿਬੇ, ਹਟਵੇਂ ਜਹੇ ਦੂਰ ਦੂਰ ਤਕ ਖਿਲਰੇ ਰੁੱਖਾਂ ਦੇ ਝੁੰਡ ਝਾੜੀਆਂ ਅਤੇ ਸਰਕੰਡੇ, ਯੁਧ-ਨੀਤਕ ਪਖੋਂ ਬੜੇ ਲਾਭਦਾਇਕ ਪ੍ਰਤੀਤ ਹੋਏ । ਢਾਬ ਤੋਂ ਪਰ੍ਹਾਂ ਦੂਰ ਤਕ ਪਾਣੀ ਨਹੀਂ ਸੀ । ਢਾਬ ਦੇ ਨੇੜੇ ਤੇੜੇ ਦੀ ਪਧਰੀ ਥਾਂ ਛਡ ਕੇ ਦੂਰ ਦੂਰ ਤਕ ਟੋਇਆਂ ਟਿਬਿਆਂ, ਕੰਡਿਆਂ ਸਰਕੰਡਿਆਂ ਅਤੇ ਰੁਖਾਂ ਝਾੜੀਆਂ ਵਾਲੇ ਖੇਤਰ ਵਿਚ ਤਾਂ ਦਿਨ ਨੂੰ ਵੀ ਕੋਈ ਅਸਲੋਂ ਭੇਤੀ ਬੰਦਾ ਹੀ ਰਾਹ ਲੱਭ ਸਕਦਾ ਸੀ । ਰਾਤ ਨੂੰ ਤਾਂ ਢਾਬ ਵਲ ਅਗੇ ਵਧਣਾ ਚੰਗੇ ਭਲੇ ਬੰਦੇ ਲਈ ਕਠਿਨ ਸੀ, ਅਜਨਬੀ ਦਾ ਤਾਂ ਕੀ ਕਹਿਣਾ । ਗੁਰੂ ਸਾਹਿਬ ਨੂੰ ਜਦੋਂ ਲਾਹੌਰ ਤੋਂ ਭਾਈ ਬਹੋੜੇ ਦਾ ਸੁਨੇਹਾ ਮਿਲਿਆ ਕਿ ਸ਼ਾਹੀ ਲਸ਼ਕਰ ਆਪ ਵਲ ਚੜ੍ਹ ਕੇ ਆ ਰਿਹਾ ਹੈ ਤਾਂ ਆਪ ਨੇ ਢਾਬ ਨੇੜੇ ਮੋਰਚੇ ਸੰਭਾਲੇ । ਪਾਣੀ ਉਤੇ ਕਬਜ਼ਾ ਕੀਤਾ । ਅੰਨ ਦਾਣੇ ਦਾ ਪ੍ਰਬੰਧ ਕੀਤਾ । ਵੇਲੇ ਕੁਵੇਲੇ ਲਈ ਅੱਗ ਅਤੇ ਰੋਸ਼ਨੀ ਦਾ ਬੰਦੋਬਸਤ ਕੀਤਾ । ਸਾਰੇ ਇਲਾਕੇ ਦੇ ਸ਼ਰਧਾਲੂਆਂ ਨੂੰ ਢਾਲਾਂ, ਤਲਵਾਰਾਂ, ਤੀਰਾਂ, ਨੇਜ਼ਿਆਂ, ਭਾਲਿਆਂ, ਛੁਰੀਆਂ ਆਦਿ ਨਾਲ ਲੈਸ ਕਰ ਦਿਤਾ । ਇਲਾਕੇ ਦੇ ਮੁਖੀ ਵੀ ਗੋਲੀ ਸਿਕਾ ਅਤੇ ਸ਼ਸਤਰ ਲੈ ਕੇ ਵਖ ਵਖ ਮੋਰਚਿਆਂ ਉਤੇ ਆਪਣੇ ਬੰਦਿਆਂ ਸਮੇਤ ਗੁਰੂ ਜੀ ਦੇ ਹਕ ਵਿਚ ਡਟ ਗਏ ।

ਸ਼ਾਹੀ ਲਸ਼ਕਰ ਅਨਾਇਤ ਉਲਾ, ਕਮਰ ਬੇਗ, ਕਾਸਮ ਬੇਗ, ਕਾਬਲੀ ਬੇਗ ਅਤੇ ਲਲਾ ਬੇਗ ਦੀ ਅਗਵਾਈ ਵਿਚ ਨਿਕਲਿਆ । ਇਸ ਵਿਚ ਬਹੁਤੇ ਯੂਸਫਜ਼ਈ ਅਤੇ ਗਿਲਜ਼ਈ ਪਠਾਣ ਸਨ । ਲਲਾ ਬੇਗ ਸਤਿਲਜ ਪਾਰ ਕਰਕੇ ਤੇਜ਼ੀ ਨਾਲ ਅਗੇ ਵਧਿਆ। ਲੰਬੇ ਪੈਂਡੇ ਨੇ ਉਸ ਦੇ ਲਸ਼ਕਰ ਨੂੰ ਥਕਾ ਦਿਤਾ । ਰਾਹ ਦੇ ਖਾਰੇ ਪਾਣੀਆਂ ਨੇ ਸਿਪਾਹੀਆਂ ਦੇ ਪੇਟ ਖਰਾਬ ਕਰ ਦਿਤੇ । ਪੋਹ ਦੀਆਂ ਕੜਕਦੀਆਂ ਠੰਢਾਂ ਨੇ ਸਭ ਦਾ ਬੁਰਾ ਹਾਲ ਕਰ ਦਿਤਾ । ਮਾਲਵੇ ਦੇ ਉਜਾੜਾਂ ਵਿਚ ਆ ਕੇ ਉਸ ਨੂੰ ਪਤਾ ਲਗਾ ਕਿ ਨੇੜੇ ਤੇੜੇ ਪਾਣੀ ਨਹੀਂ । ਪਾਣੀ ਦੀ ਢਾਬ ਗੁਰੂ ਸਾਹਿਬ ਦੇ ਕਬਜ਼ੇ ਹੇਠ ਹੈ । ਬਸ 'ਮਾੜੀ' ਕੋਲ ਹੀ ਇਕ ਮਾਤਰ ਖੂਹ ਹੋਰ ਹੈ ਜਿਸ ਦਾ ਪਾਣੀ ਪੀਣ ਯੋਗ ਹੈ । ਸ਼ਾਹੀ ਦਸਤੇ ਜਦੋਂ ਮਾੜੀ ਵਲ ਗਏ ਤਾਂ ਮੋਰਚਿਆਂ ਵਿਚ ਡਟੇ ਸ਼ਰਧਾਲੂ ਉਨ੍ਹਾਂ ਉਤੇ ਟੁਟ ਕੇ ਪੈ ਗਏ । ਲੋਥਾਂ ਦੇ ਢੇਰ ਲਗਣ ਲਗੇ । ਉਧਰ ਲਲਾ ਬੇਗ ਦੇ ਛਡੇ ਸੂਹੀਏ ਹਸਨ ਬੇਗ ਨੂੰ ਰਾਏ ਜੋਧ ਦੇ ਬੰਦਿਆਂ ਨੇ ਫੜ ਲਿਆ । ਉਸ ਨੂੰ ਗੁਰੂ ਸਾਹਿਬ ਕੋਲ ਪੇਸ਼ ਕੀਤਾ ਤਾਂ ਗੁਰੂ ਸਾਹਿਬ ਨੇ ਕਿਹਾ— ਭਾਈ ਸਾਨੂੰ ਸਿੱਧਾ ਹੀ ਪੁੱਛ ਲੈ ਜੋ ਜਾਣਨਾ ਚਾਹੁੰਦੈਂ । ਅਸੀਂ ਫਕੀਰ ਆਦਮੀ ਹਾਂ । ਜੇ ਤੇਰੇ ਸੂਬੇਦਾਰ ਨੇ ਲੜਾਈ ਸਾਡੇ ਤੇ ਥੋਪੀ ਤਾਂ ਮੂੰਹ ਤੋੜ ਜਵਾਬ ਦੇਵਾਂਗੇ । ਆਪ ਅਸੀਂ ਕਿਸੇ ਨੂੰ ਕੁਝ ਕਹਿੰਦੇ ਨਹੀਂ । ਸਾਡੀ ਤਾਂ ਇਛਾ ਇਹੀ ਹੈ ਕਿ ਸਾਰਾ ਪੰਜਾਬ ਨਿਆਂਸ਼ੀਲ ਢੰਗ ਨਾਲ ਹੱਸੇ ਵਸੇ । ਤੂੰ ਜਾਹ ਅਤੇ ਜਾ ਕੇ ਆਪਣੇ ਸੂਬੇਦਾਰ ਨੂੰ ਸਾਰਾ ਕੁਝ ਦਸ ਦੇਹ । ਇਹ ਕਹਿ ਕੇ ਆਪ ਨੇ ਹਸਨ ਖਾਨ ਨੂੰ ਛਡ ਦਿਤਾ । ਗੁਰੂ ਸਾਹਿਬ ਦੀ ਉਦਾਰਤਾ ਅਤੇ

ਦਲੇਰੀ ਨੇ ਹਸਨ ਖਾਨ ਨੂੰ ਹੈਰਾਨ ਕਰ ਦਿਤਾ। ਉਸ ਨੇ ਵਾਪਸ ਜਾ ਕੇ ਲਲਾ ਬੇਗ ਅੱਗੇ ਜਦੋਂ ਗੁਰੂ ਸਾਹਿਬ ਦੀ ਉਦਾਰਤਾ ਤੇ ਦ੍ਰਿੜਤਾ ਦੀ ਗਲ ਕੀਤੀ ਤਾਂ ਉਹ ਅਤੇ ਉਸ ਦੇ ਸਾਥੀ ਕ੍ਰੋਧ ਨਾਲ ਪਾਗਲ ਹੋ ਉਠੇ। ਉਨ੍ਹਾਂ ਕੁਟ ਮਾਰ ਕੇ ਉਸ ਦੀ ਬੁਰੀ ਹਾਲਤ ਕਰ ਦਿਤੀ। ਉਹ ਜਾਨ ਬਚਾ ਕੇ ਉਥੋਂ ਭਜਿਆ ਅਤੇ ਗੁਰੂ ਸਾਹਿਬ ਦੀ ਸ਼ਰਨ ਆ ਪਿਆ। ਹੁਣ ਉਸ ਲਲਾ ਬੇਗ ਦੀ ਮਦਦ ਤਾਂ ਕੀ ਕਰਨੀ ਸੀ, ਉਸ ਨੇ ਸਾਰੇ ਭੇਤ ਗੁਰੂ ਸਾਹਿਬ ਨੂੰ ਆ ਦਸੇ।

ਮਾੜੀ ਕੱਲ ਹੋਈ ਭੇੜ ਵਿਚ ਤਕੜੀ ਕੁਟ ਪੈਣ ਉਪਰੰਤ ਲਲਾ ਬੇਗ ਨੇ ਤਾਹਿਰ ਖਾਨ, ਜ਼ਾਲਮ ਖਾਨ ਅਤੇ ਮੁਹੰਮਦ ਖਾਨ ਦੀ ਅਗਵਾਈ ਵਿਚ ਨਵੇਂ ਦਸਤੇ ਅਗੇ ਕੀਤੇ ਤਾਂ ਜੋ ਗੁਰੂ ਸਾਹਿਬ ਦੇ ਕਬਜ਼ੇ ਹੇਠਲੀ ਢਾਬ ਵਲ ਵਧਿਆ ਜਾਵੇ। ਭਾਰੀ ਲਸ਼ਕਰ ਦੇ ਦਬਾਅ ਹੇਠ ਬਿਧੀ ਚੰਦ ਅਤੇ ਸਲੇਮ ਸ਼ਾਹ ਦੇ ਦਸਤੇ ਨੀਤੀ-ਪੂਰਵਕ ਪਿਛੇ ਹਟੇ। ਉਹ ਸ਼ਾਹੀ ਲਸ਼ਕਰ ਨੂੰ ਆਪਣੇ ਨਾਲ ਉਥੋਂ ਤਕ ਲੈ ਆਏ ਜਿਥੇ ਜੋਧੇ ਸ਼ਾਹ ਦੇ ਤਾਜ਼ਾਦਮ ਦਸਤੇ ਮੋਰਚੇ ਮਲੀ ਬੈਠੇ ਸਨ। ਰਾਤ ਉਤਰ ਆਈ। ਉਹ ਨਾ ਅਗੇ ਜੋਗੇ ਰਹੇ ਤੇ ਨਾ ਪਿਛੇ ਜੋਗੇ। ਰਾਹਾਂ ਤੋਂ ਉਹ ਅਣਜਾਣ ਸਨ। ਢਿਡੋਂ ਭੁਖੇ। ਉਤੋਂ ਪੋਹ ਦੀ ਰਾਤ। ਪਿਛਲੇ ਸਾਥੀਆਂ ਤੋਂ ਕਟਣ ਲਈ ਜੋਧੇ ਸ਼ਾਹ ਨੇ ਉਨ੍ਹਾਂ ਨੂੰ ਭਾਈ ਸ਼ੀਹਾਂ ਅਤੇ ਭਾਈ ਜੇਠਾ ਦੇ ਦਸਤਿਆਂ ਨਾਲ ਚਾਰੇ ਪਾਸਿਆਂ ਤੋਂ ਘੇਰੇ ਵਿਚ ਲੈ ਲਿਆ। ਸ਼ਾਹੀ ਸੈਨਿਕ ਜਿਧਰ ਵੀ ਅਗੇ ਵਧਦੇ ਕੰਡੇ, ਭਖੜਾ, ਟੋਏ ਟਿਬੇ ਜਾਂ ਸਿਖਾਂ ਦੇ ਜਥੇ ਅੱਗਾਂ ਸੇਕਦੇ ਮਿਲਦੇ। ਲਲਾ ਬੇਗ ਦਾ ਸੰਪਰਕ ਜਦੋਂ ਅਗਲੇ ਦਸਤਿਆਂ ਨਾਲੋਂ ਬੁਰੀ ਤਰ੍ਹਾਂ ਟੁਟਾ ਤਾਂ ਪਰੇਸ਼ਾਨ ਹੋ ਕੇ ਉਸ ਨੇ ਆਪਣੇ ਫੌਜੀਆਂ ਨੂੰ ਮਤਾਬੀਆਂ ਬਾਲ ਕੇ ਆਪਣੇ ਸਾਥੀਆਂ ਨੂੰ ਲਭਣ ਦਾ ਹੁਕਮ ਦਿਤਾ। ਸਿਖ ਤਾਂ ਹਨੇਰੇ ਵਿਚ ਸਨ। ਜਦੋਂ ਚਾਨਣਾ ਹੁੰਦਾ ਉਹ ਉਧਰ ਹੀ ਟੁਟ ਪੈਂਦੇ। ਸ਼ਾਹੀ ਫੌਜਾਂ ਬੁਰੀ ਤਰ੍ਹਾਂ ਫਸੀਆਂ। ਸਭ ਪਾਸੇ ਬਚਾਓ, ਬਚਾਓ ਦੀ ਦੁਹਾਈ ਪੈ ਗਈ। ਸਿਖ ਚਾਹੁੰਦੇ ਤਾਂ ਰਾਤੋ ਰਾਤ ਸਾਰੇ ਲਸ਼ਕਰ ਨੂੰ ਪਾਰ ਬੁਲਾ ਦਿੰਦੇ। ਗੁਰੂ ਸਾਹਿਬ ਨੇ ਇਹ ਕਹਿ ਕੇ ਵਰਜ ਦਿਤਾ ਕਿ ਡਿਗੇ ਹੋਏ, ਹਥਿਆਰ ਹੀਨ, ਬਿਰਧ, ਰੋਗੀ, ਬਾਲਕ, ਇਸਤਰੀ ਤੇ ਸ਼ਰਨਾਗਤ—ਇਨ੍ਹਾਂ ਸੱਤਾਂ ਉਤੇ ਵਾਰ ਕਰਨ ਵਾਲੇ ਦਾ ਤੇਜ ਪ੍ਰਤਾਪ ਨਹੀਂ ਰਿਹਾ ਕਰਦਾ। ਇਸ ਲਈ ਦੇਰ ਰਾਤ ਗਏ ਲੜਾਈ ਬੰਦ ਕਰ ਦਿਤੀ ਗਈ।

ਸਵੇਰ ਨੂੰ ਲਲਾ ਬੇਗ ਨੇ ਆਪਣੇ ਆਪ ਨੂੰ ਸਾਹ ਸਤ ਹੀਨ, ਪਾਲੇ ਦੇ ਭੰਨੇ ਜ਼ਖਮੀ ਤੇ ਮਰੇ ਹੋਏ ਸਾਥੀਆਂ ਵਿਚ ਘਿਰਿਆ ਹੋਇਆ ਵੇਖਿਆ। ਉਸ ਆਪ ਕਮਾਨ ਸੰਭਾਲੀ। ਇਕ ਪਾਸੇ ਕਮਰ ਬੇਗ ਅਤੇ ਦੂਜੇ ਪਾਸੇ ਕਾਬਲੀ ਬੇਗ ਦੇ ਜਥੇ। ਵਿਚਕਾਰ ਉਹ ਆਪਣੇ ਜਥੇ ਨਾਲ। ਤਿੰਨੇ ਜਰਨੈਲ ਅਗੇ ਵਧੇ। ਉਧਰੋਂ ਗੁਰੂ ਹਰਿਗੋਬਿੰਦ ਸਾਹਿਬ ਆਪ ਮੈਦਾਨ ਵਿਚ ਸਨ। ਉਨ੍ਹਾਂ ਦਾ ਤੀਰ ਲਲਾ ਬੇਗ ਦੀ ਪਗੜੀ ਉਡਾ ਕੇ ਲੈ ਗਿਆ। ਦੋਵੇਂ ਪਾਸਿਉਂ ਤੀਰਾਂ ਦਾ ਮੀਂਹ ਵਰ੍ਹ ਉਠਿਆ। ਕਾਬਲੀ ਬੇਗ ਨੇ ਗੁਰੂ ਜੀ ਨੂੰ ਦਵੰਦ-ਯੁਧ ਲਈ ਲਲਕਾਰਿਆ। ਲਲਾ ਬੇਗ ਨੇ ਉਸ ਨੂੰ ਹਲਾ ਸ਼ੇਰੀ ਦਿਤੀ। ਗੁਰੂ ਸਾਹਿਬ ਨੇ ਆਪਣੇ ਸੁਭਾਅ ਮੁਤਾਬਕ ਕਾਬਲੀ ਬੇਗ ਨੂੰ ਪਹਿਲਾ ਵਾਰ ਕਰਨ ਨੂੰ ਕਿਹਾ। ਉਸ ਦਾ

ਪਹਿਲਾ ਵਾਰ ਆਪ ਨੇ ਢਾਲ ਨਾਲ ਰੋਕਿਆ। ਉਸ ਦਾ ਦੂਜਾ ਵਾਰ ਗੁਰੂ ਸਾਹਿਬ ਦੀ ਵੱਖੀ ਨੂੰ ਜ਼ਖਮੀ ਕਰ ਗਿਆ। ਗੁਰੂ ਸਾਹਿਬ ਨੇ ਹੁਣ ਆਪ ਵਾਰ ਕਰ ਕੇ ਕਾਬਲੀ ਖਾਨ ਦੇ ਦੋ ਟੋਟੇ ਕਰ ਸੁਟੇ। ਇਹ ਵੇਖ ਕੇ ਕਮਰ ਬੇਗ ਪੰਜ ਸੌ ਜੁਆਨਾਂ ਨਾਲ ਅਗੇ ਵਧਿਆ। ਉਸ ਤੀਰਾਂ ਦੀ ਵਾਛੜ ਗੁਰੂ ਸਾਹਿਬ ਵਲ ਕੀਤੀ। ਗੁਰੂ ਸਾਹਿਬ ਲਹੂ ਲੁਹਾਨ ਹੋ ਗਏ। ਜੋਧੇ ਸ਼ਾਹ ਨੇ ਅਗੇ ਹੋ ਕੇ ਕਮਰ ਬੇਗ ਨੂੰ ਰੋਕ ਕੇ ਘੋੜੇ ਤੋਂ ਸੁਟਿਆ। ਕਮਰ ਬੇਗ ਨੇ ਵਗਾਹਵੀਂ ਤਲਵਾਰ ਮਾਰੀ ਜੋ ਜੋਧੇ ਸ਼ਾਹ ਨੇ ਟਪ ਕੇ ਬਚਾਈ। ਉਸ ਦੀ ਤਲਵਾਰ ਇਸ ਦੌਰਾਨ ਇੰਜ ਮੁੜੀ ਕਿ ਉਸ ਦਾ ਆਪਣਾ ਹੀ ਮੌਢਾ ਜ਼ਖਮੀ ਕਰ ਗਈ। ਭਾਈ ਜੋਧੇ ਨੇ ਬਰਛੇ ਦਾ ਇਕ ਤੇਜ਼ ਵਾਰ ਕਰ ਕੇ ਉਸ ਨੂੰ ਵੜੇ ਵਾਂਗ ਪਰੋ ਲਿਆ ਅਤੇ ਧੂ ਕੇ ਗੁਰੂ ਜੀ ਅਗੇ ਲਿਆ ਸੁਟਿਆ।

ਗੁੱਸਾ ਖਾ ਕੇ ਕਮਰ ਬੇਗ ਦਾ ਪੁਤਰ ਸ਼ਮਸ ਬੇਗ ਅਗੇ ਆਇਆ। ਉਸ ਨੇ ਭਾਈ ਬਿਧੀ ਚੰਦ ਨਾਲ ਟੱਕਰ ਲਈ। ਉਹ ਭਾਈ ਸਾਹਿਬ ਨਾਲ ਗੁਥਮ ਗੁਥਾ ਹੋਇਆ, ਪਰ ਉਸ ਦੀ ਪੇਸ਼ ਨਾ ਚਲੀ ਅਤੇ ਮਾਰਿਆ ਗਿਆ। ਉਸ ਦਾ ਭਰਾ ਕਾਸਮ ਬੇਗ ਬਦਲਾ ਲੈਣ ਲਈ ਅਗੇ ਆਇਆ। ਉਸ ਨੇ ਫੁਰਤੀ ਨਾਲ ਬਿਰਧ ਭਾਈ ਜੇਠਾ ਜੀ ਨੂੰ ਵੰਗਾਰਿਆ—ਉਏ ਬੁਢਿਆ ਆਰਾਮ ਨਾਲ ਘਰ ਬੈਠ। ਭਾਈ ਸਾਹਿਬ ਨੇ ਕਿਹਾ ਕਿ ਮੈਂ ਤਾਂ ਜ਼ਿੰਦਗੀ ਵੇਖ ਲਈ ਹੈ ਤੂੰ ਆਪਣਾ ਬਚਾਅ ਕਰ। ਕਾਸਮ ਬੇਗ ਨੇ ਸੰਭਲ ਫਿਰ ਬੁਢਿਆ, ਕਹਿ ਕੇ ਵਾਰ ਕੀਤਾ ਜੋ ਜੇਠਾ ਜੀ ਨੇ ਬਚਾ ਲਿਆ। ਅਗਲੇ ਵਾਰ ਵਿਚ ਜੇਠਾ ਜੀ ਨੇ ਕਾਸਮ ਬੇਗ ਨੂੰ ਮਾਰ ਮੁਕਾਇਆ। ਸ਼ਾਹੀ ਲਸ਼ਕਰ ਹੁਣ ਜੇਠਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਉਤੇ ਟੁਟ ਪਿਆ। ਇਸ ਟੱਕਰ ਵਿਚ ਜੇਠਾ ਜੀ ਕਈ ਸਾਥੀਆਂ ਸਮੇਤ ਸ਼ਹੀਦ ਹੋ ਗਏ।

ਲਲਾ ਬੇਗ ਹੁਣ ਆਪ ਨਿਕਲਿਆ। ਉਸ ਦੇ ਟਾਕਰੇ ਲਈ ਭਾਈ ਜਤੀ ਮਲ ਅਤੇ ਭਾਈ ਸੁਖਾ ਸਾਥੀਆਂ ਸਮੇਤ ਅਗੇ ਹੋਏ। ਦੁਸ਼ਮਣ ਦੇ ਵੇਗਵਾਨ ਹਲੇ ਅਗੇ ਉਹ ਟਿਕ ਨਾ ਸਕੇ ਅਤੇ ਸਾਥੀਆਂ ਸਮੇਤ ਸ਼ਹੀਦ ਹੋ ਗਏ। ਗੁਰੂ ਸਾਹਿਬ ਦੂਰੋਂ ਦੇਖ ਰਹੇ ਸਨ। ਉਨ੍ਹਾਂ ਤੀਰਾਂ ਦਾ ਮੀਂਹ ਵਰ੍ਹਾ ਦਿਤਾ। ਲਲਾ ਬੇਗ ਨੇ ਵੀ ਜਵਾਬੀ ਤੀਰਾਂ ਦਾ ਹੱਲਾ ਕੀਤਾ। ਗੁਰੂ ਸਾਹਿਬ ਦੇ ਤੀਰ ਨੇ ਲਲਾ ਬੇਗ ਦਾ ਘੋੜਾ ਸੁਟ ਲਿਆ। ਲਲਾ ਬੇਗ ਨੇ ਗੁਰੂ ਸਾਹਿਬ ਨੂੰ ਤਲਵਾਰ ਦੇ ਦਵੰਦ-ਯੁਧ ਲਈ ਵੰਗਾਰਿਆ। ਆਦਤ ਅਨੁਸਾਰ ਗੁਰੂ ਸਾਹਿਬ ਨੇ ਉਸ ਨੂੰ ਪਹਿਲਾਂ ਵਾਰ ਕਰਨ ਲਈ ਆਖਿਆ। ਉਸ ਦੇ ਸਾਰੇ ਵਾਰ ਗੁਰੂ ਸਾਹਿਬ ਰੋਕਦੇ ਗਏ। ਜਦੋਂ ਉਹਦੇ ਵਾਰ ਨੇ ਗੁਰੂ ਸਾਹਿਬ ਨੂੰ ਪਟ ਤੇ ਜ਼ਖਮ ਕੀਤਾ ਤਾਂ ਗੁਰੂ ਸਾਹਿਬ ਨੇ ਉਸ ਨੂੰ ਦੋ ਫਾੜ ਕਰ ਕੇ ਧਰਤੀ ਉਤੇ ਸੁਟ ਦਿਤਾ। ਭਾਈ ਬਿਧੀ ਚੰਦ ਅਤੇ ਉਸ ਦੇ ਸਾਥੀਆਂ ਨੇ ਬਹਿਲੋਲ ਖਾਨ, ਇਸਮਾਈਲ ਖਾਨ ਤੇ ਗੁਲ ਬੇਗ ਖਾਨ ਜਹੇ ਕਹਿੰਦੇ ਕਹਾਂਦੇ ਸੂਰਮੇ ਪਾਰ ਬੁਲਾਏ। ਵਡੇ ਸਰਦਾਰਾਂ ਦੇ ਮਰਨ ਨਾਲ ਸ਼ਾਹੀ ਲਸ਼ਕਰ ਭਜ ਨਿਕਲਿਆ।

ਗੁਰੂ ਸਾਹਿਬ ਨੇ ਜ਼ਖਮੀਆਂ ਦੀ ਸੰਭਾਲ ਕੀਤੀ ਅਤੇ ਮ੍ਰਿਤਕਾਂ ਨੂੰ ਯੋਗ ਢੰਗ ਨਾਲ ਦਫਨਾਇਆ ਜਾਂ ਅਗਨ ਭੇਟ ਕੀਤਾ। ਭਟ ਵਹੀ ਮੁਲਤਾਨੀ ਸਿੰਧੀ ਇਸ ਜੰਗ ਦੇ ਸਮੇਂ

ਸਥਾਨ ਬਾਰੇ ਕੁਝ ਮਹੱਤਵ ਪੂਰਨ ਸੂਚਨਾ ਇਸ ਪ੍ਰਕਾਰ ਦਿੰਦੀ ਹੈ :

ਸੁਖਾ ਬੇਟਾ ਮਾਂਡਨ ਕਾ...ਸਾਲ ਸੰਲਾਂ ਸੈ ਇਕਾਨਵੇਂ
ਪੱਖ ਪ੍ਰਵਿਸ਼ਟੇ ਸਤਾਰਾਂ, ਮੰਗਲਵਾਰ ਕੇ ਦਿਹੁੰ 'ਮਰਾੜ' ਕੇ
ਮਲਾਨੁ ਗੁਰੂ ਕੇ ਹੁਕਮ ਗੈਲ ਸਾਹਮੇ ਮਾਥੇ ਜੂਝ ਕਰ ਮਰਾ ।

ਜਦੋਂ ਮਾਲਵੇ ਵਿਚ ਗੁਰੂ ਸਾਹਿਬ ਦੇ ਸ਼ਰਧਾਲੂ ਇਸ ਜੰਗ ਵਿਚ ਜਿਤ ਦੀਆਂ ਖੁਸ਼ੀਆਂ ਮਨਾ ਰਹੇ ਸਨ ਉਦੋਂ ਲਾਹੌਰ ਵਿਚ ਹਾਰ ਦੀ ਉਦਾਸੀ ਛਾਈ ਹੋਈ ਸੀ। ਲਾਹੌਰ ਦੇ ਸੂਬੇਦਾਰ ਦੇ ਦੁਸ਼ਮਣਾਂ ਅਤੇ ਚਹੇਤਿਆਂ ਦੋਹਾਂ ਨੇ ਸ਼ਾਹਜਹਾਂ ਕੋਲ ਪਹੁੰਚ ਕੀਤੀ। ਚਹੇਤਿਆਂ ਨੇ ਕਿਹਾ ਕਿ ਗੁਰੂ ਸਾਹਿਬ ਪੰਜਾਬ ਵਿਚ ਖੁਲ੍ਹਮ ਖੁਲ੍ਹਾ ਸਰਕਾਰੀ ਸੱਤਾ ਨੂੰ ਵੰਗਾਰ ਰਹੇ ਹਨ। ਉਨ੍ਹਾਂ ਦੀ ਸ਼ਕਤੀ ਨੂੰ ਨੱਥ ਪਾਣ ਲਈ ਤਕੜੇ ਕਦਮ ਚੁਕੇ ਜਾਣ। ਵਿਰੋਧੀ ਕਹਿ ਰਹੇ ਸਨ ਕਿ ਇਹ ਜੰਗ ਲਾਹੌਰ ਦੀ ਮੂਰਖਤਾ ਕਾਰਨ ਹੋਈ ਹੈ। ਪਹਿਲਾਂ ਗੁਰੂ ਦੇ ਘੋੜੇ ਖੋਹੇ ਅਤੇ ਫਿਰ ਉਸ ਦੇ ਡੇਰੇ ਤੇ ਘਰ ਬੈਠੇ ਬਿਠਾਏ ਜਾ ਹੱਲਾ ਕੀਤਾ। ਆਪਣੇ ਡੇਰੇ ਵਿਚ ਹਰ ਕੋਈ ਸ਼ੇਰ ਹੁੰਦਾ ਹੈ। ਗੁਰੂ ਸਾਹਿਬ ਨਾਲ ਪੰਜਾਬ ਦੇ ਆਮ ਲੋਕ ਹਨ। ਹਕੂਮਤ ਨੂੰ ਉਨ੍ਹਾਂ ਨਾਲ ਟਕਰ ਲੈਣ ਦੀ ਬਜਾਏ ਲੋਕਾਂ ਵਿਚ ਉਨ੍ਹਾਂ ਦੀ ਮਕਬੂਲੀਅਤ ਦਾ ਲਾਭ ਓਠਾਓਣ ਦੇ ਰਾਹ ਸੋਚਣੇ ਚਾਹੀਦੇ ਹਨ।

ਅਧਿਆਇ 12

ਚੁਨੀਂ ਨਮੀਂ ਜ਼ਨੰਦ, ਜ਼ਦਨ ਈਂ ਅਸਤ

ਜੰਗ ਮਰਾੜ ਤੋਂ ਵਿਹਲੇ ਹੋ ਕੇ ਗੁਰੂ ਸਾਹਿਬ ਨੇ ਸਿੱਖੀ ਦੇ ਨਵੇਂ ਕੇਂਦਰ 'ਕੀਰਤਪੁਰ ਸਾਹਿਬ' ਦੀ ਸਾਰ ਲੈਣ ਦਾ ਨਿਰਣਾ ਕੀਤਾ। ਆਪ ਤੁਰਨ ਲੱਗੇ ਤਾਂ ਭਾਈ ਰੂਪਾ ਜੀ ਅਤੇ ਭਾਈ ਸਾਧੂ ਜੀ ਨੇ ਵੀ ਨਾਲ ਤੁਰਨਾ ਚਾਹਿਆ। ਗੁਰੂ ਸਾਹਿਬ ਨੇ ਫੁਰਮਾਇਆ ਕਿ ਸਮੇਂ ਬਿਖੜੇ ਹਨ। ਤੁਸੀਂ ਦੇਗ ਚਲਾਓ ਅਤੇ ਲੋਕਾਂ ਨੂੰ ਗੁਰਮਤਿ ਨਾਲ ਜੋੜੋ। ਇਹ ਵੀ ਸੇਵਾ ਹੈ। ਦੇਗ ਚਲਾਇ, ਗੁਰੂ ਗੁਣ ਗਾਇ। ਭਾਈ ਜੋਧਾ ਨੇ ਵੀ ਗੁਰੂ ਸਾਹਿਬ ਨਾਲ ਜਾਣ ਦੀ ਇਛਾ ਪ੍ਰਗਟ ਕੀਤੀ। ਉਸ ਨੂੰ ਆਪ ਨੇ ਆਪਣੇ ਇਲਾਕੇ ਵਿਚ ਟਿਕ ਕੇ ਗੁਰਮਤਿ ਦਾ ਚਾਨਣ ਵੰਡਣ ਲਈ ਆਖਿਆ। ਆਪ ਨੇ ਕਿਹਾ—ਗੁਰਮਤਿ ਦੀ ਲੋਅ ਸਾਰੇ ਪੰਜਾਬ ਵਿਚ ਚਾਹੀਦੀ ਹੈ। ਇਹ ਦੀਵਾ ਇਥੇ ਹੀ ਜਗੇ। ਜਿਥੇ ਜਾਵਾਂਗੇ ਨਵੇਂ ਸਾਥੀ ਹੋਰ ਮਿਲ ਜਾਣਗੇ। ਸਾਡੀ ਚਿੰਤਾ ਨਾ ਕਰੋ। ਸਾਡਾ ਰਖਵਾਲਾ ਅਕਾਲ ਪੁਰਖ ਆਪ ਹੈ।

ਮਰਾੜ ਤੋਂ ਚੱਲ ਕੇ ਆਪ ਨੇ 'ਮੱਲ ਖਾਈ', 'ਛਪਾਰ', 'ਤਖਤੂ ਪੁਰਾ', 'ਹਠੂਰ', ਅਤੇ 'ਪਖੋਂ' ਤੋਂ ਹੁੰਦੇ ਹੋਏ 'ਗੁਜਰਵਾਲ' ਜਾ ਡੇਰਾ ਕੀਤਾ। ਇਥੋਂ ਦੇ ਮੁਖੀਏ, ਚੌਧਰੀ ਫਤੂਹੀ ਨੇ ਗੁਰੂ ਸਾਹਿਬ ਦੀ ਚੰਗੀ ਆਓ ਭਗਤ ਕੀਤੀ ਅਤੇ ਸੰਗਤਾਂ ਨੂੰ ਆਖਿਆ, "ਮੇਰੇ ਵਰਗੀ ਸੇਵਾ ਕਿਸ ਨੇ ਕਰਨੀ ਹੈ। ਮੇਰਾ ਤਾਂ ਤਨ, ਮਨ, ਧਨ ਹੀ ਗੁਰੂ ਦੇ ਹਵਾਲੇ ਹੈ।" ਗੁਰੂ ਸਾਹਿਬ ਨੂੰ ਇਹ ਗੱਲ ਚੰਗੀ ਨਾ ਲਗੀ ਕਿ ਉਨ੍ਹਾਂ ਦਾ ਪ੍ਰੇਮੀ ਹੰਕਾਰ ਅਤੇ ਹਉਮੈ ਨਾਲ ਆਫਰਿਆ ਫਿਰੇ। ਅਗਲੇ ਦਿਨ ਆਪ ਸ਼ਿਕਾਰ ਚੜ੍ਹਣ ਲਗੇ ਤਾਂ ਆਪ ਨੇ ਚੌਧਰੀ ਦਾ ਪਿਆਰਾ ਸ਼ਿਕਰਾ ਸ਼ਿਕਾਰ ਖਾਤਰ ਮੰਗਿਆ। ਚੌਧਰੀ ਨੇ ਬਹਾਨਾ ਕੀਤਾ ਕਿ ਸ਼ਿਕਰਾ ਤਾਂ ਮੇਰੇ ਹੀ ਹੱਥ ਚੜ੍ਹਿਆ ਹੋਇਆ ਹੈ। ਗੁਰੂ ਸਾਹਿਬ ਨੇ ਉਸ ਨੂੰ ਸ਼ਰਮਿੰਦਾ ਕੀਤਾ ਅਤੇ ਫੁਰਮਾਇਆ ਕਲ੍ਹ ਤਾਂ ਸੰਗਤਾਂ ਨੂੰ ਹੰਕਾਰ ਨਾਲ ਦਸ ਰਿਹਾ ਸੈਂ ਕਿ ਤੇਰਾ ਤਨ ਮਨ ਧਨ ਗੁਰੂ ਦਾ ਹੈ। ਅੱਜ ਤੂੰ ਇਕ ਸ਼ਿਕਰਾ ਦੇਣ ਤੋਂ ਵੀ ਸੰਕੋਚ ਕਰ ਗਿਆ ਹੈਂ। ਮਨੁਖੀ ਮਨ ਚੰਚਲ ਹੈ। ਮਾਣ ਕਿਸੇ ਸ਼ੈਅ ਦਾ ਨਹੀਂ ਕਰਨਾ ਚਾਹੀਦਾ। ਭਲੇ ਪੁਰਖਾਂ ਦੀ ਸੰਗਤ ਅਤੇ ਸੇਵਾ ਅਕਾਲ ਪੁਰਖ ਦੀ ਮਿਹਰ ਨਾਲ ਹੀ ਮਿਲਦੀ ਹੈ। ਸਿਦਕ ਰਖੋਂ ਤਾਂ ਸਰਦਾਰੀ ਪੈਰ ਚੁੰਮੇਗੀ।

ਗੁਜਰਵਾਲ ਤੋਂ ਆਪ 'ਈਸਲੂ', 'ਖਮਾਣੋਂ', ਅਤੇ ਫਿਰ ਸੇਂਟੀ ਗਏ। ਇਥੋਂ ਦੇ ਲੋਕਾਂ ਨੂੰ ਸੁਲਤਾਨੀਆਂ ਦੇ ਵਹਿਮਾਂ ਤੋਂ ਮੁਕਤ ਕਰਕੇ ਮੜ੍ਹੀਆਂ, ਮੱਟੀਆਂ ਦੀ ਪੂਜਾ ਤੋਂ ਮੁਕਤ ਕੀਤਾ। ਇੰਜ ਹੀ ਥਾਂ ਥਾਂ ਗੁਰਮਤਿ ਦਾ ਚਾਨਣ ਵੰਡਦੇ ਆਪ ਨੰਗਲ, 'ਮਨੋਲੀ'

ਅਤੇ 'ਰੋਪੜ' ਹੁੰਦੇ ਹੋਏ 1632 ਦੇ ਸ਼ੁਰੂ ਹੁੰਦੇ ਹੁੰਦੇ 'ਕੀਰਤਪੁਰ' ਪੁੱਜ ਗਏ। ਪਤਾ ਲੱਗਣ ਤੇ ਰਾਜਾ ਤਾਰਾ ਚੰਦ ਕਹਿਲੂਰੀਆ, ਰਾਜਾ ਜਗਤ ਪ੍ਰਕਾਸ਼ ਸਿਰਮੌਰੀਆ, ਰਾਜਾ ਕਰਮ ਚੰਦ ਭੰਬੌਰੀਆ, ਰਾਜਾ ਨਰਪਤ ਸਿੰਘ ਜਮਵਾਲੀਆ, ਰਾਜਾ ਗੱਜ ਸਿੰਘ ਹੰਡੂਰੀਆ, ਰਾਜਾ ਧਰਮ ਪਾਲ ਬਘਾਟ ਵਾਲਾ ਆਦਿ ਕਿੰਨੇ ਹੀ ਪਹਾੜੀ ਰਾਜੇ ਆਪ ਦੇ ਦਰਸ਼ਨਾਂ ਲਈ ਆਏ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਗਵਾਲੀਅਰ ਤੋਂ ਛੁਡਾ ਕੇ ਨਵਾਂ ਜੀਵਨ ਦਿਤਾ ਸੀ। ਉਨ੍ਹਾਂ ਨੇ ਘੋੜੇ, ਸ਼ਸਤਰ ਅਤੇ ਕੀਮਤੀ ਸੁਗਾਤਾਂ ਭੇਟ ਕੀਤੀਆਂ। ਗੁਰ ਬਿਲਾਸ ਅਤੇ ਸੂਰਜ ਪ੍ਰਕਾਸ਼ ਅਨੁਸਾਰ ਕੀਰਤਪੁਰ ਵਿਚ ਕੀਤੇ ਇਸ ਪੜਾਅ ਦੌਰਾਨ ਗੁਰੂ ਸਾਹਿਬ ਨੇ ਬਜ਼ੁਰਗ ਪੀਰ ਬੁੱਢਣ ਸ਼ਾਹ ਦੀ ਮਨੋਕਾਮਨਾ ਵੀ ਪੂਰੀ ਕੀਤੀ। ਵਡੀ ਉਮਰਦੇ ਇਸ ਪੀਰ ਦੇ ਸਿਰ, ਦਾਹੜੀ, ਪਲਕਾਂ, ਭਰਵਟੇ ਤਕ ਸਫੈਦ ਹੋ ਚੁਕੇ ਸਨ। ਕਮਰ ਝੁਕੀ ਹੋਈ ਸੀ। ਪੀਰ ਜੀ ਨੇ ਇਸੇ ਇਲਾਕੇ ਵਿਚ ਰਹਿੰਦਿਆਂ ਕਿਸੇ ਸਮੇਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਸਨ। ਸਿਖ ਪਰੰਪਰਾ ਵਿਚ ਇਹ ਪ੍ਰਸਿਧ ਹੈ ਕਿ ਪੀਰ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਦੁਧ ਪੇਸ਼ ਕੀਤਾ। ਗੁਰੂ ਸਾਹਿਬ ਨੇ ਕਿਹਾ ਕਿ ਇਸ ਸਮੇਂ ਮਨ ਨਹੀਂ। ਕਦੇ ਫੇਰ ਪੀਆਂਗੇ। ਪੀਰ ਜੀ ਨੇ ਕਿਹਾ—ਹਜ਼ੂਰ ਕਿਤੇ ਇਹ ਤਾਂ ਨਹੀਂ ਕਿ ਮੈਨੂੰ ਮੁਸਲਮਾਨ ਜਾਣ ਕੇ ਆਪ ਮੇਰੇ ਹਥੋਂ ਦੁਧ ਨਹੀਂ ਪੀ ਰਹੇ। ਜਾਂ ਇਸ ਲਈ ਕਿ ਇਹ ਦੁੱਧ ਬਕਰੀਆਂ ਦਾ ਹੈ। ਇਸ ਉਜਾੜ ਵਿਚ ਮੇਰੇ ਜਹੇ ਗਰੀਬ ਆਪ ਨੂੰ ਹੋਰ ਕੁਝ ਪੇਸ਼ ਵੀ ਤਾਂ ਨਹੀਂ ਕਰ ਸਕਦੇ। ਗੁਰੂ ਸਾਹਿਬ ਨੇ ਕਿਹਾ—"ਨਹੀਂ ਇਹ ਬਾਤ ਨਹੀਂ। ਜਿਸ ਥਾਂ ਤੁਹਾਡੇ ਜਹੇ ਦਰਵੇਸ਼ ਵਸਦੇ ਹੋਣ ਉਹ ਥਾਵਾਂ ਉਜਾੜ ਨਹੀਂ ਰਹਿੰਦੀਆਂ। ਇਥੇ ਨਗਰ ਵਸਣਗੇ। ਰਿਹਾ ਤੁਹਾਡਾ ਦੁੱਧ। ਤੁਸੀਂ ਵੀ ਇਥੇ ਹੋ ਅਤੇ ਅਸੀਂ ਵੀ ਇਥੇ। ਦੁਧ ਅਮਾਨਤ ਰਿਹਾ।" ਕੀਰਤਪੁਰ ਦੇ ਜੰਗਲਾਂ ਵਿਚ ਸ਼ਿਕਾਰ ਨੂੰ ਚੜ੍ਹੇ ਗੁਰੂ ਸਾਹਿਬ ਸਾਥੀਆਂ ਸਮੇਤ ਪੀਰ ਜੀ ਦੇ ਡੇਰੇ ਤੇ ਆ ਨਿਕਲੇ ਅਤੇ ਪੀਰ ਜੀ ਤੋਂ ਦੁੱਧ ਮੰਗਿਆ। ਜਦੋਂ ਉਸ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਗੁਰੂ ਨਾਨਕ ਦੀ ਗੱਦੀ ਉਤੇ ਬੈਠੇ ਛੇਵੇਂ ਗੁਰੂ ਹਨ ਤਾਂ ਉਸ ਤੋਂ ਰਹਿ ਨਾ ਹੋਇਆ। ਉਸ ਨੇ ਇਛਾ ਕੀਤੀ—ਮਿਹਰਾਂ ਦੇ ਸਾਈਂ ਆਪ ਲਈ ਤਾਂ ਦੁਧ ਹਾਜ਼ਿਰ ਹੈ। ਪਰ ਗੁਰੂ ਨਾਨਕ ਸਾਹਿਬ ਨੇ ਕਦੇ ਬਚਨ ਕੀਤੇ ਸਨ ਕਿ ਸਾਡਾ ਦੁਧ ਤੇਰੇ ਕੋਲ ਅਮਾਨਤ ਰਿਹਾ। ਉਹ ਅਮਾਨਤ ਸੰਭਾਲ ਕੇ ਰਖਣ ਦੀ ਹਿੰਮਤ ਹੁਣ ਉਮਰ ਨਹੀਂ ਦਿੰਦੀ। ਕ੍ਰਿਪਾ ਕਰੋ ਕਿ ਗੁਰੂ ਨਾਨਕ ਆਪਣੀ ਅਮਾਨਤ ਵਾਪਸ ਲੈ ਕੇ ਮੈਨੂੰ ਸਰਖਰੂ ਕਰਨ। ਉਸੇ ਛਿਣ ਬਾਬਾ ਗੁਰਦਿਤਾ ਜੀ ਆ ਪੁਜੇ। ਗੁਰੂ ਨਾਨਕ ਸਾਹਿਬ ਦਾ ਮੁਹਾਂਦਰਾ। ਗੁਰੂ ਜੋਤਿ ਦੀ ਸੰਤਾਨ। ਗੁਰੂ ਸਾਹਿਬ ਅਤੇ ਬਾਬਾ ਗੁਰਦਿਤਾ ਜੀ ਦੋਹਾਂ ਨੇ ਦੁਧ ਪੀਤਾ।

ਕੀਰਤਪੁਰ ਵਿਚ ਗੁਰੂ ਸਾਹਿਬ ਨੇ ਪਹਾੜੀ ਲੋਕਾਂ ਨੂੰ ਦੇਵੀ ਦੇਵਤਿਆਂ ਦੀ ਪੂਜਾ ਦੀ ਥਾਂ ਇਕ ਅਕਾਲ ਪੁਰਖ ਨਾਲ ਜੁੜਣ ਦਾ ਸੰਦੇਸ਼ ਦਿਤਾ। ਗੁਰੂ ਸਾਹਿਬ ਦੇ ਵਿਚਾਰਾਂ ਤੋਂ ਪ੍ਰਭਾਵਿਤ ਇਕ ਨਵਾਂ ਬਣਿਆ ਸ਼ਰਧਾਲੂ ਜੋਸ਼ ਵਿਚ ਦੇਵੀ ਦੇ ਮੰਦਰ ਜਾ ਕੇ ਬੁਤ ਦਾ ਨਕ ਭੰਨ ਆਇਆ। ਭੈਰੋ ਨਾਮ ਦੇ ਇਸ ਸ਼ਰਧਾਲੂ ਨੂੰ ਪੁਜਾਰੀਆਂ ਨੇ ਫੜ ਲਿਆ ਅਤੇ ਰਾਜੇ ਕੋਲ ਲੈ ਗਏ। ਰਾਜੇ ਨੇ ਪੁੱਛਿਆ ਤਾਂ ਭੈਰੋ ਨੇ ਕਿਹਾ—ਪੁਜਾਰੀ ਤਾਂ ਗਵਾਹ ਹੈ।

ਮੁਦਈ ਤਾਂ ਦੇਵੀ ਹੈ। ਅਸੂਲ ਮੁਤਾਬਕ ਤੁਸੀਂ ਪਹਿਲਾਂ ਮੁਦਈ ਨੂੰ ਪੁਛੋ ਕਿ ਕਸੂਰਵਾਰ ਮੈਂ ਹਾਂ ਕਿ ਕੋਈ ਹੋਰ। ਸਾਰੇ ਕਹਿਣ ਲਗੇ-"ਅਜੀਬ ਮੂਰਖ ਹੈ ਇਹ ਬੰਦਾ। ਕਦੇ ਬੁਤ ਵੀ ਬੋਲ ਸਕਦਾ ਹੈ।" ਭੈਰੋਂ ਇਕ ਦਮ ਬੋਲਿਆ "ਇਹੀ ਤਾਂ ਮੈਂ ਕਹਿੰਦਾ ਹਾਂ। ਜੋ ਬੁਤ ਬੋਲ ਨਹੀਂ ਸਕਦਾ, ਆਪਣੀ ਰਖਿਆ ਨਹੀਂ ਕਰ ਸਕਦਾ, ਆਪਣੇ ਲਈ ਇਨਸਾਫ ਨਹੀਂ ਮੰਗ ਸਕਦਾ। ਉਹ ਤੁਹਾਡੀ ਰੱਖਿਆ ਕਿਵੇਂ ਕਰੇਗਾ? ਮੈਂ ਤਾਂ ਕਹਿੰਦਾ ਹਾਂ ਕਿ ਤੁਸੀਂ ਇਸ ਬੁਤ ਨੂੰ ਛਡ ਕੇ ਇਕ ਅਕਾਲ ਪੁਰਖ ਨਾਲ ਜੁੜੋ।" ਦਬਸਤਾਨਿ ਮਜ਼ਾਹਬ ਨੇ ਇਪ ਘਟਨਾ ਦਾ ਵਿਸਤਾਰ ਨਾਲ ਉਲੇਖ ਕੀਤਾ ਹੈ। ਇਹ ਘਟਨਾ ਸਿਖ ਸ਼ਰਧਾਲੂਆਂ ਦੀ ਗੁਰੂ ਸਾਹਿਬ ਪ੍ਰਤਿ ਅਤੁੱਟ ਅਤੇ ਅਗਾਧ ਸ਼ਰਧਾ ਦਾ ਇਕ ਪ੍ਰਤੀਕ ਹੀ ਸੀ। ਕੀਰਤਪੁਰ ਵਿਚ ਭਾਈ ਝੰਡਾ ਅਤੇ ਭਾਈ ਚੂਹੜ ਜੀ ਨਾਲ ਜੁੜੀਆਂ ਦੋ ਘਟਨਾਵਾਂ ਇਸ ਦੀ ਪੁਸ਼ਟੀ ਕਰਦੀਆਂ ਹਨ।

ਹੋਇਆ ਇਹ ਕਿ ਭਾਈ ਝੰਡਾ ਜੀ ਨੂੰ ਇਕ ਦਿਨ ਗੁਰੂ ਸਾਹਿਬ ਨੇ ਕਿਹਾ, ਝੰਡਾ ਜੀ ਲੰਗਰ ਲਈ ਲਕੜਾਂ ਦੀ ਕਮੀਂ ਹੈ। ਸੰਗਤਾਂ ਨੂੰ ਕਹੋ ਕਿ ਜੋ ਵੀ ਲੰਗਰ ਲਈ ਬਾਲਣ ਢੋਵੇਗਾ, ਉਸ ਨੂੰ ਗੁਰੂ ਨਾਨਕ ਨਿਹਾਲ ਕਰਨਗੇ। ਭਾਈ ਝੰਡਾ ਤਿੰਨ ਦਿਨ ਗੁਰੂ ਸਾਹਿਬ ਨੂੰ ਨਜ਼ਰ ਹੀ ਨਾ ਪਏ। ਪਤਾ ਕੀਤਾ ਤਾਂ ਕਿਸੇ ਦਸਿਆ ਕਿ ਉਹ ਤਿੰਨ ਦਿਨ ਤੋਂ ਰਾਤ ਦਿਨ ਲੰਗਰ ਲਈ ਲਕੜਾਂ ਢੋ ਰਹੇ ਸਨ। ਗੁਰੂ ਸਾਹਿਬ ਨੇ ਪੁੱਛਿਆ ਤਾਂ ਉਸ ਨੇ ਕਿਹਾ-ਸੰਗਤ ਵਿਚ ਮੈਂ ਵੀ ਤਾਂ ਸ਼ਾਮਿਲ ਹਾਂ। ਮੈਂ ਗੁਰੂ ਦੀਆਂ ਖੁਸ਼ੀਆਂ ਤੋਂ ਵਿਰਵਾ ਕਿਉਂ ਰਹਾਂ। ਇੰਜ ਹੀ ਇਕ ਰੋਜ਼ ਭਾਈ ਚੂਹੜ ਜੀ ਨੂੰ ਆਪ ਨੇ ਕਿਹਾ-ਭਾਈ ਸਾਹਿਬ ਧਰਮਸ਼ਾਲਾ ਦੀ ਪੱਕੀ ਚਾਰ ਦੀਵਾਰੀ ਲਈ ਪੱਥਰਾਂ ਦੀ ਲੋੜ ਹੈ। ਸੰਗਤਾਂ ਨੂੰ ਆਖੋ ਕਿ ਸੇਵਾ ਕਰਨ ਤੇ ਗੁਰੂ ਦੀਆਂ ਖੁਸ਼ੀਆਂ ਹਾਸਿਲ ਕਰਨ। ਉਹ ਇਸ ਕਾਰਜ ਨੂੰ ਦੂਜਿਆਂ ਆਸਰੇ ਛੱਡਣ ਦੀ ਥਾਂ ਦਿਨ ਰਾਤ ਆਪ ਕਰਦਾ ਰਿਹਾ। ਇਟਾਂ ਪੱਥਰ ਢੋ ਢੋ ਕੇ ਛਿਲੇ ਹੋਏ ਹੱਥਾਂ ਪੈਰਾਂ ਨੂੰ ਗੁਰੂ ਸਾਹਿਬ ਨੇ ਆਪ ਚੁੰਮਿਆ ਅਤੇ ਕਿਹਾ-ਭਾਈ ਚੂਹੜ ਤੇਰੀ ਘਾਲ ਥਾਏਂ ਪਈ। ਤੇਰਾ ਵੰਸ਼ ਬਹਾਦਰਾਂ ਅਤੇ ਜੋਧਿਆਂ ਦਾ ਵੰਸ਼ ਹੋਵੇਗਾ। ਸੂਰਜ ਪ੍ਰਕਾਸ਼ ਗ੍ਰੰਥ ਅਨੁਸਾਰ ਮਜੀਠੀਏ ਸਰਦਾਰ ਅਤੇ ਯੰਧੇ ਭਾਈ ਚੂਹੜ ਜੀ ਦੇ ਵੰਸ਼ ਵਿਚੋਂ ਹੀ ਹਨ।

ਇਨ੍ਹਾਂ ਦਿਨਾਂ ਵਿਚ ਹੀ ਗੁਰੂ ਸਾਹਿਬ ਨੂੰ 'ਕਰਤਾਰਪੁਰ' ਤੋਂ ਸੰਦੇਸ਼ ਮਿਲਿਆ ਕਿ ਸਾਹਿਬਜ਼ਾਦਾ ਤੇਗ ਬਹਾਦੁਰ ਜੀ ਦੀ ਸ਼ਾਦੀ ਦਾ ਸਮਾਂ ਆ ਪੁੱਜਾ ਹੈ। ਆਪ ਦਰਸ਼ਨ ਦਿਓ। ਇਸ ਲਈ ਆਪ ਕਰਤਾਰਪੁਰ ਜਾ ਪੁਜੇ। ਭਾਈ ਬਿਧੀ ਚੰਦ ਅਤੇ ਹੋਰ ਯੋਧੇ ਤੇ ਸ਼ਰਧਾਲੂ ਵੀ ਆਪ ਦੇ ਨਾਲ ਸਨ। ਸੰਗਤਾਂ ਹੁਮ ਹੁਮਾ ਕੇ ਪੁੱਜੀਆਂ। ਖੁਸ਼ੀ ਨਾਲ ਉਨ੍ਹਾਂ ਦੀਆਂ ਅੱਖਾਂ ਵਿਚ ਜਲ ਛਲਕ ਆਇਆ। ਪੈਂਦੇ ਖ਼ਾਨ ਅਗੋਂ ਹੋ ਕੇ ਮਿਲਿਆ। ਭਾਈ ਬਿਧੀ ਚੰਦ ਨੇ ਸੁਆਦ ਲਾ ਲਾ ਕੇ ਲਾਹੌਰ ਤੋਂ ਘੋੜੇ ਲਿਆਉਣ ਦੀ ਵਿਥਿਆ ਸੁਣਾਈ। ਘਾਹੀ ਦੇ ਰੂਪ ਵਿਚ ਮਨਚਲੇ ਹੋ ਕੇ ਵਿਚਰਨ ਅਤੇ ਨਜੂਮੀ ਬਣ ਕੇ ਸਭ ਦੀਆਂ ਅੱਖਾਂ ਵਿਚ ਘਟਾ ਪਾਣ ਦੇ ਵੇਰਵੇ ਸੁਣਾ ਸੁਣਾ ਸਭ ਦਾ ਮਨੋਰੰਜਨ ਕੀਤਾ। ਫਿਰ ਜੰਗ ਮਰਾੜ ਦੀ ਵਿਥਿਆ ਸੁਣਾਈ। ਪੈਂਦੇ ਖਾਨ ਨੇ ਭਾਈ ਬਿਧੀ ਚੰਦ ਨੂੰ ਆਖਿਆ

ਕਿ ਮੈਂ ਹੁੰਦਾ ਤਾਂ ਗੁਰੂ ਸਾਹਿਬ ਦੇ ਇੰਨੇ ਬੰਦੇ ਸ਼ਹੀਦ ਨਹੀਂ ਸਨ ਹੋਣੇ। ਭਾਈ ਜੇਠਾ ਜੀ ਨੂੰ ਵੀ ਮੈਂ ਸ਼ਹੀਦ ਨਹੀਂ ਸੀ ਹੋਣ ਦੇਣਾ। ਭਾਈ ਸਾਹਿਬ ਨੇ ਕਿਹਾ-ਸਭ ਗੁਰੂ ਦੇ ਹੁਕਮ ਦੀ ਖੇਡ ਹੈ। ਉਹ ਜਿਵੇਂ ਚਾਹੁਣ ਉਵੇਂ ਹੀ ਹੁੰਦਾ ਹੈ। ਤੈਨੂੰ ਉਹ ਆਪ ਹੀ ਕਰਤਾਰਪੁਰ ਛੱਡ ਕੇ ਗਏ ਸਨ। ਉਨ੍ਹਾਂ ਨੂੰ ਉਥੇ ਤੇਰੀ ਸੇਵਾ ਲੈਣੀ ਮਨਜ਼ੂਰ ਨਹੀਂ ਹੋਣੀ। ਭਾਈ ਸਾਹਿਬ ਨੂੰ ਲੱਗਾ ਕਿ ਪੈਂਦੇ ਖਾਨ ਹੰਕਾਰ ਵਿਚ ਗ੍ਰਸਿਤ ਹੋ ਰਿਹਾ ਹੈ। ਉਨ੍ਹਾਂ ਗੁਰੂ ਸਾਹਿਬ ਨੂੰ ਇਸ ਬਾਰੇ ਦਸਿਆ ਤਾਂ ਗੁਰੂ ਸਾਹਿਬ ਨੇ ਕਿਹਾ-ਆਪ ਚਿੰਤਾ ਨਾ ਕਰੋ। ਅਕਾਲ ਪੁਰਖ ਭਲੀ ਕਰਨਗੇ। ਇਸ ਤੋਂ ਕੁਝ ਦਿਨ ਬਾਦ ਗੁਰੂ ਤੇਗ ਬਹਾਦੁਰ ਸਾਹਿਬ ਦੀ ਬੀਬੀ ਗੁਜਰੀ ਜੀ ਨਾਲ ਸ਼ਾਦੀ ਬੜੇ ਪ੍ਰੇਮ ਤੇ ਧੂਮ ਧਾਮ ਨਾਲ ਕੀਤੀ ਗਈ। 'ਗੋਇੰਦਵਾਲ 'ਤੋਂ ਲੈ ਕੇ ਭਾਈ ਰੂਪਾ ਤੀਕ, ਦੂਰ ਦੂਰ ਤਕ ਸਦੇ ਭੇਜੇ ਗਏ। ਗੁਰ ਬਿਲਾਸ ਅਨੁਸਾਰ ਬਰਾਤ ਵਿਚ ਭਾਈ ਰੂਪ ਚੰਦ, ਰਾਇ ਜੋਧ, ਭਾਈ ਰਾਮਾ, ਭਾਈ ਧਰਮਾ, ਭਾਈ ਸਾਧੂ, ਭਾਈ ਬਿਧੀ ਚੰਦ, ਭਾਈ ਪਰਮਾ ਨੰਦ, ਬਾਬਾ ਸੁੰਦਰ, ਬਾਬਾ ਦਾਤੂ, ਭਾਈ ਜਾਤੀ ਮਲ ਅਤੇ ਗੁਰੂ ਪਰਿਵਾਰ ਦੇ ਸਾਰੇ ਨਿਕਟ ਸੰਬੰਧੀ ਸ਼ਾਮਲ ਹੋਏ।

ਵਿਆਹ ਉਪਰੰਤ ਵਿਸਾਖੀ ਆ ਗਈ। 'ਕਰਤਾਰਪੁਰ' ਵਿਚ ਭਾਰੀ ਦੀਵਾਨ ਸਜਿਆ। ਦੀਵਾਨ ਦੀ ਛਬਿ ਵੇਖਣ ਵਾਲੀ ਸੀ। ਭਰਿਆ ਪੂਰਾ ਪਰਿਵਾਰ ਤੇ ਸਿਖ ਯੋਧੇ ਸਜ ਰਹੇ ਸਨ। ਗੁਰ ਬਿਲਾਸ ਅਨੁਸਾਰ ਇਸ ਦੀਵਾਨ ਵਿਚ ਇਕ ਵਪਾਰੀ ਚਤਰ ਸੇਨ (ਪ੍ਰਿੰ: ਸਤਿਬੀਰ ਸਿੰਘ ਜੀ ਨੇ ਇਸ ਦਾ ਨਾਮ ਕਾਬਲੀ ਮਲ ਦਸਿਆ ਹੈ।) ਨੇ ਸੋਲਾਂ ਲੱਖ ਦਾ ਇਕ ਘੋੜਾ, ਇਕ ਚਿਟਾ ਬਾਜ਼, ਜ਼ਰੀਦਾਰ ਬਸਤਰ, ਕੀਮਤੀ ਢਾਲ ਤੇ ਜੜਾਊ ਮੁਠ ਵਾਲੀ ਇਕ ਤਲਵਾਰ ਆਦਿ ਕੀਮਤੀ ਸੁਗਾਤਾਂ ਭੇਟ ਕੀਤੀਆਂ। ਬਾਜ਼ ਆਪ ਨੇ ਦੀਵਾਨ ਵਿਚ ਬੈਠੇ ਬਾਬਾ ਗੁਰਦਿਤਾ ਜੀ ਨੂੰ ਦੇ ਦਿਤਾ। ਬਾਕੀ ਸਾਰੀਆਂ ਚੀਜ਼ਾਂ ਆਪ ਨੇ ਪੈਂਦੇ ਖਾਨ ਨੂੰ ਦੇ ਦਿਤੀਆਂ। ਗੁਰੂ ਜੀ ਨੇ ਉਸ ਨੂੰ ਆਖਿਆ ਅਗੇ ਤੋਂ ਜਦੋਂ ਦੀਵਾਨ ਵਿਚ ਆਓ ਤਾਂ ਇਨ੍ਹਾਂ ਜ਼ਰੀਦਾਰ ਬਸਤਰਾਂ ਉਤੇ ਇਹ ਕੀਮਤੀ ਸ਼ਸਤਰ ਪਹਿਣ ਕੇ ਆਇਆ ਕਰੋ। ਸਵਾਰੀ ਲਈ ਇਹ ਸੁੰਦਰ ਘੋੜਾ ਵਰਤੋ। ਪੈਂਦੇ ਖਾਨ ਨੂੰ ਹੰਕਾਰ ਤਾਂ ਅਗੇ ਹੀ ਸੀ, ਹੁਣ ਹੋਰ ਵਧੇਰੇ ਹੰਕਾਰ ਹੋ ਗਿਆ ਕਿ ਮੇਰੀ ਬਹਾਦਰੀ ਕਾਰਨ ਗੁਰੂ ਸਾਹਿਬ ਮੇਰੀ ਕਦਰ ਬਿਧੀ ਚੰਦ ਜਹੇ ਬੀਰਾਂ ਨਾਲੋਂ ਤਾਂ ਕੀ ਆਪਣੇ ਸਾਹਿਬਜ਼ਾਦਿਆਂ ਨਾਲੋਂ ਵੀ ਵਧ ਕਰਦੇ ਹਨ। ਇਹ ਕੀਮਤੀ ਵਸਤਾਂ ਵੀ ਉਨ੍ਹਾਂ ਮੈਨੂੰ ਹੀ ਦਿਤੀਆਂ ਹਨ। ਹੋਰ ਕਿਸੇ ਨੂੰ ਇਨ੍ਹਾਂ ਦਾ ਅਧਿਕਾਰੀ ਨਹੀਂ ਜਾਤਾ। ਬੜੇ ਚਾਅ ਤੇ ਮਾਣ ਨਾਲ ਉਸ ਇਹ ਸੁਗਾਤਾਂ ਲਈਆਂ ਅਤੇ ਆਪਣੇ ਪਿੰਡ 'ਛੋਟੇ ਮੀਰ' ਚਲਾ ਗਿਆ। ਪਿੰਡ ਗਿਆ ਤਾਂ ਉਸ ਦੇ ਜਵਾਈ ਉਸਮਾਨ ਖਾਨ ਨੇ ਇਹ ਚੀਜ਼ਾਂ ਵੇਖੀਆਂ। ਉਹ ਲਲਚਾ ਗਿਆ। ਉਸ ਨੇ ਇਹ ਚੀਜ਼ਾਂ ਲੈਣ ਲਈ ਜ਼ਿਦ ਕਰ ਲਈ। ਪੈਂਦੇ ਖਾਨ ਨੇ ਸਮਝਾਇਆ ਕਿ ਇਹ ਗੁਰੂ ਸਾਹਿਬ ਦੀ ਅਮਾਨਤ ਹਨ। ਉਨ੍ਹਾਂ ਮੈਨੂੰ ਵਰਤਨ ਦਾ ਹੁਕਮ ਦਿਤਾ ਹੈ। ਇਹ ਪਹਿਣ ਕੇ ਹੀ ਮੈਂ ਉਨ੍ਹਾਂ ਦੇ ਦਰਬਾਰ ਵਿਚ ਜਾਣਾ ਹੁੰਦਾ ਹੈ। ਪਰ ਜਵਾਈ ਦੇ ਹੱਠ ਅਗੇ ਉਸ ਆਖਰ ਹਾਰ ਮੰਨ ਲਈ। ਸਾਰੀਆਂ ਸੁਗਾਤਾਂ ਉਸ ਨੂੰ ਦੇ ਦਿਤੀਆਂ। ਅਮਾਨਤ ਵਿਚ ਖਿਆਨਤ ਦੇ ਡਰੋਂ ਉਹ ਚਾਰ ਪੰਜ ਦਿਨ ਗੁਰੂ ਸਾਹਿਬ ਦੇ ਦਰਬਾਰ ਵੀ

ਨਾ ਵੜਿਆ। ਇਸੇ ਦੌਰਾਨ ਉਸਮਾਨ ਖਾਨ ਬਣ ਫਬ ਕੇ ਸਾਥੀਆਂ ਨਾਲ ਸ਼ਿਕਾਰ ਨੂੰ ਨਿਕਲ ਤੁਰਿਆ। ਕੁਦਰਤ ਨਾਲ ਉਸੇ ਸਮੇਂ ਬਾਬਾ ਗੁਰਦਿਤਾ ਜੀ ਵੀ ਸਾਥੀਆਂ ਸਣੇ ਜੰਗਲ ਵਿਚ ਸ਼ਿਕਾਰ ਤੇ ਚੜ੍ਹੇ ਹੋਏ ਸਨ। ਸੁਗਾਤ ਵਾਲਾ ਕੀਮਤੀ ਚਿਟਾ ਬਾਜ਼ ਜਿਹੜੇ ਸ਼ਿਕਾਰ ਤੇ ਝਪਟਦਾ ਉਸ ਨੂੰ ਕਾਬੂ ਕਰ ਲੈਂਦਾ। ਉਸ ਦੀ ਫੁਰਤੀ ਤੇ ਖੂਬਸੂਰਤੀ ਵੇਖਣ ਵਾਲੇ ਦਾ ਮਨ ਮੋਹ ਲੈਂਦੀ ਸੀ। ਪੈਂਦੇ ਖਾਨ ਦੇ ਪਿੰਡ ਲਾਗੇ ਇਕ ਸੁਰਖਾਬ ਨੂੰ ਸੁੱਟ ਕੇ ਮਜ਼ੇ ਨਾਲ ਖਾਂਦੇ ਇਸ ਬਾਜ਼ ਨੂੰ ਅਚਾਨਕ ਉਸਮਾਨ ਖਾਨ ਨੇ ਫੜ ਲਿਆ ਅਤੇ ਪਿੰਡ ਜਾ ਵੜਿਆ। ਬਾਬਾ ਗੁਰਦਿਤਾ ਜੀ ਦੇ ਸਾਥੀਆਂ ਨੇ ਦੂਰੋਂ ਉਸ ਨੂੰ ਤਕ ਲਿਆ। ਉਨ੍ਹਾਂ ਉਸਮਾਨ ਖਾਨ ਤੋਂ ਬਾਜ਼ ਮੰਗਿਆ ਤਾਂ ਉਸ ਨਾਂਹ ਕਰ ਦਿਤੀ। ਬਾਬਾ ਜੀ ਨੇ ਪੈਂਦੇ ਖਾਨ ਦੇ ਜਵਾਈ ਨਾਲ ਸਿਧੀ ਗੱਲ ਕਰਨ ਦੀ ਥਾਂ ਸਾਰਾ ਮਾਮਲਾ ਗੁਰੂ ਸਾਹਿਬ ਅਗੇ ਜਾ ਰੱਖਿਆ।

ਗੁਰੂ ਸਾਹਿਬ ਨੇ ਕਿਹਾ ਪੈਂਦੇ ਖਾਨ ਨੂੰ ਉਂਜ ਵੀ ਆਏ ਨੂੰ ਚਾਰ ਪੰਜ ਦਿਨ ਹੋ ਗਏ ਹਨ। ਬੁਲਾ ਕੇ ਲਿਆਓ। ਗੁਰੂ ਜੀ ਦੇ ਸੱਦੇ ਤੇ ਪੈਂਦੇ ਖਾਨ ਨੇ ਬਾਜ਼ ਤੇ ਹੋਰ ਕੀਮਤੀ ਸੁਗਾਤਾਂ ਉਸਮਾਨ ਖਾਨ ਤੋਂ ਮੰਗੀਆਂ ਤਾਂ ਕਿ ਗੁਰੂ ਦਰਬਾਰ ਵਿਚ ਉਸ ਦੀ ਇਜ਼ਤ ਬਣੀ ਰਹੇ। ਉਸਮਾਨ ਖਾਨ ਨੇ ਤੋੜ ਕੇ ਜਵਾਬ ਦੇ ਦਿਤਾ ਅਤੇ ਉਲਟਾ ਪੈਂਦੇ ਖਾਨ ਨੂੰ ਆਖਿਆ, "ਚੰਗੇ ਬੰਦੇ ਹੋ ਤੁਸੀਂ ਪਠਾਣ ਹੋ ਕੇ ਕਾਫਰ ਨੂੰ ਗੁਰੂ ਪੀਰ ਮੰਨ ਕੇ ਉਸ ਦੀ ਗੁਲਾਮੀ ਕਰੀ ਬੈਠੇ ਹੋ।" ਪੈਂਦੇ ਖਾਨ ਚੁਪ ਕਰ ਗਿਆ। ਸਿਰ ਸੁਟ ਕੇ ਗੁਰੂ ਸਾਹਿਬ ਕੋਲ ਪੇਸ਼ ਹੋ ਗਿਆ। ਗੁਰੂ ਸਾਹਿਬ ਨੇ ਪੁੱਛਿਆ ਕਿ ਤੇਰੇ ਸੁੰਦਰ ਬਸਤਰ ਸ਼ਸਤਰ ਤੇ ਘੋੜਾ ਕਿਥੇ ਹਨ ? ਉਸ ਨੇ ਕਿਹਾ—ਮਹਾਰਾਜ ਆਪ ਦਾ ਹੁਕਮ ਆਇਆ। ਜਿਵੇਂ ਬੈਠਾ ਸਾਂ, ਉਵੇਂ ਹੀ ਆ ਗਿਆ ਹਾਂ। ਮਹਾਰਾਜ ਨੇ ਬਾਜ਼ ਬਾਰੇ ਪੁੱਛਿਆ ਤਾਂ ਉਹ ਉਕਾ ਹੀ ਮੁੱਕਰ ਗਿਆ। ਆਖਣ ਲੱਗਾ—ਗੁਰਦਿਤਾ ਜੀ ਨੂੰ ਭੁਲੇਖਾ ਲੱਗਾ ਹੈ। ਕੋਈ ਹੋਰ ਲੈ ਗਿਆ ਹੋਵੇਗਾ ਬਾਜ਼। ਮੇਰੇ ਜਵਾਈ ਨੇ ਨਹੀਂ ਲਿਆ। ਕਲ ਬਾਬਾ ਗੁਰਦਿਤਾ ਜੀ ਦੇ ਬੰਦੇ ਵੀ ਪੁੱਛ ਰਹੇ ਸਨ। ਸਾਨੂੰ ਬਾਜ਼ ਚੁਰਾਣ ਦੀ ਕੀ ਲੋੜ। ਸਿਖਾਂ ਨੇ ਗੁਰੂ ਜੀ ਨੂੰ ਆਖਿਆ ਕਿ ਅਸੀਂ ਉਸਮਾਨ ਖਾਨ ਨੂੰ ਬਾਜ਼ ਫੜਦੇ ਆਪ ਤਕਿਆ ਹੈ। ਉਸ ਨੇ ਉਹ ਸ਼ਸਤਰ ਬਸਤਰ ਵੀ ਪਾਏ ਹੋਏ ਸਨ ਜੋ ਤੁਸੀਂ ਪੈਂਦੇ ਖਾਨ ਨੂੰ ਬਖਸ਼ੇ ਸਨ। ਉਹ ਉਸੇ ਘੋੜੇ ਤੇ ਹੀ ਸਵਾਰ ਹੋ ਕੇ ਛੋਟੇ ਮੀਰ ਨੂੰ ਗਿਆ ਸੀ ਜੋ ਆਪ ਨੇ ਦਿਤਾ ਸੀ। ਪੈਂਦੇ ਖਾਨ ਨੇ ਫਿਰ ਵੀ ਪੈਰਾਂ ਤੇ ਪਾਣੀ ਨਾ ਪੈਣ ਦਿਤਾ। ਗੁਰੂ ਸਾਹਿਬ ਨੇ ਸਮਝਾਇਆ ਕਿ ਗੱਲ ਵਧਾਣੀ ਠੀਕ ਨਹੀਂ। ਗੁਰੂ ਘਰ ਵਿਚ ਝੂਠ ਨਹੀਂ ਬੋਲੀਦਾ। ਇਹ ਬਾਜ਼ ਮੋੜ ਦੇ, ਤੈਨੂੰ ਹੋਰ ਦੇ ਦੇਵਾਂਗੇ। ਨਾਲੇ ਉਹ ਸ਼ਸਤਰ ਬਸਤਰ ਤੇ ਘੋੜਾ ਵੀ ਤੇਰੇ ਲਈ ਹੈ, ਤੇਰੇ ਜਵਾਈ ਲਈ ਨਹੀਂ। ਉਸ ਨੂੰ ਲੋੜ ਹੈ ਤਾਂ ਦਸ। ਹੋਰ ਪ੍ਰਬੰਧ ਕਰ ਦਿਆਂਗੇ। ਪੈਂਦੇ ਖਾਨ ਨੇ ਗੁਰਗਦੀ ਵਲ ਹੱਥ ਕਰਦੇ ਹੋਏ, ਸਹੁੰ ਖਾਧੀ ਤੇ ਕਿਹਾ, ਜੇ ਮੈਂ ਝੂਠ ਬੋਲਾਂ ਤਾਂ ਮੈਨੂੰ ਇਸੇ ਗੱਦੀ ਦੀ ਮਾਰ ਵਗੇ। ਗੁਰੂ ਸਾਹਿਬ ਨੇ ਕਿਹਾ ਗੱਦੀ ਦੀ ਝੂਠੀ ਸਹੁੰ ਖਾ ਕੇ ਆਪਣਾ ਅੱਗਾ ਨਾ ਖਰਾਬ ਕਰ। ਉਨ੍ਹਾਂ ਬਿਧੀ ਚੰਦ ਨੂੰ ਇਸ਼ਾਰਾ ਕੀਤਾ ਤਾਂ ਉਹ ਪੈਂਦੇ ਖਾਨ ਦੇ ਘਰੋਂ ਬਾਜ਼ ਸਮੇਤ ਸਾਰਾ ਕੁਝ ਲੈ ਆਇਆ। ਪੈਂਦੇ ਖਾਨ ਨੇ ਹੁਣ ਹੋਰ ਝੂਠ

ਬੋਲਿਆ ਤੇ ਕਿਹਾ—ਸਿਖਾਂ ਨੇ ਆਪ ਹੀ ਬਾਜ਼ ਲੁਕਾ ਰੱਖਿਆ ਸੀ। ਆਪੇ ਲਿਆ ਦਿਤਾ ਹੈ। ਊਜਾਂ ਮੇਰੇ ਤੇ ਲਾ ਰਹੇ ਹਨ। ਇਹ ਮੇਰੇ ਤੋਂ ਸ਼ਸਤਰ ਬਸਤਰ ਤੇ ਘੋੜਾ ਖੋਹਣ ਦੀ ਚਾਲ ਹੈ। ਇਹ ਇੰਨਾ ਨਹੀਂ ਜਾਣਦੇ ਕਿ ਇਨ੍ਹਾਂ ਦੀ ਤੇ ਇਨ੍ਹਾਂ ਦੇ ਗੁਰੂ ਦੀ ਸਾਰੀ ਸ਼ਾਨ ਤੇ ਤਾਕਤ ਮੇਰੇ ਕਾਰਨ ਹੈ। ਗੁਰੂ ਪੀਰ ਅਖਵਾ ਕੇ ਤੁਸੀਂ ਆਪ ਇਸ ਛਲ ਫਰੇਬ ਵਿਚ ਸ਼ਰੀਕ ਹੋ ਰਹੇ ਹੋ। ਇਹ ਠੀਕ ਨਹੀਂ। ਗੁਰੂ ਸਾਹਿਬ ਨੇ ਉਸ ਨੂੰ 'ਕਰਤਾਰਪੁਰ' ਦੀ ਜੂਹ ਤੋਂ ਬਾਹਰ ਕਢਣ ਦਾ ਹੁਕਮ ਦਿਤਾ ਤਾਂ ਉਹ ਬੋਲਿਆ—ਮੈਂ ਤੁਹਾਨੂੰ ਝੂਠੀਆਂ ਤੁਹਮਤਾਂ ਲਾਣ ਦਾ ਮਜ਼ਾ ਚਖਾਵਾਂਗਾ।

ਘਰ ਗਿਆ ਤਾਂ ਉਸਮਾਨ ਖਾਨ ਨੇ ਮੁੜ ਚੁਕਿਆ। ਉਸ ਆਖਿਆ ਕਿ ਚੰਗਾ ਹੋਇਆ ਖਹਿੜਾ ਛੁੱਟਾ। ਦੋਵੇਂ ਜਣੇ ਸਾਥੀਆਂ ਸਮੇਤ ਜਲੰਧਰ ਦੇ ਸੂਬੇਦਾਰ ਕੁਤਬਦੀਨ ਕੋਲ ਗਏ। ਪੈਂਦੇ ਖਾਨ ਨੇ ਦਸਿਆ ਕਿ ਮੈਂ ਗੁਰੂ ਦੀਆਂ ਫੌਜਾਂ ਦਾ ਸੈਨਾਪਤੀ ਸਾਂ। ਉਸ ਦੀ ਤਾਕਤ ਤੇ ਜਿਤਾਂ ਮੇਰੇ ਕਾਰਨ ਹੀ ਸਨ। ਮੈਨੂੰ ਹੁਣ ਸਮਝ ਆ ਗਈ ਹੈ। ਮੈਂ ਉਸ ਨੂੰ ਛਡ ਕੇ ਇਸਲਾਮ ਦੀਆਂ ਜੜ੍ਹਾਂ ਮਜ਼ਬੂਤ ਕਰਨਾ ਚਾਹੁੰਦਾ ਹਾਂ। ਕੁਤਬਦੀਨ ਨੂੰ ਇਹ ਗੱਲ ਜਚ ਗਈ। ਤਿੰਨੇ ਲਾਹੌਰ ਗਏ। ਉਥੋਂ ਉਨ੍ਹਾਂ ਨੇ ਲਲਾ ਬੇਗ ਅਤੇ ਮੁਖਲਿਸ ਖਾਨ ਦੇ ਸੰਬੰਧੀਆਂ ਨੂੰ ਗੁਰੂ ਤੋਂ ਬਦਲਾ ਲੈਣ ਦਾ ਉਚਿਤ ਮੌਕਾ ਦਸ ਕੇ ਨਾਲ ਰਲਣ ਲਈ ਕਿਹਾ। ਉਹ ਪਹਿਲੀ ਮਾਰ ਖਾ ਕੇ ਹੀ ਅਜੇ ਉਠੇ ਨਹੀਂ ਸਨ। ਫਿਰ ਵੀ ਬੇਦਿਲੇ ਜਹੇ ਨਾਲ ਹੋ ਤੁਰੇ। ਵੇਖਦੇ ਵੇਖਦੇ ਹੀ ਜੰਗ ਦੇ ਬੱਦਲ ਕਰਤਾਰਪੁਰ ਉਤੇ ਮੁੜ ਮੰਡਰਾ ਉਠੇ। ਭੱਟ ਵਹੀਆਂ ਇਸ ਜੰਗ ਦੀ ਮਿਤੀ 29-30 ਤੇ 31 ਵਿਸਾਖ ਸੰਮਤ 1692 (1635 ਈ.) ਦਿੰਦੀਆਂ ਹਨ।

ਪੈਂਦੇ ਖਾਨ ਨੂੰ ਗੁਰੂ ਸਾਹਿਬ ਦੇ ਟਿਕਾਣਿਆਂ ਦਾ ਪਤਾ ਸੀ। ਜੰਗ ਤੋਂ ਪਹਿਲਾਂ ਇਕ ਦਿਨ ਮੌਕਾ ਤਾੜ ਕੇ ਉਸ ਨੇ ਛੁਪ ਕੇ, ਸ਼ਿਕਾਰ ਕਰਦੇ ਗੁਰੂ ਸਾਹਿਬ ਉਤੇ ਹੱਲਾ ਕਰਨ ਦੀ ਸੋਚੀ। ਭਾਈ ਬਿਧੀ ਚੰਦ, ਭਾਈ ਭੁੱਲਣ ਅਤੇ ਭਾਈ ਪਰਤਾਪਾ ਜੀ ਨੇ ਉਸ ਨੂੰ ਫੜ ਲਿਆ। ਉਹ ਉਸ ਨੂੰ ਮਾਰ ਦੇਣਾ ਚਾਹੁੰਦੇ ਸਨ, ਪਰ ਗੁਰੂ ਸਾਹਿਬ ਨੇ ਉਸ ਨੂੰ ਛੱਡ ਦਿਤਾ। ਅਗਲੇ ਦਿਨ ਗੁਰੂ ਸਾਹਿਬ ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਵਿਹਲੇ ਹੀ ਹੋਏ ਸਨ ਕਿ ਰਾਇ ਜੋਧ ਨੇ ਖਬਰ ਦਿਤੀ—ਸ਼ਾਹੀ ਲਸ਼ਕਰ ਟਿਡੀ ਦਲ ਦੀ ਤਰ੍ਹਾਂ ਕਰਤਾਰ ਵਲ ਵਧ ਰਿਹਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਆਪ, ਭਾਈ ਲਖੂ ਤੇ ਭਾਈ ਜਾਤੀ ਮੱਲ ਨਾਲ ਜਥੇ ਲੈ ਕੇ ਨਿਕਲੋ। ਆਉਂਦੇ ਲਸ਼ਕਰ ਨੂੰ ਰੋਕੋ। ਮੂੰਹ ਹਨੇਰੇ ਹੀ ਕਟ ਵੱਢ ਸ਼ੁਰੂ ਹੋ ਗਈ। ਕਾਲੇ ਖਾਨ ਨੂੰ ਭਾਈ ਲਖੂ ਨੇ ਬੁਰੀ ਤਰ੍ਹਾਂ ਠੱਲਿਆ। ਪੈਂਦੇ ਖਾਨ ਅਤੇ ਉਸ ਦੇ ਜਵਾਈ ਨੂੰ ਜਾਤੀ ਮਲ ਨੇ ਰੋਕਿਆ। ਕੁਤਬ ਖਾਨ ਨੂੰ ਭਾਈ ਬਿਧੀ ਚੰਦ ਨੇ ਡੱਕਿਆ। ਸਾਹਿਬਜ਼ਾਦਾ ਤਿਆਗ ਮੱਲ ਜੀ (ਇਨ੍ਹਾਂ ਨੂੰ ਇਸ ਜੰਗ ਵਿਚ ਤੇਗ ਦੇ ਜੌਹਰ ਦਿਖਾਣ ਉਪਰੰਤ ਹੀ ਗੁਰੂ ਸਾਹਿਬ ਨੇ ਤੇਗ ਬਹਾਦਰ ਦਾ ਨਾਮ ਦਿਤਾ ਸੀ।) ਆਪ ਤੇਗ ਲੈ ਕੇ ਮੈਦਾਨ ਵਿਚ ਉਤਰੇ।

ਬਾਬਾ ਗੁਰਦਿਤਾ ਜੀ ਵੀ ਸਾਥੀਆਂ ਸਮੇਤ ਮੈਦਾਨ ਵਿਚ ਸਨ। ਸਾਰਾ ਦਿਨ ਤਕੜੀ ਕਟ ਵੱਢ ਹੋਈ। ਇਸ ਕਟ ਵੱਢ ਵਿਚ ਭਾਈ ਫੱਤਾ ਤੇ ਭਾਈ ਅਮੀਆ ਜੀ

ਸਾਥੀਆਂ ਸਮੇਤ ਬਹਾਦਰੀ ਨਾਲ ਜੂਝਦੇ ਹੋਏ ਸ਼ਹੀਦ ਹੋਏ। ਮੁਗਲਾਂ ਦੇ ਅਨੇਕਾਂ ਸਿਪਾਹੀ ਢਾਂ ਰਹੇ। ਦੂਜੇ ਦਿਨ ਅਨਵਰ ਖਾਨ ਨੇ ਕਿਹਾ ਕਿ ਬੰਦੇ ਮਰਵਾਉਣ ਦਾ ਕੀ ਲਾਭ। ਯੋਧੇ ਹੀ ਆਪਸ ਵਿਚ ਟੱਕਰ ਕੇ ਫੈਸਲਾ ਕਰ ਲੈਣ। ਭਾਈ ਬਿਧੀ ਚੰਦ ਨੇ ਅਨਵਰ ਖਾਨ ਦਾ ਚੈਲਿੰਜ ਮਨਜ਼ੂਰ ਕੀਤਾ। ਖਾਨ ਨੇ ਤੀਰ ਛੱਡਿਆ। ਇਸ ਨੇ ਭਾਈ ਸਾਹਿਬ ਦਾ ਮੱਥਾ ਜ਼ਖਮੀ ਕਰ ਦਿਤਾ। ਖੂਨ ਨਾਲ ਲੱਥ ਪੱਥ ਭਾਈ ਸਾਹਿਬ ਨੇ ਵਾਰ ਕਰ ਕੇ ਅਨਵਰ ਖਾਨ ਨੂੰ ਢੇਰੀ ਕਰ ਦਿਤਾ। ਉਸ ਦੇ ਸਾਥੀ ਹੜ ਵਾਂਗ ਅਗੇ ਵਧੇ। ਉਨ੍ਹਾਂ ਦੀ ਅਗਵਾਈ ਕੁਤਬ ਖਾਨ ਕਰ ਰਿਹਾ ਸੀ। ਗੁਰੂ ਜੀ ਦੇ ਤੀਰਾਂ ਦੀ ਓਟ ਲੈ ਕੇ ਭਾਈ ਕਿਸ਼ਨਾ ਜੀ ਤੇ ਭਾਈ ਲਖੂ ਜੀ ਦੇ ਜਥੇ ਅਗੇ ਵਧੇ। ਕੁਤਬਖਾਨ ਦੇ ਹੜ੍ਹ ਨਾਲ ਲੜਦੇ ਹੋਏ ਦੋਵੇਂ ਅਨੇਕਾਂ ਦੁਸ਼ਮਣਾਂ ਨੂੰ ਮਾਰਦੇ ਹੋਏ ਸ਼ਹੀਦ ਹੋ ਗਏ। ਸੈਦ ਖਾਨ ਤੇ ਅਬਦੁਲ ਖਾਂ ਜਹੇ ਦੁਸ਼ਮਣ ਦੇ ਥੰਮ ਦੂਜੇ ਦਿਨ ਦੀ ਜੰਗ ਵਿਚ ਮਾਰੇ ਗਏ। ਭਾਈ ਗੁਰਦਿਤਾ ਜੀ ਹੱਥੋਂ ਪੈਂਦੇ ਖਾਨ ਦਾ ਜਵਾਈ ਉਸਮਾਨ ਖਾਨ ਵੀ ਮਾਰਿਆ ਗਿਆ।

ਤੀਜੇ ਦਿਨ ਸ਼ਾਹੀ ਸੈਨਾ ਫ਼ੈਸਲਾ ਕੁਨ ਟੱਕਰ ਲਈ ਮੁੜ ਮੈਦਾਨ ਵਿਚ ਉਤਰੀ। ਗਹਿ ਗਚ ਲੜਾਈ ਵਿਚ ਭਾਈ ਮਾਧੋ ਸ਼ਹੀਦ ਹੋਏ। ਭਾਈ ਨਠੀਆ ਜੀ ਬੁਰੀ ਤਰ੍ਹਾਂ ਘਾਇਲ ਹੋਏ। ਜੰਗ ਲੰਬੀ ਹੁੰਦੀ ਜਾ ਰਹੀ ਸੀ। ਪੈਂਦੇ ਖਾਨ, ਕਾਲੇ ਖਾਨ ਤੇ ਕੁਤਬ ਖਾਨ ਤਿੰਨਾਂ ਨੇ ਇਹੀ ਫੈਸਲਾ ਕੀਤਾ ਕਿ ਸਾਰਾ ਜ਼ੋਰ ਗੁਰੂ ਸਾਹਿਬ ਵਲ ਸੇਧਿਆ ਜਾਵੇ। ਉਨ੍ਹਾਂ ਦੇ ਖਤਮ ਹੋਣ ਤੇ ਜੰਗ ਆਪੇ ਖਤਮ ਹੋ ਜਾਵੇਗੀ। ਸਭ ਤੋਂ ਪਹਿਲਾਂ ਪੈਂਦੇ ਖਾਨ ਅਗੇ ਹੋਇਆ। ਗੁਰੂ ਸਾਹਿਬ ਨੇ ਆਪਣੇ ਹੱਥੀ ਚਾਵਾਂ ਤੇ ਰੀਝਾਂ ਨਾਲ ਪਾਲਿਆ ਸੀ ਉਸ ਨੂੰ। ਆਪ ਪੈਂਦੇ ਖਾਨ ਨੂੰ ਵੇਖਦੇ ਹੀ ਬੋਲੇ—ਬਰਖੁਰਦਾਰ, ਪਹਿਲਾਂ ਤੂੰ ਹੀ ਵਾਰ ਕਰ ਲੈ। ਉਹ ਗੁਰੂ ਸਾਹਿਬ ਦੀ ਤੁਫਾਨੀ ਅਤੇ ਪੱਕੀ ਤੀਰ ਅੰਦਾਜ਼ੀ ਤੋਂ ਜਾਣੂ ਸੀ। ਆਖਣ ਲੱਗਾ, ਦੂਰੋਂ ਤੀਰ ਚਲਾਣ ਦਾ ਕੀ ਮਜ਼ਾ। ਜੇ ਅਣਖ ਹੈ ਤਾਂ ਤਲਵਾਰ ਦੇ ਦਵੰਦ-ਯੁਧ ਵਿਚ ਮੇਰੇ ਸਾਹਮਣੇ ਹੋਵੋ। ਗੁਰੂ ਸਾਹਿਬ ਨੇ ਕਮਾਨ, ਮੋਢੇ ਤੇ ਰਖੀ। ਢਾਲ ਤਲਵਾਰ ਫੜੀ ਅਤੇ ਪਹਿਲਾਂ ਵਾਰ ਲਈ ਆਖਿਆ। ਪੈਂਦੇ ਖਾਨ ਦਾ ਪਹਿਲਾ ਵਾਰ ਗੁਰੂ ਜੀ ਨੇ ਰਕਾਬ ਨਾਲ ਰੋਕਿਆ। ਦੂਜਾ ਵਾਰ ਢਾਲ ਨਾਲ। ਤੀਜੇ ਵਾਰ ਨੂੰ ਗੁਰੂ ਸਾਹਿਬ ਨੇ ਤਲਵਾਰ ਨਾਲ ਰੋਕਿਆ ਤਾਂ ਉਸ ਦੀ ਤਲਵਾਰ ਦੋ ਟੋਟੇ ਹੋ ਗਈ। ਨਿਹੱਥਾ ਹੋ ਕੇ ਉਸ ਆਪਣੇ ਬਾਹੂ ਬਲ ਦੀ ਅਜ਼ਮਾਇਸ਼ ਕੀਤੀ। ਫੁਰਤੀ ਨਾਲ ਉਹ ਗੁਰੂ ਸਾਹਿਬ ਦੇ ਘੋੜੇ ਹੇਠ ਵੜਿਆ। ਉਸ ਵਿਚ ਇੰਨੀ ਤਾਕਤ ਸੀ ਕਿ ਉਹ ਸਮੇਤ ਸਵਾਰ ਦੇ ਘੋੜੇ ਨੂੰ ਪਟਕਾ ਮਾਰਿਆ ਕਰਦਾ ਸੀ। ਗੁਰੂ ਸਾਹਿਬ ਦਾ ਘੋੜਾ ਚੁਕਣ ਵਿਚ ਤਾਂ ਉਹ ਕਾਮਯਾਬ ਨਾ ਹੋਇਆ, ਪਰ ਘੋੜਾ ਉਸ ਨੇ ਇਉਂ ਮਜ਼ਬੂਤੀ ਨਾਲ ਜਕੜ ਲਿਆ ਕਿ ਇਹ ਅਗੇ ਪਿਛੇ ਕਿਸੇ ਵੀ ਪਾਸੇ ਹਿਲਣ ਜੋਗਾ ਨਾ ਰਿਹਾ। ਘੋੜੇ ਦੇ ਹੇਠ ਹੋਣ ਕਾਰਨ ਤਲਵਾਰ ਦਾ ਵਾਰ ਉਸ ਉਤੇ ਹੋ ਨਹੀਂ ਸੀ ਸਕਦਾ। ਗੁਰੂ ਸਾਹਿਬ ਨੇ ਰਕਾਬ ਆਸਰੇ ਟੇਢੇ ਹੋ ਕੇ ਜ਼ੋਰ ਦੀ ਢਾਲ ਉਸ ਦੇ ਸਿਰ ਉਤੇ ਮਾਰੀ। ਉਹ ਉਥੇ ਹੀ ਅਧ ਮੋਇਆ ਹੋ ਨੇ ਡਿਗ ਪਿਆ ਤੇ ਲੰਬੇ ਸਾਹ ਲੈਣ ਲੱਗਾ। ਗੁਰੂ ਸਾਹਿਬ ਘੋੜੇ ਤੋਂ ਉਤਰੇ। ਆਪਣੀ ਢਾਲ ਨਾਲ ਉਸ ਦਾ ਸਿਰ ਧੁਪ ਤੋਂ ਬਚਾਂਦੇ ਹੋਏ ਬੋਲੇ "ਪੈਂਦੇ ਖਾਨ, ਆਖਰੀ ਸਮਾਂ ਹੈ। ਕਲਮਾਂ ਪੜ੍ਹ।"

"ਮੈਂ ਗਲਤੀ ਖਾ ਗਿਆ ਸੀ, ਸਤਿਗੁਰੂ। ਹੁਣ ਤਾਂ ਤੇਰੀ ਤਲਵਾਰ ਦਾ ਵਾਰ ਹੀ ਮੇਰਾ ਕਲਮਾ ਹੈ।" ਕਹਿ ਕੇ ਉਹ ਸ਼ਾਂਤ ਹੋ ਗਿਆ। ਗੁਰ ਬਿਲਾਸ ਵਿਚ ਪੈਂਦੇ ਖਾਨ ਦੇ ਅੰਤਲੇ ਛਿਣਾਂ ਦਾ ਚਿਤਰ ਕੁਝ ਇਸ ਪ੍ਰਕਾਰ ਪੇਸ਼ ਹੈ :

ਕਹਾ ਗੁਰੂ ਕਲਮਾਂ ਪੜ੍ਹੁ, ਪੈਂਦਾ ਗਿਰਤ ਅਲਾਇ।
ਹੇ ਗੁਰ ਮਿਲੀ ਜੁ ਤੇਗ ਤੁਮ, ਕਲਮਾ ਰੂਪ ਸਹਾਇ।
ਐਸ ਸੁਨਤ ਮਨ ਮੋਹ ਉਪਜਾਯੋ। ਸ੍ਰੀ ਗੁਰ ਨੈਨ ਨੀਰ ਬਹਿ ਆਯੋ।
ਛਾਯਾ ਕਰੀ ਢਾਲ ਕੇ ਸਾਥ। ਗੁਰ ਸਮ ਕੋਇ ਨਾ ਦੀਨਾ ਨਾਥ।[1]

ਪੈਂਦੇ ਖਾਨ ਦੇ ਡਿੱਗਣ ਉਪਰੰਤ ਕੁਤਬ ਖਾਨ ਅੱਗੇ ਵਧਿਆ। ਉਹ ਕੋਈ ਖਾਸ ਟੱਕਰ ਨਾ ਦੇ ਸਕਿਆ ਅਤੇ ਪਲ ਵਿਚ ਹੀ ਗੁਰੂ ਸਾਹਿਬ ਹਥੋਂ ਮਾਰਿਆ ਗਿਆ। ਹੁਣ ਕਾਲੇ ਖਾਨ ਤੀਰ ਦੀ ਸ਼ਿਸਤ ਬੰਨ੍ਹੀ ਅਗੇ ਹੋਇਆ ਅਤੇ ਆਖਣ ਲੱਗਾ, ਇਹ ਤੀਰ ਤੁਹਾਡੀ ਮੌਤ ਦਾ ਪੈਗਾਮ ਹੈ। ਗੁਰੂ ਜੀ ਨੇ ਉਸ ਨੂੰ ਵੀ ਆਪਣੀ ਰੀਝ ਲਾਹ ਲੈਣ ਲਈ ਆਖਿਆ। ਤੀਰ ਗੁਰੂ ਸਾਹਿਬ ਦੇ ਮੱਥੇ ਨੂੰ ਝਰੀਟਦਾ ਹੋਇਆ ਲੰਘ ਗਿਆ। ਗੁਰੂ ਸਾਹਿਬ ਨੇ ਪਲਾਂ ਵਿਚ ਹੀ ਉਸ ਦਾ ਘੋੜਾ ਮਾਰ ਸੁਟਿਆ। ਦੋਵੇਂ ਯੋਧੇ ਹੁਣ ਤਲਵਾਰ ਦੀ ਲੜਾਈ ਵਿਚ ਜੁਟੇ। ਗੁਰੂ ਸਾਹਿਬ ਵੀ ਘੋੜੇ ਤੋਂ ਉਤਰ ਆਏ। ਕਾਲੇ ਖਾਨ ਨੇ ਦੋ ਵਾਰ ਕੀਤੇ। ਗੁਰੂ ਸਾਹਿਬ ਨੇ ਦੋਵੇਂ ਰੋਕੇ। ਜਦੋਂ ਉਸ ਦਾ ਤੀਜਾ ਵਾਰ ਵੀ ਬੇਕਾਰ ਜਾਂਦਾ ਲੱਗਾ ਤਾਂ ਗੁਰੂ ਸਾਹਿਬ ਨੇ ਮੁਸਕ੍ਰਾਂਦੇ ਹੋਏ ਆਖਿਆ,[2] "ਚੁਨੀਂ ਨਮੀ ਜ਼ਨੰਦ ਜ਼ਦਨ ਈਂ ਅਸਤ (ਖਾਨ ਵਾਰ ਇੰਜ ਨਹੀਂ ਇੰਜ ਕਰੀਦਾ ਹੈ।) ਇਹ ਆਖ ਕੇ ਆਪ ਨੇ ਇਕੋ ਵਾਰ ਨਾਲ ਉਸ ਦੇ ਦੋ ਟੋਟੇ ਕਰ ਸੁੱਟੇ।

ਉਸ ਦੇ ਡਿਗਦੇ ਹੀ ਜਿਤ ਦੇ ਜੈਕਾਰੇ ਗੂੰਜਣ ਲੱਗੇ। ਜਦੋਂ ਗੁਰੂ ਕੇ ਸਿਖ ਜੈਕਾਰੇ ਛੱਡ ਰਹੇ ਸਨ ਤਾਂ ਕਾਸਮ ਖਾਨ ਨੇ ਲੁਕ ਕੇ ਗੁਰੂ ਸਾਹਿਬ ਉਤੇ ਵਾਰ ਕਰਨ ਦਾ ਯਤਨ ਕੀਤਾ। ਉਹ ਆਪਣੇ ਯਤਨ ਵਿਚ ਸਫਲ ਨਾ ਹੋ ਸਕਿਆ ਅਤੇ ਮਾਰਿਆ ਗਿਆ। ਸ਼ਾਹੀ ਫੋਜਾਂ ਦੇ ਹੌਂਸਲੇ ਟੁੱਟ ਗਏ। ਉਹ ਖਿੰਡ ਪੁੰਡ ਗਈਆਂ। ਭੱਟ ਵਹੀ ਮੁਲਤਾਨੀ ਸਿੰਧੀ ਵਿਚ ਇਸ ਜੰਗ ਦੇ ਸਮੇਂ ਸਥਾਨ ਅਤੇ ਸ਼ਹੀਦਾਂ ਬਾਰੇ ਕੁਝ ਵੇਰਵੇ ਇਉਂ ਅੰਕਿਤ ਹਨ :

1. ......ਫੱਤਾ ਬੇਟਾ ਧਰਮਾ ਕਾ, ਅਮੀਆ ਬੇਟਾ ਧਰਮਾ ਕਾ, ...ਗੁਰੂ ਕਾ ਹੁਕਮ ਪਾਇ ਕਰਤਾਰ ਪੁਰ ਕੇ ਮਲਾਹਨ, ਪਰਗਣਾ ਜਲੰਧਰ, ਸਾਲ ਸੋਲਾਂ ਸੈ ਬਾਨਵੇਂ, ਵੈਸਾਖ ਪ੍ਰਵਿਸ਼ਟੇ ਉੱਨਤੀ ਐਤਵਾਰ ਕੇ ਦਿਹੁੰ ਰਣ ਜੂਝੰਤੇ ਸੂਰਿਉਂ ਗੈਲ, ਸਾਹਵੇਂ ਮਾਥੇ ਜੂਝ ਕਰ ਸੁਆਸ ਦੀਏ।"

(ਖਾਤਾ ਰਮਾਣੋਂ ਕਾ)

1. ਗੁਰਬਿਲਾਸ ਪਾ. 6, ਪੰਨਾ 754.
2. ਦਬਸਤਾਨ-ਇ-ਮਜ਼ਾਹਿਬ, ਪੰ. 235.

2. ਕ੍ਰਿਸ਼ਨਾ ਬੇਟਾ ਕਉਲੇ ਕਾ...ਸਾਲ ਸੋਲਾਂ ਸੈ ਬਾਨਵੇਂ ਵਸਾਖ ਪ੍ਰਵਿਸ਼ਟੇ ਤੀਸ, ਸੋਮਵਾਰ ਕੇ ਦਿਹੁੰ, ਗੁਰੂ ਕਾ ਹੁਕਮ ਪਾਇ 'ਕਰਤਾਰ ਪੁਰ' ਕੇ ਮਲਾਹਨ ਪਰਗਣਾ ਜਲੰਧਰ ਸਾਹਮੇਂ ਮਾਥੇ ਜੂਝ ਕਰ ਮਰਾ...

(ਖਾਤਾ ਹਜਾਵਤੋਂ ਕਾ)

3. ਨਠੀਆ ਬੱਲੂ ਕਾ, ਮਾਧੋ ਬੱਲੂ ਕਾ......ਸਾਲ ਸੋਲਾਂ ਸੈ ਬਾਨਵੇਂ ਬੈਸਾਖ ਪ੍ਰਵਿਸ਼ਟੇ ਇਕੱਤੀਸ ਮੰਗਲਵਾਰ ਕੇ ਦਿੰਹੁ 'ਕਰਤਾਰਪੁਰ' ਕੇ ਮਲਾਹਨ ਪਰਗਣਾ ਜਲੰਧਰ ਗੁਰੂ ਕਾ ਹੁਕਮ ਪਾਇ ਉਸਮਾਨ ਖਾਨ ਝਾਂਗੜੀ ਗੈਲ ਭਿੜੇ। ਤੀਨ ਪਹਿਰ ਘੋਰ ਜੁਧ ਹੂਆ। ਗੁਰੈ ਕੇ ਪਾਲਿਤ ਪੈਂਦੇ ਖਾਨ ਨੇ ਗੁਰੂ ਤੇ ਵਾਰ ਕੀਆ ਜੋ ਖਾਲੀ ਗਿਆ। ਗੁਰੂ ਜੀ ਦੇ ਪਰਤਾਮੇ ਵਾਰ ਸੇ ਪੈਂਦੇ ਖਾਨ ਮਾਰਾ ਗਿਆ। ਜੀਤ ਗੁਰੂ ਜੀ ਕੀ ਹੂਈ। ਭਾਈ ਮਾਧੋ ਰਣ ਭੂਮੀ ਮੇਂ ਸਾਹਮੇ ਮਾਥੇ ਜੂਝ ਕਰ ਮਰਾ। ਨਠੀਆ ਗੁਰੂ ਕਾ ਜੋਧਾ ਕਈ ਰਣ ਜੂਝੇਤੇ ਸੂਰਿਉਂ ਗੈਲ ਲੜ ਕੇ ਘਾਇਲ ਹੂਆ।

(ਖਾਤਾ ਬੰਝਰਾਉਤ ਜਲਾਹਨੋਂ ਕਾ)

ਅਧਿਆਇ 13

ਜੋਤੀ ਜੋਤਿ ਰਲੀ

ਕਰਤਾਰਪੁਰ ਦੀ ਜੰਗ ਮੁਕਣ ਤੋਂ ਛੇਤੀ ਹੀ ਪਿਛੋਂ ਮਈ 1635 ਈ. ਵਿਚ ਗੁਰੂ ਹਰਿਗੋਬਿੰਦ ਸਾਹਿਬ 'ਕੀਰਤਪੁਰ' ਵਲ ਰਵਾਨਾ ਹੋ ਗਏ। ਆਪ ਨੇ ਆਪਣੇ ਛੋਟੇ ਸਾਹਿਬਜ਼ਾਦੇ ਤੇਗ ਬਹਾਦੁਰ ਜੀ ਨੂੰ ਮਾਤਾ ਜੀ ਸਹਿਤ ਆਪਣੇ ਨਾਨਕੇ ਬਾਬੇ ਬਕਾਲੇ ਤੋਰ ਦਿਤਾ। ਵਡੇ ਸਾਹਿਬਜ਼ਾਦੇ ਬਾਬਾ ਗੁਰਦਿਤਾ ਜੀ ਦਾ ਪਰਿਵਾਰ ਕਰਤਾਰਪੁਰ ਵਿਚ ਹੀ ਟਿਕ ਗਿਆ। ਇਨ੍ਹਾਂ ਨਾਲ ਹਰਿ ਰਾਏ ਜੀ ਤੇ ਧੀਰ ਮਲ ਜੀ ਵੀ ਇਥੇ ਹੀ ਰਹਿ ਗਏ। ਗੁਰੂ ਗ੍ਰੰਥ ਸਾਹਿਬ ਦੀ ਬੀੜ ਜੋ 'ਅੰਮ੍ਰਿਤਸਰ' ਦੀ ਜੰਗ ਸਮੇਂ 'ਝਬਾਲ' ਭੇਜੀ ਗਈ ਸੀ, ਹੁਣ ਕਰਤਾਰਪੁਰ ਮੰਗਾ ਕੇ ਉਸ ਦੀ ਸੇਵਾ ਸੰਭਾਲ ਇਨ੍ਹਾਂ ਨੂੰ ਸੌਂਪੀ ਗਈ। ਬਾਬਾ ਗੁਰਦਿਤਾ ਜੀ ਗੁਰੂ ਸਾਹਿਬ ਦੇ ਨਾਲ ਹੀ ਤੁਰ ਪਏ। ਬਾਬਾ ਸ੍ਰੀ ਚੰਦ ਜੀ ਦੇ ਅਸ਼ੀਰਵਾਦ ਨਾਲ ਹੁਣ ਉਹ ਗ੍ਰਿਹਸਤ ਵਿਚ ਉਦਾਸੀ ਵੀ ਸਨ ਅਤੇ ਸੰਤ ਸਿਪਾਹੀ ਵੀ। 'ਪਲਾਹੀ' ਕੋਲ ਗੁਰੂ ਸਾਹਿਬ ਦੇ ਜਥੇ ਨੂੰ ਜਲੰਧਰ ਦੇ ਪੁਰਾਣੇ ਸੂਬੇਦਾਰ ਅਬਦੁੱਲਾ ਖਾਨ ਦੇ ਪੁਤਰ ਅਹਿਮਦ ਖਾਨ ਨੇ ਆਪਣੇ ਬੰਦਿਆਂ ਨਾਲ ਘੇਰਨ ਦਾ ਯਤਨ ਕੀਤਾ। ਉਸ ਨਾਲ ਰਈਸ ਜਮਾਲ, ਫਤਹਿ ਖਾਨ, ਆਦਿ ਇਲਾਕੇ ਦੇ ਹੋਰ ਪਠਾਣ ਵੀ ਸਨ। ਗੁਰੂ ਸਾਹਿਬ ਦੇ ਸ਼ਰਧਾਲੂ ਇਸ ਸਮੇਂ ਅਸਲੋਂ ਬੇਖਬਰ ਸਨ। ਡਾਂਗਾਂ ਸੋਟੇ, ਬਰਛੇ, ਢਾਲਾਂ ਅਤੇ ਤਲਵਾਰਾਂ ਜੋ ਉਨ੍ਹਾਂ ਕੋਲ ਸਨ, ਉਨ੍ਹਾਂ ਆਸਰੇ ਹੀ ਉਨ੍ਹਾਂ ਇਸ ਵਾਹਰ ਨੂੰ ਭਜਾ ਦਿਤਾ। ਭਾਈ ਦਾਸਾ ਅਤੇ ਭਾਈ ਸੁਹੇਲਾ ਇਸ ਅਚਾਨਕ ਹੋਈ ਮੁਠਭੇੜ ਵਿਚ ਸ਼ਹੀਦ ਹੋ ਗਏ। ਮੁਸਲਮਾਨ ਸਰਦਾਰ ਕੁਝ ਮਾਰੇ ਗਏ ਅਤੇ ਕੁਝ ਨਸ ਗਏ। ਗੁਰੂ ਸਾਹਿਬ ਉਤੇ ਅਚਾਨਕ ਹੱਲਾ ਕਰ ਕੇ ਉਨ੍ਹਾਂ ਨੂੰ ਕਾਬੂ ਕਰਨ ਦੀਆਂ ਉਨ੍ਹਾਂ ਦੀਆਂ ਸਭ ਵਿਉਂਤਾਂ ਧਰੀਆਂ ਧਰਾਈਆਂ ਰਹਿ ਗਈਆਂ। ਗੁਰੂ ਸਾਹਿਬ ਨੇ ਭਜਦੀ ਵਾਹਰ ਦਾ ਪਿੱਛਾ ਨਾ ਕੀਤਾ ਅਤੇ ਆਰਾਮ ਨਾਲ ਕੀਰਤਪੁਤ ਨੂੰ ਚਲੇ ਗਏ। ਪੰਜਾਬ ਅਤੇ ਦਿੱਲੀ ਦੀਆਂ ਪਰਿਸਥਿਤੀਆਂ ਜਿਸ ਤੇਜ਼ੀ ਨਾਲ ਬਦਲ ਰਹੀਆਂ ਸਨ, ਉਨ੍ਹਾਂ ਵਿਚ ਹੁਣ ਵਡੇ ਜੰਗਾਂ ਜੁਧਾਂ ਦਾ ਅੰਦੇਸ਼ਾ ਦਿਨੋ ਦਿਨ ਘਟ ਰਿਹਾ ਸੀ।

ਸ਼ਾਹ ਜਹਾਨ ਪੰਜਾਬ ਦੇ ਨਿਤ ਦੇ ਬਖੇੜੇ ਤੋਂ ਕਾਫੀ ਪਰੇਸ਼ਾਨ ਸੀ। ਉਹ ਦੋ ਢਾਈ ਮਹੀਨੇ ਲਾਹੌਰ ਕੱਟ ਕੇ ਅਜੇ 16 ਜਨਵਰੀ 1635 ਨੂੰ ਆਗਰੇ ਪੁੱਜਾ ਸੀ। ਉਸ ਦੇ ਜਾਣ ਤੋਂ ਤਿੰਨ ਮਹੀਨੇ ਦੇ ਅੰਦਰ ਅੰਦਰ ਲਾਹੌਰ ਦਰਬਾਰ ਮੁੜ ਗੁਰੂ ਹਰਿਗੋਬਿੰਦ ਸਾਹਿਬ ਨਾਲ ਭਿੜ ਗਿਆ ਸੀ। 'ਜਲੰਧਰ' ਵਾਲੇ ਵੀ ਇਸ ਟੱਕਰ ਵਿਚ ਉਲਝ ਗਏ ਸਨ।

ਕੁਝ ਬਣਿਆ ਬਣਾਇਆ ਨਹੀਂ ਸੀ। ਗੁਰੂ ਸਾਹਿਬ ਨਾਲ ਚਾਰ ਵਾਰ ਪੰਜਾਬ ਦੇ ਸੂਬੇਦਾਰ ਟਕਰਾ ਚੁਕੇ ਸਨ। ਉਸ ਆਪ ਲਾਹੌਰ ਰਹਿ ਕੇ ਵੇਖ ਲਿਆ ਸੀ ਕਿ ਗੁਰੂ ਸਾਹਿਬ ਨੇ ਕੋਈ ਰਾਜਸੀ ਮੱਲ ਨਹੀਂ ਸੀ ਮਾਰ ਰੱਖੀ। ਹਰ ਵਾਰ ਸ਼ਾਹੀ ਸੈਨਾ ਉਨ੍ਹਾਂ ਉਤੇ ਚੜ੍ਹ ਕੇ ਜਾਂਦੀ ਰਹੀ ਸੀ। ਹਰ ਵਾਰ ਉਹ ਮੂੰਹ ਦੀ ਖਾਂਦੀ ਰਹੀ ਅਤੇ ਤਕੜਾ ਨੁਕਸਾਨ ਹੁੰਦਾ ਰਿਹਾ। ਹਰ ਵਾਰ ਜੰਗ ਪਿਛੋਂ ਗੁਰੂ ਸਾਹਿਬ ਨਾ ਕੋਈ ਇਲਾਕਾ ਮੱਲਦੇ, ਨਾ ਕੋਈ ਬੰਦਾ ਕੈਦੀ ਬਣਾਂਦੇ, ਸਗੋਂ ਸ਼ਾਂਤੀ ਨਾਲ ਆਪਣੇ ਸੰਤ ਸਿਪਾਹੀ ਜੀਵਨ ਵਾਲੇ ਰੁਝੇਵੇਂ ਆਰੰਭ ਦਿੰਦੇ। ਨਿਰਭਓ ਤੇ ਨਿਰਵੈਰ ਹੋ ਕੇ। ਉਸ ਨੇ ਆਪਣੇ ਬੇਟੇ ਦਾਰਾ ਸ਼ਿਕੋਹ ਨੂੰ ਪੰਜਾਬ ਦਾ ਗਵਰਨਰ ਬਣਾਇਆ। ਉਹ ਸਲਾਹ ਕੁਲ ਅਤੇ ਧਾਰਮਿਕ ਬਿਰਤੀ ਵਾਲਾ ਸ਼ਹਿਜ਼ਾਦਾ ਸੀ। ਹਰ ਧਰਮ ਦੇ ਮਹਾਂ ਪੁਰਖ ਨੂੰ ਖੁਲ੍ਹ ਦਿਲੀ ਤੇ ਖੁਲੂਸ ਨਾਲ ਮਿਲਦਾ ਸੀ। ਹੋਰ ਮਜ਼ਹਬਾਂ ਦੇ ਧਰਮ ਗ੍ਰੰਥਾਂ ਨੂੰ ਪੜ੍ਹਨਾ ਅਤੇ ਉਨ੍ਹਾਂ ਦੇ ਵਿਦਵਾਨਾਂ ਤੇ ਫਕੀਰਾਂ ਦੀ ਸੰਗਤ ਕਰਨਾ ਉਸ ਦਾ ਸ਼ੋਕ ਸੀ। ਇਸ ਨਾਲ ਪੰਜਾਬ ਦੇ ਮਾਹੌਲ ਵਿਚ ਸ਼ਾਂਤੀ ਪਰਤਨ ਲੱਗੀ। ਗੁਰੂ ਸਾਹਿਬ ਨੇ ਕੀਰਤਪੁਰ ਪੱਕੀ ਤਰ੍ਹਾਂ ਟਿਕ ਕੇ ਇਸ ਨਗਰ ਦੇ ਵਿਕਾਸ ਵਲ ਧਿਆਨ ਦਿੰਦੇ ਹੋਏ, ਪਹਾੜੀ ਇਲਾਕੇ ਵਿਚ ਗੁਰਮਤਿ ਦਾ ਚਾਨਣ ਵੰਡਣ ਦਾ ਫੈਸਲਾ ਕੀਤਾ। ਮਾਲਵੇ, ਮਾਝੇ ਤੇ ਦੁਆਬੇ ਵਿਚ ਉਹ ਅਤੇ ਉਨ੍ਹਾਂ ਦੇ ਪੂਰਵ-ਵਰਤੀ ਗੁਰੂ ਕਾਫੀ ਕੰਮ ਕਰ ਚੁਕੇ ਸਨ। ਇਹ ਇਲਾਕਾ ਅਜੇ ਲਗ ਭਗ ਅਣਛੋਹਿਆ ਹੀ ਪਿਆ ਸੀ।

ਕੀਰਤਪੁਰ ਵਿਚ ਗੁਰੂ ਸਾਹਿਬ ਦਾ ਸਭ ਤੋਂ ਪਹਿਲਾ ਮਹੱਤਵਪੂਰਨ ਸ਼ਰਧਾਲੂ ਮਹਾਤਮਾ ਸੁੰਦਰ ਸ਼ਾਹ ਬਣਿਆ। ਇਹ ਪੀਰ ਬੁਢਣ ਸ਼ਾਹ ਦਾ ਚੇਲਾ ਸੀ। ਵੇਦਾਂਤ ਅਤੇ ਸੂਫੀ ਵਿਚਾਰਧਾਰਾ ਦੋਹਾਂ ਦਾ ਵਿਦਵਾਨ। ਹਰ ਵੇਲੇ ਇਸ ਨੂੰ ਲਗਦਾ ਰਹਿੰਦਾ ਸੀ ਕਿ ਵੇਦਾਂਤ ਦਾ ਖੁਸ਼ਕ ਗਿਆਨ ਅਤੇ ਸੂਫੀਆਂ ਦੀ ਮਸਤੀ ਦੋਵੇਂ ਅਧੂਰੇ ਹਨ। ਗੁਰਮਤਿ ਮਾਰਗ ਨੇ ਉਸ ਨੂੰ ਗ੍ਰਹਿਸਤ ਵਿਚ ਰਹਿ ਕੇ ਬੇਪ੍ਰਵਾਹੀ ਅਤੇ ਮਾਰਫਤ ਦਾ ਜੋ ਆਨੰਦ ਦਿਤਾ, ਉਸ ਨੇ ਉਸ ਦਾ ਮਨ ਮੋਹ ਲਿਆ ਅਤੇ ਉਹ ਗੁਰਮਤਿ ਦਾ ਧਾਰਨੀ ਬਣ ਗਿਆ। ਕੀਰਤਪੁਰ ਨਿਵਾਸ ਨੂੰ ਅਜੇ ਦੋ ਕੁ ਮਹੀਨੇ ਹੀ ਹੋਏ ਸਨ ਕਿ ਸੂਰਜ ਗ੍ਰਹਿਣ ਦਾ ਮੇਲਾ ਆ ਗਿਆ। ਇਸ ਮੇਲੇ ਤੇ ਕੁਰਕਸ਼ੇਤਰ ਵਿਚ ਭਾਰੀ ਇਕੱਠ ਹੁੰਦਾ ਹੈ। ਗੁਰੂ ਸਾਹਿਬ ਨੇ ਇਸ ਮੌਕੇ ਉਤੇ ਇਕੱਤਰ ਹੋਏ ਲੋਕਾਂ ਨੂੰ ਗੁਰਮਤਿ ਦਾ ਚਾਨਣ ਵੰਡਣ ਦਾ ਫੈਸਲਾ ਕੀਤਾ। ਆਪ ਕੁਝ ਸਾਥੀਆਂ ਸੰਗਤਾਂ ਨਾਲ ਕੁਰਕਸ਼ੇਤਰ ਪੁਜੇ। ਬਾਬਾ ਗੁਰਦਿਤਾ ਜੀ ਆਪਣੇ ਉਦਾਸੀ ਸਾਥੀਆਂ ਸਮੇਤ ਆਪ ਦੇ ਨਾਲ ਹੀ ਗਏ। ਇਹ ਨਿਰੋਲ ਪ੍ਰਚਾਰ ਦੌਰਾ ਸੀ। ਮੇਲੇ ਉਤੇ ਇਕਤਰ ਯੋਗੀ, ਵੈਰਾਗੀ ਤੇ ਸਨਿਆਸੀ ਗੁਰੂ ਸਾਹਿਬ ਦੇ ਵਿਚਾਰਾਂ ਤੋਂ ਬੜੇ ਪ੍ਰਭਾਵਿਤ ਹੋਏ।

ਕੁਝ ਪੰਡਤਾਂ ਨੇ ਗੁਰੂ ਜੀ ਨੂੰ ਪ੍ਰਸ਼ਨ ਕੀਤਾ : ਦਾਨ ਲੈਣਾ ਬ੍ਰਾਹਮਣਾਂ ਦਾ ਅਧਿਕਾਰ ਹੈ। ਆਪ ਖੱਤਰੀ ਹੋ। ਸ਼ਸਤਰ ਧਾਰੀ ਹੋ। ਸ਼ਾਸਤਰਾਂ ਅਨੁਸਾਰ ਆਪ ਸੰਗਤਾਂ ਦੀ ਭੇਟਾ ਸਵੀਕਾਰ ਕਰਨ ਦੇ ਅਧਿਕਾਰੀ ਨਹੀਂ। ਗੁਰੂ ਸਾਹਿਬ ਨੇ ਕਿਹਾ ਦਾਨ ਅਤੇ ਪੂਜਾ ਦਾ ਧਾਨ ਖਾਣਾ ਤਾਂ ਕਿਸੇ ਲਈ ਭੀ ਯੋਗ ਨਹੀਂ। ਸੰਗਤਾਂ ਦੀ ਭੇਟਾ ਸੰਗਤਾਂ ਦੇ ਭਲੇ ਲਈ ਹੀ ਵਰਤੇ ਜਾਣ ਲਈ ਹੈ। ਸਿਖਾਂ ਵਿਚ ਕੋਈ ਐਸੀ ਵਿਸ਼ੇਸ਼ ਸ਼੍ਰੇਣੀ ਨਹੀਂ ਜੋ ਗੁਰੂ ਨਮਿਤ

ਭੇਟਾ ਨੂੰ ਜਾਤੀ ਦੇ ਆਧਾਰ ਤੇ ਸਵੀਕਾਰ ਕਰਨ ਦੀ ਅਧਿਕਾਰੀ ਹੋਵੇ । ਜੋ ਗੁਰਮਤਿ ਸੰਦੇਸ਼ ਦੇ ਪ੍ਰਚਾਰ ਪ੍ਰਸਾਰ ਅਤੇ ਸੇਵਾ ਦਾ ਕਾਰਜ ਕਰੇਗਾ, ਉਸ ਦੀ ਕੋਈ ਵੀ ਜ਼ਾਤ/ਵਰਗ ਹੋਵੇ, ਉਹ ਸੰਗਤਾਂ ਦੀਆਂ ਭੇਟਾਵਾਂ ਸਵੀਕਾਰ ਕਰ ਸਕਦਾ ਹੈ । ਪੰਡਤਾਂ ਨੂੰ ਆਪ ਨੇ ਸਮਝਾਇਆ ਕਿ ਤੁਸੀਂ ਲੋਕ ਦਾਨ ਭੇਟਾ ਨੂੰ ਆਪਣੀ ਨਿਜੀ ਸ਼ੈਅ ਸਮਝ ਕੇ ਮੌਜਾਂ ਲੁੱਟਦੇ ਹੋ । ਦੀਨ ਦੁਖੀਆਂ ਤੇ ਗਰੀਬਾਂ ਦੀ ਸਾਰ ਨਹੀਂ ਲੈਂਦੇ । ਉਨ੍ਹਾਂ ਦੀ ਸੇਵਾ ਸੰਭਾਲ ਤੁਹਾਨੂੰ ਆਪਣੀ ਹਤਕ ਲਗਦੀ ਹੈ । ਜ਼ਾਲਮ, ਲੋਕਾਂ ਦਾ ਲਹੂ ਪੀ ਰਹੇ ਹਨ । ਤੁਸੀਂ ਦਾਨ ਪੁੰਨ ਦਾ ਧਾਨ ਖਾ ਕੇ ਦੁਨੀਆਂ ਤੋਂ ਅਟੰਕ ਵਿਚਰ ਰਹੇ ਹੋ ਅਤੇ ਲੋਕਾਂ ਨੂੰ ਇਹ ਕਹਿ ਰਹੇ ਹੋ ਕਿ ਉਨ੍ਹਾਂ ਦਾ ਦਿਤਾ ਦਾਨ ਅਗਲੇ ਜਨਮ ਵਿਚ ਫਲੇਗਾ । ਤੁਸੀਂ ਤਾਂ ਇਸ ਜਨਮ ਵਿਚ ਵੀ ਪਾਖੰਡ ਤੇ ਭਰਮਜਾਲ ਨਾਲ ਉਨ੍ਹਾਂ ਦਾ ਜੀਵਨ ਦੂਭਰ ਕਰ ਰਹੇ ਹੋ, ਅਗਲੇ ਜਨਮ ਵਿਚ ਉਨ੍ਹਾਂ ਦਾ ਕੀ ਸਵਾਰੋਗੇ । ਗੁਰੂ ਸਾਹਿਬ ਦੇ ਇਹ ਬਚਨ ਸੁਣ ਕੇ ਪੰਡਿਤ ਸ਼ਰਮਿੰਦੇ ਹੋ ਗਏ । ਕੁਰਕਸ਼ੇਤਰ ਪੰਦਰਾਂ ਦਿਨ ਰਹਿ ਕੇ ਆਪ 'ਕੀਰਤਪੁਰ' ਨੂੰ ਮੁੜ ਰਹੇ ਸਨ ਤਾਂ 'ਨੰਗਲ ਗੁਜਰਾਂ' ਕੋਲ ਨਵਾਬ ਰੋਪੜ ਦੇ ਕਠੇ ਕੀਤੇ ਟਿੱਡੀ ਦਲ ਨੇ ਗੁਰੂ ਸਾਹਿਬ ਉਤੇ ਅਚਾਨਕ ਹੱਲਾ ਬੋਲ ਦਿਤਾ । ਗੁਰੂ ਸਾਹਿਬ ਨਾਲ ਗਿਣਤੀ ਦੇ ਸਾਥੀ ਹੋਣ ਕਾਰਨ ਉਨ੍ਹਾਂ ਸੋਚਿਆ ਕਿ ਗੁਰੂ ਜੀ ਨੂੰ ਕਾਬੂ ਕਰਕੇ ਲਾਹੌਰ ਅਤੇ ਜਲੰਧਰ ਦੇ ਸੂਬੇਦਾਰਾਂ ਨਾਲੋਂ ਬਾਜ਼ੀ ਮਾਰ ਜਾਵਾਂਗੇ । ਸ਼ਾਹ ਜਹਾਨ ਨੂੰ ਦਸਣ ਜੋਗੇ ਹੋਵਾਂਗੇ ਕਿ ਜੋ ਕੰਮ ਉਹ ਪੰਦਰਾਂ ਸਾਲਾਂ ਵਿਚ ਹਜ਼ਾਰਾਂ ਬੰਦੇ ਮਰਵਾ ਕੇ ਨਹੀਂ ਕਰ ਸਕੇ, ਅਸੀਂ ਬਿਨਾਂ ਕਿਸੇ ਨੁਕਸਾਨ ਦੇ ਕਰ ਲਿਆ ਹੈ ।

ਰੋਪੜੀਏ ਪਠਾਣਾਂ ਨੇ 'ਸੰਘੋਲ', 'ਬਹਿਲੋਲਪੁਰ' ਤੇ 'ਬਸੀ' ਆਦਿ ਦੇ ਨੇੜੇ ਤੇੜੇ ਦੇ ਪਿੰਡਾਂ ਦੇ ਪਠਾਣਾਂ ਨੂੰ ਇਕਠਾ ਕਰ ਲਿਆ ਸੀ ਅਤੇ ਹਰ ਭੀ ਦੂਰੋਂ ਨੇੜਿਉਂ ਮਦਦ ਮੰਗਵਾ ਰਖੀ ਸੀ । ਉਹ ਕੁੱਲ ਮਿਲਾ ਕੇ ਪੰਜ ਛੇ ਹਜ਼ਾਰ ਬੰਦੇ ਸਨ । ਉਨ੍ਹਾਂ ਦਾ ਖਿਆਲ ਸੀ ਕਿ ਸਤਿਗੁਰੂ ਗਿਣਤੀ ਦੇ ਸਾਥੀਆਂ ਕਾਰਨ ਝਟ ਹਥਿਆਰ ਸੁੱਟ ਦੇਣਗੇ ।

ਗੁਰੂ ਸਾਹਿਬ ਦ੍ਰਿੜ੍ਹ ਇਰਾਦੇ ਵਾਲੀ ਸ਼ਖ਼ਸੀਅਤ ਸਨ । ਉਨ੍ਹਾਂ ਨੇ ਸਿਖਾਂ ਨੂੰ ਹੁਕਮ ਦਿਤਾ ਕਿ ਹਾਰ ਅਤੇ ਨਾਮੋਸ਼ੀ ਦੀ ਜ਼ਿੰਦਗੀ ਨਾਲੋਂ ਮੌਤ ਚੰਗੀ ਹੈ। ਇਸ ਲਈ ਸਾਰੇ ਸਿਖ ਅਗੋ ਵਧ ਕੇ ਲੜੇ । ਡਾਢੀ ਤੇਗ ਖੜਕੀ । ਪਠਾਣਾਂ ਦੀ ਗਿਣਤੀ ਤੇ ਪਾਸਾ ਤਕੜਾ ਵੇਖ ਕੇ ਸਿਖਾਂ ਨੇ ਬ੍ਰਾਹਮਣ ਮਾਜਰੇ ਦੀ ਗੜ੍ਹੀ ਦਾ ਆਸਰਾ ਲਿਆ । ਭਾਵੇਂ ਇਸ ਗੜ੍ਹੀ ਦੇ ਦਰਵਾਜ਼ੇ ਨਹੀਂ ਸਨ ਪਰ ਬਹਾਦਰਾਂ ਵਾਸਤੇ ਇਸ ਦਾ ਥੋੜਾ ਜੇਹਾ ਆਸਰਾ ਹੀ ਬਥੇਰਾ ਸੀ । ਗੁਰੂ ਸਾਹਿਬ ਨੇ ਆਪ ਇਸ ਦੇ ਚੁਬਾਰੇ ਤੇ ਚੜ੍ਹ ਕੇ ਐਸੇ ਤੀਰ ਛਡੇ ਕਿ ਪਠਾਣ ਟਿੱਡੀ ਦਲ ਦੇ ਦੰਦ ਖਟੇ ਹੋ ਗਏ । ਸ਼ਾਮ ਤਕ ਮੁਠ ਭੇੜ ਚਲਦੀ ਰਹੀ । ਪਠਾਣ ਗੜ੍ਹੀ ਵਿਚ ਨਾ ਵੜ ਸਕੇ । ਰਾਤ ਨੂੰ ਟੱਕਰ ਬੰਦ ਹੋ ਗਈ । ਅਗਲੀ ਸਵੇਰ ਭਾਈ ਬਿਧੀ ਚੰਦ ਅਤੇ ਭਾਈ ਭਾਰੂ ਹਜ਼ਾਰ ਬਾਰਾਂ ਸੋ ਸਿਖ ਬਹਾਦਰਾਂ ਨੂੰ ਲੈ ਕੇ ਆ ਪਹੁੰਚੇ । ਇਨ੍ਹਾਂ ਨੇ ਜਦੋਂ ਤਿਖਾ ਹੱਲਾ ਕੀਤਾ ਤਾਂ ਪਠਾਣ ਇਕ ਦੂਜੇ ਤੋਂ ਅਗੇ ਹੋ ਹੋ ਕੇ ਦੌੜੇ । ਬਿਧੀ ਚੰਦ ਨੇ ਰੋਪੜ ਦੇ ਅੰਦਰ ਤਕ ਉਨ੍ਹਾਂ ਦਾ ਪਿਛਾ ਕੀਤਾ ਅਤੇ ਪਠਾਣਾਂ ਨੂੰ ਉਨ੍ਹਾਂ ਦੇ ਕੀਤੇ ਦਾ ਮਜ਼ਾ ਚਖਾਇਆ । ਅਸਲ ਵਿਚ ਇਹ ਰੋਪੜੀਏ ਪਠਾਣ ਇਲਾਕੇ ਦੇ ਗਰੀਬ ਲੋਕਾਂ ਨੂੰ

ਬੱਕਰੀਆਂ ਵਾਂਗ ਕੋਹ ਕੋਹ ਖਾਂਦੇ ਸਨ। ਦਿੱਲੀ ਦੀ ਬਾਦਸ਼ਾਹੀ ਤੋਂ ਸਿਵਾ ਇਹ ਕਿਸੇ ਤੋਂ ਡਰਦੇ ਹੀ ਨਹੀਂ ਸਨ। ਉਥੇ ਇਨ੍ਹਾਂ ਦਾ ਰਸੂਖ ਚੰਗਾ ਸੀ। ਇਸ ਲਈ ਇਹ ਮਨ ਆਈਆਂ ਕਰਦੇ ਸਨ। ਇਨ੍ਹਾਂ ਦਾ ਘੁਮੰਡ ਤੋੜ ਕੇ ਤੇ ਇਲਾਕੇ ਦੇ ਲੋਕਾਂ ਨੂੰ ਇਨ੍ਹਾਂ ਦੇ ਜ਼ੁਲਮਾਂ ਤੋਂ ਨਿਜਾਤ ਦਿਵਾ ਕੇ ਗੁਰੂ ਸਾਹਿਬ ਸਹੀ ਸਲਾਮਤ ਕੀਰਤਪੁਰ ਆ ਗਏ। ਇਹ ਗੱਲ ਪਹਿਲੀ ਸਾਵਣ 1692 (ਅਗਸਤ 1635 ਈ.) ਦੀ ਹੈ। ਅਗਲੇ ਵਰ੍ਹੇ ਗਰਮੀਆਂ ਮੁਕੀਆਂ ਹੀ ਸਨ 'ਗੋਇੰਦਵਾਲ' ਤੋਂ ਸੁਨੇਹਾ ਆ ਗਿਆ ਕਿ ਭਾਈ ਗੁਰਦਾਸ ਜੀ ਯਾਦ ਕਰਦੇ ਹਨ। ਉਹ ਗੁਰੂ ਮਹਾਰਾਜ ਦੇ ਅੰਤਿਮ ਦਰਸ਼ਨਾਂ ਦੇ ਅਭਿਲਾਸ਼ੀ ਹਨ। ਗੁਰੂ ਸਾਹਿਬ ਗੋਇੰਦਵਾਲ ਜਾ ਪੁਜੇ। ਭਾਈ ਸਾਹਿਬ ਬੜੇ ਪ੍ਰਸੰਨ ਹੋਏ। ਗੁਰੂ ਜੀ ਦਾ ਆਦਰ ਕੀਤਾ। ਕੁਝ ਦਿਨ ਪਿਛੋਂ ਗੁਰੂ ਸਾਹਿਬ ਦੇ ਚਰਨਾਂ ਵਿਚ ਹੀ ਭਾਦੋਂ ਸੁਦੀ ਪੰਚਮੀ 1693 ਬਿ. (1636 ਈ.) ਨੂੰ ਆਪ ਸਰੀਰ ਤਿਆਗ ਗਏ। ਆਪ ਦਾ ਅੰਤਿਮ ਸੰਸਕਾਰ ਗੁਰੂ ਸਾਹਿਬ ਨੇ ਆਪ ਕਰਵਾਇਆ ਅਤੇ ਕੁਝ ਦਿਨ ਗੋਇੰਦਵਾਲ ਟਿਕ ਕੇ ਵਾਪਸ ਕੀਰਤਪੁਰ ਆ ਗਏ। ਕੀਰਤਪੁਰ ਵਿਚ ਗੁਰੂ ਸਾਹਿਬ ਦੇ ਪਕੇ ਟਿਕਾਣੇ ਉਪਰੰਤ ਪਹਾੜੀ ਰਾਜਿਆਂ ਨੂੰ ਆਪ ਨੇ ਆਸ ਪਾਸ ਦੇ ਮੁਗਲ ਹਾਕਮਾਂ ਦੁਆਰਾ ਖੋਹੇ ਪਿੰਡ ਵਾਪਸ ਦੁਆਏ। ਉਨ੍ਹਾਂ ਨੂੰ ਗੁਰੂ ਜੀ ਦਾ ਆਸਰਾ ਮਿਲ ਗਿਆ। ਗੁਰੂ ਜੀ ਨੇ ਇਲਾਕੇ ਵਿਚ ਪੀਣ ਵਾਲੇ ਪਾਣੀ ਦੀ ਕਮੀ ਨੂੰ ਵੇਖ ਕੇ ਕਈ ਬਾਈਂ ਖੂਹ ਵੀ ਪੁਟਵਾਏ। ਬਾਬਾ ਸ੍ਰੀ ਚੰਦ ਜੀ ਦੇ ਸਰੀਰ ਤਿਆਗਣ ਉਪਰੰਤ ਉਨ੍ਹਾਂ ਦੀ ਓਦਾਸੀ ਸੰਪਰਦਾ ਦੀ ਜ਼ਿੰਮੇਵਾਰੀ ਬਾਬਾ ਗੁਰਦਿਤਾ ਜੀ ਤੇ ਆ ਚੁਕੀ ਸੀ। ਉਨ੍ਹਾਂ ਨੇ ਇਹ ਕਾਰਜ ਬੜੀ ਕੁਸ਼ਲਤਾ ਨਾਲ ਸੰਭਾਲਿਆ। ਦੂਰ ਦੂਰ ਤਕ ਸਿਖੀ ਪ੍ਰਚਾਰ ਕੀਤਾ। ਇਥੋਂ ਹੀ ਗੁਰੂ ਸਾਹਿਬ ਨੇ ਆਪਣੇ ਯੋਧੇ ਬਿਧੀ ਚੰਦ ਜੀ ਨੂੰ ਅਯੁਧਿਆ ਅਤੇ ਦੂਰ ਪੂਰਬ ਤਕ ਗੁਰਮਤਿ ਪ੍ਰਚਾਰ ਲਈ ਭੇਜਿਆ। ਭਾਈ ਸਾਹਿਬ ਨੇ ਆਪਣੀ ਉਮਰ ਦੇ ਅੰਤਿਮ ਵਰ੍ਹੇ ਉਧਰ ਹੀ ਬਿਤਾਏ ਅਤੇ ਅਗਸਤ 1640 ਨੂੰ ਅਯੁਧਿਆ ਨੇੜੇ ਹੀ ਸਰੀਰ ਤਿਆਗਿਆ।

ਕੀਰਤਪੁਰ ਰਹਿੰਦਿਆਂ ਦੋ ਢਾਈ ਵਰ੍ਹੇ ਹੀ ਬੀਤੇ ਸਨ ਕਿ ਬਾਬਾ ਗੁਰਦਿਤਾ ਜੀ ਚੜ੍ਹਾਈ ਕਰ ਗਏ। ਇਨ੍ਹਾਂ ਦੀ ਜੀਵਨ ਲੀਲਾ ਵਚਿਤਰ ਹੀ ਰਹੀ। ਬਾਬਾ ਜੀ ਗ੍ਰਹਿਸਤ ਵਿਚ ਉਦਾਸੀ ਸਨ। ਯੋਧੇ ਸਨ ਤੇ ਸੰਤ ਵੀ। ਸ਼ਿਕਾਰ ਵੀ ਖੇਡਦੇ ਸਨ ਤੇ ਗੁਰਮਤਿ ਦਾ ਚਾਨਣ ਵੀ ਵੰਡਦੇ ਸਨ। ਸਿਖ ਪਰੰਪਰਾ ਤੇ ਪੁਰਾਤਨ ਸਿਖ ਗ੍ਰੰਥ ਦਸਦੇ ਹਨ ਕਿ ਇਕ ਦਿਨ ਸ਼ਿਕਾਰ ਖੇਡਦੇ ਸਮੇਂ ਆਪ ਤੋਂ ਕਿਸੇ ਗਰੀਬ ਆਦਮੀ ਦੀ ਗਊ ਭੁਲੇਖੇ ਨਾਲ ਮਾਰੀ ਗਈ। ਉਸ ਦੇ ਦੁਖ ਤੇ ਨੁਕਸਾਨ ਨੂੰ ਵੇਖਦੇ ਹੋਏ, ਬਾਬਾ ਜੀ ਨੇ ਆਪਣੀ ਆਤਮਕ ਸਤਿਆ ਨਾਲ ਮੋਈ ਗਊ ਜ਼ਿੰਦਾ ਕਰ ਦਿਤੀ। ਕਰਾਮਾਤ ਸਿਖ ਸਿਧਾਂਤਾਂ ਦੇ ਅਨੁਕੂਲ ਨਹੀਂ। ਗੁਰੂ ਸਾਹਿਬ ਨੂੰ ਪਤਾ ਲੱਗਾ ਤਾਂ ਉਨ੍ਹਾਂ ਬਾਬਾ ਜੀ ਨੂੰ ਸੱਦ ਕੇ ਨਰਾਜ਼ਗੀ ਪ੍ਰਗਟ ਕੀਤੀ। ਬਾਬਾ ਜੀ ਨੇ ਪਸ਼ਚਾਤਾਪ ਵਜੋਂ ਸਮਾਧੀ ਸਥਿਤ ਹੋ ਕੇ ਪ੍ਰਾਣ ਤਿਆਗ ਦਿਤੇ। ਇਹ ਭਾਣਾ ਚੇਤ ਸੁਦੀ ਦਸ 1695 (1638) ਨੂੰ ਵਾਪਰਿਆ। ਸਿਖੀ ਵਿਚ ਕਰਾਮਾਤ ਦੀ ਅਜੇਹੀ ਵਰਤੋਂ ਦੀ ਆਗਿਆ ਨਾ ਹੋਣ ਕਾਰਨ ਕੁਝ ਵਰ੍ਹੇ ਪਹਿਲਾਂ ਸਾਹਿਬਜ਼ਾਦਾ ਅਟੱਲ ਰਾਏ ਜੀ ਵੀ ਇੰਜ ਹੀ ਸਮਾਧੀ ਸਥਿਤ ਹੋ ਕੇ ਉਦੋਂ ਪ੍ਰਾਣ ਤਿਆਗ

ਗਏ ਸਨ ਜਦੋਂ ਖੇਡਦੇ ਸਮੇਂ ਸਪ ਦੇ ਕਟਣ ਨਾਲ ਮੋਏ ਹੋਏ ਇਕ ਹਮਜੋਲੀ ਨੂੰ ਜ਼ਿੰਦਾ ਕਰਨ ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਤੇ ਨਾਰਾਜ਼ਗੀ ਪ੍ਰਗਟ ਕੀਤੀ ਸੀ।

ਬਾਬਾ ਗੁਰਦਿਤਾ ਜੀ ਦੇ ਸਰੀਰ ਤਿਆਗਨ ਦਾ ਸੰਦੇਸ਼ ਗੁਰੂ ਸਾਹਿਬ ਨੇ ਕਰਤਾਰਪੁਰ ਭੇਜਿਆ ਅਤੇ ਉਨ੍ਹਾ ਦੇ ਬੇਟੇ ਧੀਰਮਲ ਨੂੰ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਲੈ ਕੇ ਕੀਰਤਪੁਰ ਆਉਣ ਲਈ ਕਿਹਾ। ਉਹ ਵੱਡੇ ਸਾਹਿਬਜ਼ਾਦੇ ਦਾ ਵੱਡਾ ਪੁਤਰ ਹੋਣ ਨਾਤੇ ਗੁਰਗਦੀ ਉਤੇ ਆਪਣਾ ਹੱਕ ਸਮਝਦਾ ਸੀ । ਪ੍ਰਤੀਤ ਹੁੰਦਾ ਹੈ ਕਿ ਨੇੜੇ ਬੈਠੇ ਮਿਹਰਬਾਨ ਦੀ ਸੰਗਤ ਨੇ ਉਸ ਨੂੰ ਇੰਜ ਸੋਚਣ ਲਾ ਦਿਤਾ ਸੀ। ਉਸ ਸੋਚਿਆ ਕਿ ਕੀਰਤਪੁਰ ਗਿਆ ਤਾਂ ਬੀੜ ਵੀ ਲਿਜਾਣੀ ਪਵੇਗੀ। ਇਸ ਲਈ ਉਹ ਕੀਰਤਪੁਰ ਹੀ ਨਾ ਗਿਆ। ਉਸ ਦੀ ਇਸ ਸੋਚਣੀ ਦਾ ਪਤਾ ਗੁਰੂ ਸਾਹਿਬ ਨੂੰ ਲੱਗਾ ਤਾਂ ਗੁਰੂ ਸਾਹਿਬ ਨੇ ਕਿਹਾ— ਧੀਰਮਲ ਪ੍ਰਿਥੀਏ ਦਾ ਅਵਤਾਰ ਹੈ। ਕਰਤਾਰਪੁਰੋਂ ਬਾਬਾ ਗੁਰਦਿਤਾ ਜੀ ਦੀ ਪਤਨੀ ਮਾਤਾ ਨੱਤੀ ਜੀ ਸੇਵਕਾਂ ਸਹਿਤ ਬਾਬਾ ਜੀ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਿਲ ਹੋਣ ਆਏ। (ਗੁਰੂ) ਗ੍ਰੰਥ ਸਾਹਿਬ ਦੀਆਂ ਸੈਂਚੀਆਂ ਤੋਂ ਪਾਠ ਹੋਏ। ਦੀਵਾਨ ਸਜੇ। ਭੋਗ ਉਪਰੰਤ ਗੁਰੂ ਸਾਹਿਬ ਨੇ ਪਿਆਰ ਨਾਲ ਛੋਟੇ ਪੋਤਰੇ ਹਰਿ ਰਾਏ ਜੀ ਨੂੰ ਪੱਗ ਬਖਸ਼ੀ। ਇਹ ਵੇਖ ਕੇ ਹਰ ਕੋਈ ਸੋਚਣ ਲਗਾ ਕਿ ਗੁਰੂ ਹਰਿਗੋਬਿੰਦ ਗੁਰਗਦੀ ਦਾ ਵਾਰਸ ਹਰਿ ਰਾਏ ਜੀ ਨੂੰ ਹੀ ਥਾਪਣਗੇ। ਉਹ ਜਾਣਦੇ ਸਨ ਕਿ ਗੁਰੂ ਘਰ ਵਿਚ ਗੁਰਗੱਦੀ ਖਾਨਦਾਨੀ ਨਹੀਂ। ਸਿਖ ਪਰੰਪਰਾ ਵਿਚ ਇਹ ਵੀ ਮੰਨਿਆ ਜਾਂਦਾ ਹੈ ਕਿ ਇਕ ਸਮੇਂ ਗੁਰੂ ਸਾਹਿਬ ਦੇ ਤੀਸਰੇ ਸਹਿਬਜ਼ਾਦੇ ਬਾਬਾ ਸੂਰਜ ਮੱਲ ਜੀ ਨੇ ਵੀ ਗੁਰਗਦੀ ਉਤੇ ਆਪਣੇ ਹੱਕ ਵਲ ਸੰਕੇਤ ਕੀਤਾ। ਗੁਰੂ ਸਾਹਿਬ ਨੇ ਉਸ ਨੂੰ ਇਹ ਕਹਿ ਕੇ ਚੁਪ ਕਰਵਾ ਦਿਤਾ ਕਿ ਸਮਾਂ ਆਉਣ ਤੇ ਗੁਰਗਦੀ ਦਾ ਫੈਸਲਾ ਆਪੇ ਹੋ ਜਾਵੇਗਾ। ਕਿਸੇ ਨੂੰ ਹੱਕ ਜਤਾਉਣ ਜਾਂ ਜਮਾਉਣ ਦੀ ਲੋੜ ਨਹੀਂ। ਚੌਥੇ ਸਾਹਿਬਜ਼ਾਦੇ ਬਾਬਾ ਤੇਗ ਬਹਾਦਰ ਜੀ ਨਾਨਕੇ 'ਬਾਬੇ ਬਕਾਲੇ' ਤਪਸਿਆ ਵਿਚ ਲਗੇ ਰਹੇ। ਉਨ੍ਹਾਂ ਇਸ ਪਾਸੇ ਕੋਈ ਗੱਲ ਹੀ ਕਦੇ ਨਾ ਗੋਲੀ। ਪੰਜਵੇਂ ਸਾਹਿਬਜ਼ਾਦੇ ਅਣੀ ਰਾਏ ਜੀ ਸ਼ਿਕਾਰ ਤੇ ਖੇਡਾਂ ਵਿਚ ਮਸਤ ਰਹਿੰਦੇ ਸਨ ਅਤੇ ਛੋਟੀ ਉਮਰੇ ਹੀ ਸਰੀਰ ਤਿਆਗ ਗਏ ਸਨ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਦਾ ਸਾਰਾ ਧਿਆਨ ਬਾਬਾ ਗੁਰਦਿਤਾ ਜੀ ਦੇ ਛੋਟੇ ਬੇਟੇ ਹਰਿ ਰਾਏ ਜੀ ਵਲ ਗਿਆ ਜੋ ਤਿਆਗ ਤੇ ਤਪੱਸਿਆ ਦੋਹਾਂ ਪੱਖਾਂ ਤੋਂ ਸੰਪੂਰਨ ਸਨ। ਉਹ ਆਪਣਾ ਸਾਰਾ ਸਮਾਂ ਸੇਵਾ ਅਤੇ ਸਿਮਰਨ ਵਿਚ ਗੁਜ਼ਾਰਦੇ ਸਨ। ਗੁਰੂ ਸਾਹਿਬ ਨੇ ਆਪ ਉਨ੍ਹਾਂ ਨੂੰ ਸ਼ਸਤਰ ਵਿਦਿਆ ਦਿਤੀ। ਉਨ੍ਹਾਂ ਦੀ ਨਿਮਰਤਾ ਕੋਮਲਤਾ ਅਤੇ ਹਿਰਦੇ ਦੀ ਪਵਿਤਰਤਾ ਸਭ ਨੂੰ ਆਕਰਸ਼ਿਤ ਤੇ ਪ੍ਰਭਾਵਿਤ ਕਰਦੀ ਸੀ। ਗੁਰੂ ਕੀ ਨਿਕੀ ਜੇਹੀ ਸਿਖ ਮੱਤ ਨੂੰ ਵੀ ਜਿਵੇਂ ਉਹ ਉਮਰ ਭਰ ਲਈ ਪੱਲੇ ਬੰਨ੍ਹ ਲੈਂਦੇ ਉਸ ਦਾ ਪ੍ਰਮਾਣ ਸੂਰਜ ਪ੍ਰਕਾਸ਼ ਵਿਚ ਅੰਕਿਤ ਇਕ ਘਟਨਾ ਹੈ।

ਘਟਨਾ ਇਉਂ ਹੈ ਕਿ ਹਰਿ ਰਾਏ ਜੀ ਕੀਰਤਪੁਰ ਵਿਚ ਬਾਗ ਵਿਚ ਸੈਰ ਕਰ ਰਹੇ ਸਨ। ਗੁਰੂ ਹਰਿਗੋਬਿੰਦ ਸਾਹਿਬ ਅਗੇ ਅਗੇ ਸਨ। ਖਿੜੇ ਹੋਏ ਫੁਲਾਂ ਨੂੰ ਵੇਖ ਵੇਖ ਪ੍ਰਸੰਨ ਹੋ ਰਹੇ ਸਨ। ਪਿਛੇ ਆ ਰਹੇ ਹਰਿ ਰਾਏ ਜੀ ਦੇ ਜਾਮੇ ਨਾਲ ਅੜ ਕੇ ਖਿੜੇ

ਹੋਏ ਇਕ ਦੋ ਫੁੱਲ ਡਿਗ ਪਏ । ਕੁਝ ਪਲ ਪਿਛੋਂ ਵਾਪਸ ਪਰਤਦੇ ਸਮੇਂ ਟਾਹਣੀ ਤੇ ਉਹ ਖਿੜੇ ਹੋਏ ਫੁਲ ਗੁਰੂ ਸਾਹਿਬ ਨੂੰ ਨਜ਼ਰ ਨਾ ਪਏ ਤਾਂ ਉਨ੍ਹਾਂ ਪੁਛਿਆ । ਸੰਗਤ ਵਿਚੋਂ ਕਿਸੇ ਨੇ ਕਿਹਾ—ਹਰਿ ਰਾਏ ਜੀ ਦੇ ਜਾਮੇ ਨਾਲ ਅੜ ਕੇ ਫੁੱਲ ਟੁੱਟ ਗਏ ਹਨ । ਗੁਰੂ ਸਾਹਿਬ ਨੇ ਹਰਿ ਰਾਏ ਜੀ ਵਲ ਤਕ ਕੇ ਕਿਹਾ ਕਿ ਜੇ ਜਾਮਾ ਵੱਡਾ ਹੋਵੇ ਤਾਂ ਸੰਭਾਲ ਕੇ ਤੁਰਨਾ ਚਾਹੀਦਾ ਹੈ । ਇਹ ਸਿਖਿਆ ਹਰਿ ਰਾਏ ਜੀ ਨੇ ਪਲੇ ਬੰਨ੍ਹ ਲਈ :

ਤਬ ਤੇ ਮਾਨਯੋ ਬਚਨ ਭਲੇ ਹੈਂ ।
ਜਬ ਲੋ ਜਿਏ ਨਾ ਛੋਹ ਚਲੇ ਹੈਂ ।
ਸਤ ਪਾਲਨ ਕੋ ਜਾਮਾ ਪਾਵੈ ।
ਚਲਨ ਸਮੇਂ ਕਰ ਤੇ ਸੁਕਚਾਵੇ ।
ਸੀਖ ਪਿਤਾਮਾ ਕੀ ਨਾ ਬਿਸਾਰੀ ।
ਸ੍ਰੀ ਹਰਿ ਰਾਏ ਪ੍ਰਤਿਗਿਆ ਧਾਰੀ ।

ਗੁਰੂ ਹਰਿ ਰਾਏ ਜੀ ਨੇ ਉਮਰ ਭਰ ਇਹ ਸਿਖਿਆ ਨਾ ਵਿਸਾਰੀ । ਸਾਰੀ ਉਮਰ ਹੱਥਾਂ ਨਾਲ ਜਾਮਾ ਸੰਕੋਚ ਕੇ ਹੀ ਤੁਰਦੇ ਰਹੇ । ਸਮਾਂ ਆਪਣੇ ਚਾਲੇ ਚਲਦਾ ਗਿਆ । ਦੂਰੋਂ ਦੂਰੋਂ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਂਦੀਆਂ । ਇਨ੍ਹਾਂ ਵਿਚੋਂ ਪੀਰ ਫਜ਼ਲ ਈਰਾਨੀ ਅਤੇ ਪੀਰ ਹਸਨ ਅਲੀ ਅਰਬੀ (ਉਰਫ ਪੀਰ ਕੈਵਾਨੀ) ਵਿਸ਼ੇਸ਼ ਜ਼ਿਕਰ ਯੋਗ ਹਨ । ਇਹ 1698 ਬਿਕਰਮੀ (ਸੰਨ 1641 ਈ.) ਨੂੰ ਗੁਰੂ ਪਾਤਸ਼ਾਹ ਦੇ ਦਰਸ਼ਨਾਂ ਹਿਤ ਆਏ । ਇਨ੍ਹਾਂ ਨੇ ਪੁੱਛਿਆ ਕਿ ਖੁਦਾ ਤਕ ਰਸਾਈ ਕਿਵੇਂ ਸੌਖੀ ਹੋ ਸਕਦੀ ਹੈ । ਗੁਰੂ ਸਾਹਿਬ ਨੇ ਮੁਸਕਰਾਂਦੇ ਹੋਏ ਸਹਿਜ ਸੁਭਾ ਕਿਹਾ—ਆਪ ਜਹੇ ਭਲੇ ਪੁਰਖਾਂ ਦੀ ਸੰਗਤ ਨਾਲ । ਪੀਰ ਸਾਹਿਬਾਨ ਗੁਰੂ ਸਾਹਿਬ ਦੇ ਹੀ ਹੋ ਕੇ ਰਹਿ ਗਏ । ਇਹ ਪੀਰ ਜਦੋਂ ਪੰਜਾਬ ਦੇ ਗਵਰਨਰ ਦਾਰਾ ਸ਼ਿਕੋਹ ਨੂੰ ਮਿਲੇ ਤਾਂ ਇਨ੍ਹਾਂ ਨੇ ਗੁਰੂ ਜੀ ਦੀ ਬੜੀ ਸਿਫਤ ਕੀਤੀ ਅਤੇ ਕਿਹਾ ਕਿ ਆਪ ਜਹੇ ਖੁਦਾ ਦੇ ਨੇਕ ਬੰਦੇ ਨੂੰ ਗੁਰੂ ਹਰਿਗੋਬਿੰਦ ਜਹੀ ਪੈਗੰਬਰੀ ਸ਼ਖ਼ਸੀਅਤ ਦੇ ਦੀਦਾਰ ਜ਼ਰੂਰ ਕਰਨੇ ਚਾਹੀਦੇ ਹਨ । ਸਾਡੀ ਜਾਚੇ ਖੁਦਾ ਦੀ ਦਰਗਾਹ ਵਿਚ ਉਨ੍ਹਾਂ ਦਾ ਰੁਤਬਾ ਸਭ ਤੋਂ ਉਚਾ ਹੈ । ਹਿੰਦੁਸਤਾਨ ਵਿਚ ਸੱਚੀ ਤੌਹੀਦ ਅਤੇ ਵਾਹਦਤ ਦੇ ਪ੍ਰਚਾਰਕ ਕੇਵਲ ਉਹੀ ਹਨ । ਦਾਰਾ ਉਨ੍ਹਾਂ ਦੀਆਂ ਗੱਲਾਂ ਤੋਂ ਬੜਾ ਪ੍ਰਭਾਵਿਤ ਹੋਇਆ । ਦੋ ਕੁ ਸਾਲ ਬਾਦ ਕਸ਼ਮੀਰ ਤੋਂ ਵਾਪਸੀ ਸਮੇਂ ਪਹਾੜੀ ਰਾਜਿਆਂ ਤੋਂ ਨਜ਼ਰਾਨੇ ਉਗਰਾਂਹਦਾ ਹੋਇਆ ਨੰਗਲ ਦੇ ਪਤਨ ਤੋਂ ਸਤਲੁਜ ਲੰਘ ਕੇ ਅਕਤੂਬਰ 1643 ਈ. ਵਿਚ ਉਹ ਆਪ ਕੀਰਤਪੁਰ ਸਾਹਿਬ ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿਚ ਹਾਜ਼ਿਰ ਹੋਇਆ । ਬਾਬਰੀ ਜਲਾਲ ਨੂੰ ਗੁਰੂ ਨਾਨਕ ਦੇ ਖੁਦਾਈ ਨੂਰ ਦੀ ਛੋਹ ਨੇ ਇਕ ਵਾਰ ਫਿਰ ਪਾਵਨ ਕੀਤਾ । ਦਾਰਾ ਸ਼ਿਕੋਹ ਨੇ ਬੜੇ ਬੜੇ ਵਿਦਵਾਨਾਂ ਅਤੇ ਫਕੀਰਾਂ ਦੀ ਸੰਗਤ ਕੀਤੀ ਸੀ, ਪਰ ਕੁੰਜੀ ਗੁਰ ਸਿਉਂ ਪਾਈ ਅਨੁਸਾਰ ਉਸ ਨੂੰ ਰੂਹਾਨੀ ਸਕੂਨ ਦਾ ਭੇਦ ਗੁਰੂ ਸਾਹਿਬ ਦੇ ਦਰਸ਼ਨਾਂ ਉਪਰੰਤ ਹੀ ਹਾਸਲ ਹੋਇਆ । ਉਨ੍ਹਾਂ ਨੇ ਉਸ ਦੇ ਗੂੜ੍ਹ ਸ਼ੰਕਿਆਂ ਨੂੰ ਆਪਣੇ ਸਹਿਜ

ਉੱਤਰਾਂ ਨਾਲ ਨਵਿਰਤ ਕਰ ਦਿਤਾ । ਤਵਾਰੀਖ ਗੁਰੂ ਖਾਲਸਾ ਅਨੁਸਾਰ ਦਾਰਾ ਸ਼ਿਕੋਹ ਨੇ ਗੁਰੂ ਸਾਹਿਬ ਨੂੰ ਜਾਗੀਰ ਦੇਣ ਦੀ ਵੀ ਪੇਸ਼ਕਸ਼ ਕੀਤੀ ਜੋ ਗੁਰੂ ਸਾਹਿਬ ਨੇ ਪ੍ਰਵਾਨ ਨਾ ਕੀਤੀ। 17 ਹਾੜ ਸੰਮਤ 1697 (1640 ਈ.) ਨੂੰ ਗੁਰੂ ਹਰਿ ਰਾਏ ਜੀ ਦੀ 'ਅਰੂਪ ਨਗਰ' ਵਿਖੇ ਸ਼ਾਦੀ ਹੋ ਗਈ। ਦੋ ਕੁ ਸਾਲ ਬਾਦ ਹਾੜ ਸੰਮਤ 1699 (1642 ਈ.) ਵਿਚ ਮੁਕਲਾਵਾ ਲਿਆਂਦਾ ਗਿਆ। ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਗੁਰੂ ਸਾਹਿਬ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੇ ਜੋਤੀ ਜੋਤਿ ਸਮਾਉਣ ਉਪਰੰਤ ਸਿਖ ਲਹਿਰ ਇਹੋ ਜੇਹੇ ਕਿਸੇ ਬਿਖੇੜੇ ਵਿਚ ਉਲਝੇ ਜਿਹੋ ਜਹੇ ਧੀਰਮਲ ਖੜ੍ਹੇ ਕਰ ਰਿਹਾ ਸੀ । ਇਸ ਲਈ ਉਨ੍ਹਾਂ ਗੁਰੂ ਨਾਨਕ ਸਾਹਿਬ ਦੀ ਚਲਾਈ ਪਰਪਾਟੀ, ਸਹਿ ਟਿਕਾ ਦਿਤੋਸ ਜੀਵਦੈ, ਅਨੁਸਾਰ ਜੀਉਂਦੇ ਜੀਅ ਯੋਗ ਉਤਰਾਧਿਕਾਰੀ ਨੂੰ ਗੁਰਗੱਦੀ ਸੌਂਪਣ ਦਾ ਫੈਸਲਾ ਕਰ ਲਿਆ । ਇਸ ਲਈ ਉਨ੍ਹਾਂ ਨੂੰ ਹਰਿ ਰਾਏ ਜੀ ਹੀ ਸੁਯੋਗ ਪ੍ਰਤੀਤ ਹੋਏ । ਗੁਰਬਿਲਾਸ ਅਨੁਸਾਰ, ਜੋਤੀ ਜੋਤਿ ਸਮਾਣ ਤੋਂ ਕੁਝ ਸਮਾਂ ਪਹਿਲਾਂ, ਗੁਰੂ ਸਾਹਿਬ ਨੇ ਆਪਣਾ ਡੇਰਾ ਸਤਿਲੁਜ ਨੇੜੇ ਕਰ ਲਿਆ। ਨਿਕਟੀ ਸਿਖ ਸਮਝ ਗਏ ਕਿ ਹੁਣ ਗੁਰੂ ਜੀ ਦੇ ਜੋਤੀ ਜੋਤਿ ਸਮਾਣ ਦਾ ਸਮਾਂ ਨੇੜੇ ਆ ਗਿਆ ਹੈ । ਉਹ ਇਕ ਪਲ ਵੀ ਗੁਰੂ ਜੀ ਤੋਂ ਦੂਰ ਨਹੀਂ ਸਨ ਰਹਿਣਾ ਚਾਹੁੰਦੇ ।

1644 ਦਾ ਵਰ੍ਹਾ ਚੜ੍ਹ ਆਇਆ ਸੀ। ਫੱਗਣ ਦਾ ਮਹੀਨਾ ਬੀਤ ਚੁਕਾ ਸੀ । ਚੇਤਰ ਚੜ੍ਹ ਆਇਆ ਸੀ । ਭਾਈ ਭਾਨਾ ਜੀ ਤੇ ਹੋਰ ਸੰਗਤਾਂ ਰੋਜ਼ ਗੁਰੂ ਜੀ ਪਾਸ ਸ਼ਰਧਾ ਨਾਲ ਜੁੜ ਕੇ ਬੈਠਦੀਆਂ ਸਨ। ਦਿਨ ਰਾਤ ਕਥਾ ਕੀਰਤਨ ਤੇ ਗੁਰਮਤਿ ਦਾ ਪ੍ਰਵਾਹ ਚਲਦਾ। ਚੇਤ ਸੁਦੀ ਚਾਰ ਨੂੰ ਗੁਰੂ ਸਾਹਿਬ ਨੇ ਪਹਿਰ ਰਾਤ ਰਹਿੰਦੇ ਉਠ ਕੇ ਇਸ਼ਨਾਨ ਕੀਤਾ । ਜਪੁਜੀ ਸਾਹਿਬ ਦਾ ਪਾਠ ਕੀਤਾ । ਸਮਾਧੀ ਸਥਿਤ ਹੋ ਕੇ ਬੈਠ ਗਏ । ਭਾਈ ਭਾਨਾ ਜੀ ਤੇ ਹੋਰ ਆਪ ਦੀ ਸੁੰਦਰ ਸੂਰਤ ਨੂੰ ਨਿਹਾਰ ਰਹੇ ਸਨ :

ਸੁਦੀ ਚੋਥ ਚਰਚਾ ਕਰਤ ਰਹੇ ਤੀਨ ਨਿਸ ਜਾਮ ।
ਭਾਨੇ ਆਦਿਕ ਬੈਠ ਸਭ ਗੁਰ ਢਿਗ ਹੀਏ ਅਕਾਮ ।
ਰਹੀ ਜਾਮ ਨਿਸ ਜਾਨ ਕਰ ਸ੍ਰੀ ਗੁਰ ਕੀਨ ਸਨਾਨ ।
ਜਪੁਜੀ ਪੜ੍ਹ ਗੁਰ ਮੰਤ੍ਰ ਕੋ ਗੁਰ ਨਾਨਕ ਕਰ ਧਯਾਨ ।
ਮਜਨ ਕਰ ਬੈਠੇ ਸਭੀ ਮੋਨ ਨਿਰੰਤਰ ਧਾਰ ।
ਜਪਤ ਜਾਪ ਅਜਾਪ ਮੁਖ ਮੂਰਤ ਪ੍ਰਭੂ ਨਿਹਾਰ ।[1]

ਆਪ ਨੇ ਨੈਣ ਖੋਲ੍ਹੇ । ਭਾਈ ਭਾਨਾ ਜੀ ਨੂੰ ਲੈ ਕੇ ਪਹਿਲਾਂ ਗ੍ਰਹਿ ਵਿਖੇ ਆਏ ਅਤੇ ਫਿਰ ਜਿਥੇ ਦੀਵਾਨ ਸਜ ਰਿਹਾ ਸੀ, ਉਥੇ ਪੁੱਜੇ । ਆਪਣੇ ਆਸਨ ਤੇ ਸਜੇ ਅਤੇ ਕਿਹਾ—ਹਰਿ ਰਾਇ ਜੀ ਨੂੰ ਬੇਨਤੀ ਕਰ ਕੇ ਅਗੇ ਲਿਆਓ । ਉਨ੍ਹਾਂ ਨੂੰ ਆਪਣੇ ਆਸਨ ਉਤੇ ਬਿਠਾਇਆ। ਪੰਜ ਪੈਸੇ ਨਾਰੀਅਲ ਅਤੇ ਪੋਥੀ ਰੱਖ ਕੇ ਮੱਥਾ ਟੇਕਿਆ ।

1. ਗੁਰ ਬਿਲਾਸ ਪਾ. 6, (ਪਹਿਲਾ ਹਿੰਦੀ ਸੰਸਕਰਣ) 1972, ਪੰ. 798.

ਬਾਬਾ ਬੁੱਢਾ ਜੀ ਤਾਂ ਕੋਈ ਦਸ ਕੁ ਸਾਲ ਪਹਿਲਾਂ ਬ੍ਰਹਮ ਜੋਤ ਵਿਚ ਲੀਨ ਹੋ ਚੁਕੇ ਸਨ । ਉਹ ਆਪਣੀਆਂ ਜ਼ੁੰਮੇਵਾਰੀਆਂ ਆਪਣੇ ਬੇਟੇ ਭਾਨਾ ਜੀ ਨੂੰ ਸੌਂਪ ਕੇ ਉਨ੍ਹਾਂ ਦੀ ਬਾਂਹ ਗੁਰੂ ਹਰਿਗੋਬਿੰਦ ਜੀ ਨੂੰ ਫੜਾ ਗਏ ਸਨ । ਪਿਛਲੇ ਪੰਜਾਂ ਗੁਰੂਆਂ ਨੂੰ ਗੁਰਿਆਈ ਉਪਰੰਤ ਬਾਬਾ ਬੁੱਢਾ ਜੀ ਹੀ ਤਿਲਕ ਲਗਾਂਦੇ ਰਹੇ ਸਨ । ਇਸੇ ਖ਼ੂਬਸੂਰਤ ਰਵਾਇਤ ਨੂੰ ਅਗੇ ਤੋਰਦੇ ਹੋਏ, ਗੁਰੂ ਹਰਿਗੋਬਿੰਦ ਜੀ ਨੇ ਭਾਈ ਭਾਨਾ ਜੀ ਨੂੰ ਹਰਿ ਰਾਏ ਜੀ ਨੂੰ ਤਿਲਕ ਲਾਉਣ ਲਈ ਕਿਹਾ :

> ਸਾਹਿਬ ਭਾਨੇ ਤਿਲਕ ਕਰਾਇਓ ।
> ਗੁਰੂ ਹਰਿ ਰਾਏ ਭਾਲ ਛਬਿ ਛਾਇਓ ।

ਇਸ ਉਪਰੰਤ ਆਪ ਨੇ ਭਾਈ ਭਾਨਾ ਜੀ ਨੂੰ ਕਿਹਾ ਕਿ ਆਪ 'ਰਾਮਦਾਸ' ਚਲੇ ਜਾਣਾ । ਆਪਣੇ ਬੇਟੇ ਗੁਰਦਿਤਾ ਜੀ ਨੂੰ ਗੁਰੂ ਹਰਿ ਰਾਏ ਪਾਸ ਛਡ ਜਾਣਾ । ਆਪ ਨੇ ਭਾਈ ਰਾਮਾ, ਭਾਈ ਪਰਮਾਨੰਦ, ਭਾਈ ਸੁੰਦਰ, ਭਾਈ ਜੋਧ, ਭਾਈ ਰੂਪਾ ਸਭ ਨੂੰ ਆਪੋ ਆਪਣੇ ਇਲਾਕਿਆਂ ਵਿਚ ਜਾ ਕੇ ਗੁਰਮਤਿ ਦੀ ਜੋਤ ਜਗਾਉਣ ਲਈ ਕਿਹਾ । ਢਾਡੀਆਂ ਅਬਦੁਲ ਤੇ ਨਥ ਮੱਲ ਨੂੰ ਆਪਣੇ ਇਲਾਕੇ ਵਿਚ ਜਾ ਕੇ ਵੀਰ ਰਸੀ ਵਾਰਾਂ ਗਾਣ ਅਤੇ ਲੋਕਾਂ ਵਿਚ ਗੁਰਮਤਿ ਚੇਤਨਾ ਜਗਾਣ ਲਈ ਆਖਿਆ ।

ਗੁਰੂ ਹਰਿ ਰਾਏ ਜੀ ਨੂੰ ਗੁਰਗੱਦੀ ਤੇ ਸਥਾਪਤ ਕਰਨ ਉਪਰੰਤ ਆਪ ਵਾਪਸ ਦਰਿਆ ਕਿਨਾਰੇ ਆਪਣੇ ਇਕਾਂਤ ਸਥਾਨ ਉਤੇ ਆ ਗਏ । ਅਗਲੀ ਸਵੇਰ ਜਦੋਂ (ਗੁਰੂ) ਹਰਿ ਰਾਏ ਜੀ ਅਤੇ ਸੰਗਤਾਂ ਆਪ ਪਾਸ ਆਈਆਂ ਤਾਂ ਆਪ ਨੇ ਕੇਸਰੀ ਬਾਣਾ ਪਹਿਣ ਰਖਿਆ ਸੀ ਅਤੇ ਬੜੇ ਸ਼ਾਂਤ ਚਿਤ ਦਿਖਾਈ ਦੇ ਰਹੇ ਸਨ : ਪਹਿਰ ਪੀਤ ਪਟ ਆਨੰਦ ਠਾਨ । ਹਰਿ ਰਾਇ ਜੀ ਨੂੰ ਸੰਬੋਧਿਤ ਹੋ ਕੇ ਆਪ ਨੇ ਕਿਹਾ ਕਿ ਗੁਰੂ ਨਾਨਕ ਦੀ ਰੀਤ ਨੂੰ ਅਗੇ ਚਲਾਓ । ਸ਼ੀਲਤਾ ਅਤੇ ਸ਼ਾਂਤੀ ਰੱਖਣੀ । ਆਪਾ ਕਦੇ ਨਾ ਜਤਾਉਣਾ । ਬਾਈ ਸੌ ਸਵਾਰ ਹਰ ਸਮੇਂ ਆਪਣੇ ਕੋਲ ਰੱਖਣਾ ਤਾਂ ਜੋ ਲੋੜ ਪੈਣ ਉਤੇ ਉਨ੍ਹਾਂ ਨੂੰ ਵਰਤ ਸਕੋ । ਫਿਰ ਸੰਗਤਾਂ ਨੂੰ ਆਖਿਆ ਕਿ ਮੇਰੇ ਸਰੀਰ ਤਿਆਗਣ ਉਤੇ ਰੁਦਣ ਨਾ ਕਰਨਾ । ਕੀਰਤਨ ਸੁਣਨਾ । ਨਾਮ ਵਿਚ ਚਿਤ ਜੋੜਨਾ । ਹੱਥਾਂ ਨੂੰ ਸੇਵਾ ਵਿਚ ਲਾਣਾ । ਟੇਕ ਗੁਰੂ ਨਾਨਕ ਦੀ ਰਖਣੀ । ਮੇਰੇ ਅਤੇ ਗੁਰੂ ਹਰਿ ਰਾਇ ਵਿਚ ਕੋਈ ਭੇਦ ਨਹੀਂ ਹੈ । ਜਿਸ ਨੂੰ ਮੇਰੇ ਦਰਸ਼ਨਾਂ ਦੀ ਚਾਹ ਹੋਵੇ, ਉਹ ਗੁਰੂ ਹਰਿ ਰਾਏ ਦੇ ਦਰਸ਼ਨ ਕਰ ਲਵੇ ।

> ਮਮ ਆਇਸ ਤੁਮ ਰੁਦਨ ਨਾ ਕੀਜੈ ।
> ਕੀਰਤਨ ਨਾਮ ਵਿਖੈ ਮਨ ਦੀਜੈ ।
> ਗੁਰ ਸਿਖਨ ਕੀ ਸੇਵਾ ਕਰੀਓ ।
> ਏਕ ਟੇਕ ਗੁਰੂ ਨਾਨਕ ਧਰੀਓ ।
> ਜੋ ਦਰਸ਼ਨ ਕਰ ਮੇਰਾ ਚਾਹੈ ।
> ਹਰਿ ਰਾਇ ਗੁਰ ਦਰਸ ਉਮਾਹੈ ।

ਸੰਗਤਾਂ ਨੇ ਅੰਤਿਮ ਉਪਦੇਸ਼ ਲਈ ਬੇਨਤੀ ਕੀਤੀ ਤਾਂ ਆਪ ਨੇ ਕਿਹਾ-ਇਸ ਸ਼ਬਦ ਦਾ ਪਾਠ ਕਰੋ :

ਚਾਦਨਾ ਚਾਦਨੁ ਆਸਣ ਪ੍ਰਭਿਜੀਓ ਅੰਤਰ ਚਾਦਨਾ ॥ ੧ ॥
ਅਰਾਧਨਾ ਅਰਾਧਨੁ ਨੀਕਾ ਹਰਿ ਹਰਿ ਨਾਮ ਅਰਾਧਨਾ ॥ ੨ ॥
ਤਿਆਗਨਾ ਤਿਆਗਨੁ ਨੀਕਾ ਕਾਮ ਕ੍ਰੋਧ ਲੋਭ ਤਿਆਗਨਾ ॥ ੩ ॥
ਮਾਗਨਾ ਮਾਗਨ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥ ੪ ॥
ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥ ੫ ॥
ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ ॥ ੬ ॥
ਇਹ ਬਿਧਿ ਤਿਸਹਿ ਪਰਾਪਤੇ ਜਾ ਕੈ ਮਸਤਕਿ ਭਾਗਨਾ ॥ ੭ ॥
ਕਹੁ ਨਾਨਕ ਤਿਸੁ ਸਭ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ ॥ ੮ ॥

ਇਸ ਉਪਰੰਤ ਆਪ ਨੇ ਕੀਰਤਨ ਦਾ ਆਦੇਸ਼ ਦਿਤਾ । ਕੀਰਤਨ ਸੁਣਦੇ ਸੁਣਦੇ ਹੀ ਥੰਮ੍ਹ ਦੀ ਓਟ ਲਾ ਕੇ ਆਪ ਦੀ ਜੋਤਿ ਅਕਾਲ ਪੁਰਖ ਦੀ ਜੋਤਿ ਵਿਚ ਲੀਨ ਹੋ ਗਈ । ਉਸ ਦਿਨ ਚੇਤ ਸੁਦੀ ਪੰਜ ਸੰਮਤ 1701 (1644 ਈ.) ਦਾ ਐਤਵਾਰ ਸੀ । ਸੰਗਤਾਂ ਵਿਚ ਉਦਾਸੀ ਛਾ ਗਈ । ਗੁਰੂ ਹਰਿ ਰਾਇ ਜੀ ਨੇ ਸਭ ਨੂੰ ਹੌਸਲਾ ਦਿਤਾ ।

'ਸਤਿਲੁਜ' ਕਿਨਾਰੇ ਹੀ ਚੰਦਨ ਦੀ ਚਿਖਾ ਤਿਆਰ ਕੀਤੀ ਗਈ । ਭਾਈ ਰੂਪਾ, ਭਾਈ ਭਾਨਾ, ਭਾਈ ਰਾਇ ਜੋਧ ਤੇ ਗੁਰੂ ਹਰਿ ਰਾਇ ਜੀ ਨੇ ਆਪ ਦੀ ਪਾਵਨ ਦੇਹ ਨੂੰ ਅਗਨੀ ਦੇ ਸਪੁਰਦ ਕੀਤਾ । ਜਦੋਂ ਲਾਟਾਂ ਕੁਝ ਉਚੀਆਂ ਹੋਈਆਂ ਤਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰੇਮੀ ਰਾਜਾ ਰਾਮ ਪ੍ਰਤਾਪ ਸਿੰਘ ਨੇ ਅਚਾਨਕ ਅੱਗ ਵਿਚ ਛਾਲ ਮਾਰ ਦਿਤੀ । ਉਹ ਅਗਨੀ ਦੀ ਬੁਕਲ ਦੀ ਭੇਟ ਚੜ੍ਹ ਗਿਆ । ਉਸ ਨੂੰ ਦੇਖ ਕੇ ਕਈ ਹੋਰਾਂ ਵੀ ਅਗ ਵਿਚ ਛਾਲ ਮਾਰਨ ਦਾ ਯਤਨ ਕੀਤਾ । ਇਹ ਲੋਕ ਡੋਲ ਗਏ ਸਨ ਕਿ ਬੰਦੀ-ਛੋੜ ਗੁਰੂ ਉਪਰੰਤ ਸ਼ਾਹੀ ਅਤਾਬ ਤੋਂ ਉਨ੍ਹਾਂ ਦੀ ਰੱਖਿਆ ਕੌਣ ਕਰੇਗਾ । ਗੁਰੂ ਸਾਹਿਬ ਨੇ ਸਭ ਨੂੰ ਧੀਰਜ ਦਿਤਾ ਕਿ ਉਹ ਆਪਣੀ ਜਾਨ ਉਤੇ ਖੇਡ ਕੇ ਵੀ ਸਭ ਦੀ ਰਾਖੀ ਉਸੇ ਪ੍ਰਕਾਰ ਕਰਦੇ ਰਹਿਣਗੇ ਜਿਵੇਂ ਬੰਦੀ-ਛੋੜ ਗੁਰੂ ਸਾਹਿਬ ਆਪ ਕਰਦੇ ਰਹੇ ਹਨ । ਸਭ ਨੂੰ ਸਮਝਾਇਆ ਕਿ ਗੁਰੂ ਜੋਤਿ ਬੁਝਦੀ ਨਹੀਂ, ਕੇਵਲ ਰੂਪ ਵਟਾਂਦੀ ਹੈ । ਗੁਰੂ ਹਰਿਗੋਬਿੰਦ ਸਾਹਿਬ ਕੇਵਲ ਸਰੀਰਕ ਰੂਪ ਵਿਚ ਧਰਤੀ ਤੋਂ ਰੁਖਸਤ ਹੋਏ ਹਨ, ਉਨ੍ਹਾਂ ਦੀ ਬਖਸ਼ੀ ਗੁਰਮਤਿ ਜੋਤਿ ਅਸੀਂ ਜਗਾਈ ਰਖਾਂਗੇ । ਸੰਗਤਾਂ ਇਸ ਜੋਤਿ ਦਾ ਨੂਰ ਉਨ੍ਹਾਂ ਦੇ ਪਾਵਨ ਚਿਹਰੇ ਉਤੇ ਪ੍ਰਤੱਖ ਵੇਖ ਰਹੀਆਂ ਸਨ ।

ਅਧਿਆਇ 14

ਤਿਸ ਊਚੇ ਕਉ ਜਾਣੈ ਸੋਇ

ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ ਇਕ ਕਾਮਲ ਰੂਹਾਨੀ ਜਸ਼ਨ ਹੈ। ਇਸ ਦਾ ਬਿਰਤਾਂਤ ਤੱਥਾਂ ਅਤੇ ਤਿਥਾਂ ਵਿਚ ਸੰਪੂਰਨ ਹੋ ਕੇ ਵੀ ਆਪਣੀ ਪੂਰਨਤਾ ਨਾਲ ਸ਼ਬਦਾਂ ਵਿਚ ਸਾਕਾਰ ਨਹੀਂ ਹੋ ਸਕਦਾ। ਭਾਸ਼ਾ ਦੇ ਮਾਧਿਅਮ ਦੀਆਂ ਸੀਮਾਵਾਂ ਤਾਂ ਹਰ ਬਿਰਤਾਂਤ ਦੀਆਂ ਹੁੰਦੀਆਂ ਹਨ। ਪਰ ਗੁਰੂ-ਜੀਵਨ ਦੀ ਅਨੂਪਮਤਾ, ਉਸ ਦੀ ਸ਼ਖਸੀਅਤ ਦੀ ਵਿਸ਼ਾਲਤਾ, ਅਨੰਤਤਾ ਅਤੇ ਉਚਾਈ ਸਾਡੀ ਸੀਮਾਂ ਨੂੰ ਹੋਰ ਵੀ ਸੰਕੁਚਿਤ ਕਰ ਦਿੰਦੀਆਂ ਹਨ। ਉਸ ਉਚੀ ਪੈਗੰਬਰੀ ਸ਼ਖਸੀਅਤ ਦੀ ਥਾਹ ਕੋਈ ਉਡੀ ਉਚੀ ਸ਼ਖਸੀਅਤ ਹੀ ਪਾ ਸਕਦੀ ਹੈ। ਗੁਰ-ਵਾਕ ਹੈ :

ਏਵਡ ਊਚਾ ਹੋਵੈ ਕੋਇ ॥
ਤਿਸ ਊਚੇ ਕਉ ਜਾਣੈ ਸੋਇ ॥

ਕੋਈ ਭਾਈ ਗੁਰਦਾਸ ਹੀ ਹਰਿਗੋਬਿੰਦ ਸਾਹਿਬ ਦੀ ਸ਼ਖਸੀਅਤ ਨੂੰ ਇਉਂ ਸ਼ਬਦਾਂ ਵਿਚ ਸਾਕਾਰ ਕਰ ਸਕਦਾ ਹੈ :

1. ਪੰਜ ਪਿਆਲੇ ਪੰਜ ਪੀਰ, ਛਟਮੁ ਪੀਰ ਬੈਠਾ ਗੁਰੁ ਭਾਰੀ।
ਅਰਜਨ ਕਾਇਆ ਪਲਟਿ ਕੈ, ਮੂਰਤਿ ਹਰਿਗੋਬਿੰਦ ਸੁਆਰੀ।
ਚਲੀ ਪੀੜੀ ਸੋਢੀਆਂ, ਰੂਪ ਦਿਖਾਵਣਿ ਵਾਰੋ ਵਾਰੀ।
ਦਲਿ ਭੰਜਨ ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ।

(ਵਾਰ—1)

2. ਦਸਤਗੀਰ ਹੁਇ ਪੰਜ ਪੀਰ, ਹਰਿ ਗੁਰ ਹਰਿਗੋਬਿੰਦੁ ਅਤੋਲਾ।
ਦੀਨ ਦੁਨੀ ਦਾ ਪਾਤਸ਼ਾਹ, ਪਾਤਿਸ਼ਾਹਾਂ ਪਾਤਸਾਹੁ ਅਡੋਲਾ।
ਪੰਜ ਪਿਆਲੇ ਅਜਰੁ ਜਰਿ, ਹੋਇ ਮਸਤਾਨ ਸੁਜਾਣ ਵਿਚੋਲਾ।
ਤੁਰੀਆ ਚੜ੍ਹਿ ਜਿਣਿ ਪਰਮ ਤਤੁ, ਛਿਅ ਵਰਤਾਰੇ ਕੋਲੋ ਕੋਲਾ।

(ਵਾਰ—39)

3. ਹਰਖਹੁ ਸੋਗਹੁ ਬਾਹਰਾ, ਹਰਣ ਭਰਣ ਸਮਰਥੁ ਸਰੰਦਾ।
ਰਸ ਕਸ ਰੂਪ ਨ ਰੇਖ ਵਿਚਿ, ਰਾਗ ਰੰਗ ਨਿਰਲੇਪੁ ਰਹੰਦਾ।
ਗੋਸਟਿ ਗਿਆਨ ਅਗੋਚਰਾ, ਬੁਧਿ ਬਲ ਬਚਨ ਬਿਬੇਕ ਨ ਛੰਦਾ।
ਗੁਰ ਗੋਵਿੰਦੁ ਗੋਵਿੰਦੁ ਗੁਰੁ, ਹਰਿਗੋਵਿੰਦੁ ਸਦਾ ਵਿਗਸੰਦਾ।

ਅਚਰਜ ਨੋ ਅਚਰਜ ਮਿਲੈ, ਵਿਸਮਾਦੇ ਵਿਸਮਾਦ ਮਿਲੰਦਾ।
ਗੁਰਮੁਖਿ ਮਾਰਗਿ ਚਲਣਾ, ਖੰਡੇ ਧਾਰ ਕਾਰ ਨਿਬਹੰਦਾ।
ਗੁਰ ਸਿਖ ਲੈ ਗੁਰਸਿਖੁ ਚਲੰਦਾ ॥2॥

(ਵਾਰ—24)

4. ਪਾਰਬ੍ਰਹਮ ਪੂਰਨ ਬ੍ਰਹਮਿ, ਸਤਿਗੁਰ ਆਪੇ ਆਪੁ ਉਪਾਇਆ।
ਗੁਰੁ ਗੋਬਿੰਦੁ ਗੋਵਿੰਦ ਗੁਰੂ, ਜੋਤਿ ਇਕ ਦੂਇ ਨਾਵ ਧਰਾਇਆ।
ਪੁਤੁ ਪਿਅਹੁ ਪਿਉ ਪੁਤ ਤੇ, ਵਿਸਮਾਦਹੁ ਵਿਸਮਾਦੁ ਸੁਣਾਇਆ।
ਬਿਰਖਹੁ ਫਲੁ, ਫਲ ਤੇ ਬਿਰਖੁ, ਆਚਰਜਹੁ ਆਚਰਜੁ ਸੁਹਾਇਆ।
ਨਦੀ ਕਿਨਾਰੇ ਆਖੀਅਨੁ, ਪ੍ਰਛੇ ਪਾਰਵਾਰੁ ਨ ਪਾਇਆ।
ਹੋਰਨਿ ਅਲਖੁ ਨ ਲਖੀਐ, ਗੁਰੁ ਚੇਲੇ ਮਿਲਿ ਅਲਖ ਲਖਾਇਆ।
ਹਰਿ ਗੋਵਿੰਦ ਗੁਰੂ ਗੁਰ ਭਾਇਆ ॥24॥

(ਵਾਰ—24)

ਗੁਰੂ ਸਾਹਿਬ ਨੂੰ ਨੇੜਿਉਂ ਤਕਣ ਵਾਲਾ ਮੁਹਸਨ ਫਾਨੀ ਇਕ ਗੈਰ ਸਿਖ ਸੀ। ਉਹ ਕਹਿੰਦਾ ਹੈ ਕਿ ਗੁਰੂ ਸਾਹਿਬ ਆਪਣੇ ਸਿਖਾਂ ਵਿਚ ਬੇਓੜਕ ਸ਼ਰਧਾ ਦੇ ਪਾਤਰ ਸਨ। ਉਹ ਸਮਝਦੇ ਸਨ ਕਿ ਗੁਰੂ ਦੇ ਸਿਖ ਸਿਧੇ ਜੱਨਤ ਨੂੰ ਜਾਂਦੇ ਹਨ :

ਅਕੀਦਾ—ਇ—ਸਿਖਾਂ ਆ ਅਸਲ
ਕਿ ਮੁਰੀਦਾਨੇ ਗੁਰੂ ਬ ਬਹਿਸ਼ਤ ਰਵੰਦ।

ਸਿਖ ਉਨ੍ਹਾਂ ਲਈ ਜਾਨ ਵਾਰਨ ਨੂੰ ਤਿਆਰ ਰਹਿੰਦੇ ਸਨ। ਜਿਥੇ ਕਿਸੇ ਨੂੰ ਉਹ ਖੜ੍ਹਾ ਕਰਦੇ, ਉਹ ਚਟਾਨ ਵਾਂਗ ਖਲੋ ਜਾਂਦਾ। ਉਨ੍ਹਾਂ ਦੇ ਇਕ ਇਸ਼ਾਰੇ ਉਤੇ ਸਾਰੇ ਸੁਖ ਭੁਲ ਕੇ ਗੁਰੂ ਦਾ ਹੁਕਮ ਨੇਪਰੇ ਚਾੜ੍ਹਦਾ। ਇਹ ਉਨ੍ਹਾਂ ਦੀ ਮਿਕਨਾਤੀਸੀ ਸ਼ਖਸੀਅਤ ਹੀ ਸੀ ਕਿ ਕਾਬਲ ਜਹੀ ਦੂਰ ਦਰਾਜ਼ ਥਾਂ ਉਤੇ ਬੈਠਾ ਭਾਈ ਸਾਧੂ ਗੁਰੂ ਸਾਹਿਬ ਲਈ ਘੋੜੇ ਖਰੀਦਨ ਤੁਰਿਆ, ਇਹ ਪਤਾ ਲੱਗਣ ਤੇ ਵੀ ਘਰ ਨਾ ਪਰਤਿਆ ਕਿ ਉਸ ਦਾ ਪੁਤਰ ਸਖਤ ਬੀਮਾਰੀ ਦੀ ਹਾਲਤ ਵਿਚ ਮੌਤ ਨਾਲ ਘੁਲ ਰਿਹਾ ਹੈ। ਉਸ ਦੇ ਮਰਨ ਉਤੇ ਵੀ ਉਹ ਘਰ ਨਾ ਪਰਤਿਆ। ਗੁਰੂ ਦੇ ਕੰਮ ਨੂੰ ਪੂਰਾ ਕਰ ਕੇ ਹੀ ਮੁੜਿਆ।

ਇਹ ਗੁਰੂ ਹਰਿਗੋਬਿੰਦ ਦੀ ਸ਼ਖਸੀਅਤ ਹੀ ਸੀ ਜੋ ਜੰਗ ਵਿਚ ਵੀ ਕ੍ਰੋਧ ਵਿਚ ਨਹੀਂ ਸੀ ਆਉਂਦੀ। ਸਹਿਜ ਅਤੇ ਉਦਾਰਤਾ ਹੱਥੋਂ ਨਹੀਂ ਸੀ ਛਡਦੀ। ਹਰ ਦਵੰਦ-ਯੁਧ ਵਿਚ ਉਹ ਦੁਸ਼ਮਣ ਨੂੰ ਪਹਿਲਾਂ ਵਾਰ ਕਰਨ ਦਾ ਮੌਕਾ ਦਿੰਦੇ। ਫਿਰ ਇਕ ਵਾਰ ਦਾ ਨਹੀਂ। ਦੋ ਜਾਂ ਤਿੰਨ ਵਾਰਾਂ ਦਾ। ਅਤੇ ਦੁਸ਼ਮਣ ਦਾ ਹਰ ਵਾਰ ਖੂਬਸੂਰਤੀ ਨਾਲ ਬਚਾ ਕੇ ਜਦੋਂ ਆਪ ਵਾਰ ਕਰਦੇ ਇਹੀ ਆਖਦੇ-ਵਾਰ ਇਉਂ ਨਹੀਂ, ਇਉਂ ਕਰੀਦਾ ਹੈ। ਕਰਤਾਰਪੁਰ ਦੀ ਲੜਾਈ ਵਿਚ ਕਾਲੇ ਖਾਨ ਨਾਲ ਹੋਏ ਦਵੰਦ-ਯੁਧ ਵਿਚ ਉਸ ਦੇ ਤੀਜੇ ਵਾਰ ਨੂੰ ਰੋਕ ਕੇ ਉਨ੍ਹਾਂ ਪਰਤਵਾਂ ਵਾਰ ਕਰਦੇ ਹੋਏ ਇਹੀ ਕਿਹਾ ਸੀ :

ਚੁਨੀਂ ਨਮੀਂ ਜ਼ਨੰਦ ਜ਼ਦਨ ਈਂ ਅਸਤ

ਮੁਹਸਿਨ ਫਾਨੀ ਇਸ ਦੀ ਗਵਾਹੀ ਦਿੰਦਾ ਹੋਇਆ ਕਹਿੰਦਾ ਹੈ ਕਿ ਇੰਜ ਲਗਦਾ

ਹੈ ਕਿ ਗੁਰੂ ਸਾਹਿਬ ਜੰਗ ਦੇ ਮੈਦਾਨ ਵਿਚ ਵੀ ਸਿਖਿਆ ਦੇਣ ਦਾ ਮੌਕਾ ਨਹੀਂ ਸਨ ਗੁਆਂਦੇ। ਜਿਵੇਂ ਉਸਤਾਦ ਸ਼ਾਗਿਰਦ ਨੂੰ ਕੁਝ ਸਿਖਾ ਰਿਹਾ ਹੋਵੇ। ਗੁਰੂ ਦਾ ਤਲਵਾਰ ਚਲਾਉਣਾ ਵੀ ਇਕ ਸਬਕ ਸਿਖਾਣਾ ਸੀ। ਗੁਰੂ ਦੇ ਅਰਥ ਉਸਤਾਦ ਹਨ ਅਤੇ ਜਿਵੇਂ ਉਸਤਾਦ ਕਲਮ ਘੜ ਕੇ ਲਿਖਣਾ ਸਿਖਾਂਦਾ ਹੈ, ਗੁਰੂ ਹਰਿਗੋਬਿੰਦ ਵਾਰ ਕਰ ਕੇ ਵਾਰ ਕਰਨਾ ਸਿਖਾਂਦੇ ਸਨ।

ਮੀਆਂ ਮੀਰ ਜੇਹਾ ਦਰਵੇਸ਼ ਪੀਰ ਜਿਸ ਨੇ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ, ਉਹ ਗੁਰੂ ਹਰਿਗੋਬਿੰਦ ਸਾਹਿਬ ਦੀ ਅਜ਼ਮਤ ਦੀ ਗਵਾਹੀ ਦਿੰਦਾ ਹੋਇਆ ਕਹਿੰਦਾ ਹੈ ਕਿ ਉਹ ਅਲਾਹ ਦੀ ਨਜ਼ਰ ਵਿਚ ਮਕਬੂਲ ਸਨ—ਇਸ ਤੋਂ ਵੀ ਉਤੇ। ਮਹਿਮਾ ਪ੍ਰਕਾਸ਼ (ਵਾਰਤਕ) ਪੀਰ ਜੀ ਦੇ ਵਿਚਾਰ ਇਉਂ ਅੰਕਿਤ ਕਰਦਾ ਹੈ :

> "ਹਰਿਗੋਬਿੰਦ ਜੋ ਹੈ, ਸੋ ਮਕਬੂਲੇ ਇਲਾਹੀ ਹੈ। ਅਰ
> ਜਬ ਹਮਾਰੀ ਆਠਵੇਂ ਦਿਨ ਖੁਦਾ ਕੀ ਦਰਗਾਹ ਮੇਂ ਵਾਰੀ
> ਹੋਤੀ ਹੈ, ਊਹਾਂ ਜਾ ਕਰ ਹਮ ਅਰਜ਼ ਕਰਤੇ ਹੈਂ, ਅਰ ਇਨ
> ਕੋ ਦੇਖਤੇ ਹੈਂ।"

ਨੂਰ ਜਹਾਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਖੁਦਾ ਦੀ ਜ਼ਾਤ ਕਹਿੰਦੀ ਸੀ। ਬੰਸਾਵਲੀ ਨਾਮਾ (ਭਾਈ ਕੇਸਰ ਸਿੰਘ ਛਿੱਬਰ) ਅਨੁਸਾਰ :

> "ਨੂਰ ਜਹਾਂ ਨੇ ਖਾਵੰਦ ਨੂੰ ਕਿਹਾ—ਐਸੇ।
> ਫਕੀਰ ਜਾਤ ਹੈ, ਸਾਈਂ ਦੀ, ਸਾਈਂ ਜੈਸੇ। ਕੈਦ ਨਹੀਂ ਕਰੀਦੇ ਕਹੇ ਕਹਾਏ।
> ਫਕੀਰ ਦੀ ਮਾਰੀ ਕੋਈ ਨਹੀਂ ਹਟਾਏ।[1]

ਭਾਈ ਨੰਦ ਲਾਲ ਜੀ ਜੋ ਗੁਰੂ ਗੋਬਿੰਦ ਸਿੰਘ ਦੇ ਪ੍ਰੇਮ ਦੇ ਵਰੋਸਾਏ ਹੋਏ ਸਨ, ਉਹ ਛੇਵੀਂ ਜੋਤਿ ਗੁਰੂ ਹਰਿਗਬਿੰਦ ਸਾਹਿਬ ਬਾਰੇ ਇਉਂ ਫਰਮਾਂਦੇ ਹਨ :

> "ਗੁਰੂ ਹਰਿਗੋਬਿੰਦ ਆ ਸਰਾ ਪਾ ਕਰਮ ਕਿ ਮਕਬੂਲ ਸੂਦਜ਼ੂ ਸਕੀ ਓ ਦਜ਼ਮ।"

ਭਾਵ ਗੁਰੂ ਹਰਿਗੋਬਿੰਦ ਸਾਹਿਬ ਬਖਸ਼ਿਸ਼ ਦਾ ਸਾਕਾਰ ਰੂਪ ਸਨ। ਉਨ੍ਹਾਂ ਸਦਕਾ ਮੰਦ ਭਾਗੇ ਅਤੇ ਮੁਰਝਾਏ ਹੋਏ ਬੰਦੇ ਵੀ ਦਰਗਾਹ ਵਿਚ ਮਕਬੂਲ ਹੋ ਗਏ।

ਸਾਡੇ ਆਪਣੇ ਸਮਿਆਂ ਦੇ ਇਕ ਸਵੱਛ ਕਰਪਨਾ ਵਾਲੇ ਕਵੀ ਹਰਿੰਦਰ ਮਹਿਬੂਬ ਅਨੁਸਾਰ ਜਦੋਂ ਗੁਰੂ-ਵਿਗਾਸ ਆਪਣੇ ਅਲੌਕਿਕ ਖੇੜੇ ਵਿਚ ਗੁਰੂ ਹਰਿਗੋਬੰਦਿ ਦੀ ਸ਼ਮਸ਼ੀਰ ਵਿਚ ਉਤਰਿਆ ਤਾਂ ਇਸ ਅੰਦਰ ਸਿਮਰਣ ਦੀਆਂ ਉਹ ਸਾਰੀਆਂ ਮਿਠੀਆਂ ਧੁਨਾਂ ਦੇ ਅੰਦਾਜ਼ ਸਨ, ਜਿਨ੍ਹਾਂ ਨੇ ਮੌਤ ਨੂੰ ਆਪਣੀ ਫਤਹਿ ਦੀ ਰਵਾਨੀ ਵਿਚ ਸ਼ਾਮਿਲ ਕਰ ਲਿਆ।[2] ਗੁਰੂ ਹਰਿਗੋਬਿੰਦ ਸਾਹਿਬ ਵਿਚ ਇਕ ਐਸਾ ਨੈਤਿਕ ਸਹਿਜ, ਸੁਹਜਮਈ ਜ਼ਬਤ, ਪਾਕ ਲੁਤਫ, ਇਖ਼ਲਾਕੀ ਯਕੀਨ, ਸੁਚਾ ਸਿਮਰਣ ਅਤੇ ਸੰਪੂਰਨ ਵਜਦ ਸੀ ਜਿਸ

---

1. ਬੰਸਾਵਲੀਨਾਮਾ (1972), ਪੰ. 63-64
2. ਸਹਿਜੇ ਰਚਿਓ ਖਾਲਸਾ, ਜਲੰਧਰ 1988 (ਕਿਤਾਬ ਪਹਿਲੀ) ਪੰ. 157

ਦਾ ਰਿਸ਼ਤਾ ਅਗਮ ਅਗੋਚਰ ਵਿਵੇਕ ਨਾਲ ਸੀ। ਉਨ੍ਹਾਂ ਦਾ ਕੁਲ ਅਮਲ ਇਕ ਨਿਰ-ਵਿਘਨ ਅਤੇ ਤਾਕਤਵਰ ਪਰਵਾਜ਼ ਜੀ ਜੋ ਬੇਰਹਿਮ ਹਾਦਸਿਆਂ ਅੰਦਰ ਵੀ ਅਡੋਲ ਰਹੀ। ਜਦੋਂ ਜ਼ਿੰਦਗੀ ਵਿਚ ਬੇਯਕੀਨੀ ਦੇ ਮੋੜ ਆਏ ਇਹ ਹੋਰ ਪ੍ਰਤਖ ਸੰਪੂਰਨ ਤੇ ਬਲਵਾਨ ਨਜ਼ਰ ਆਈ। ਉਨ੍ਹਾਂ ਤਲਵਾਰ ਵਲ ਤੱਕਿਆ ਤਾਂ ਤਲਵਾਰ ਗੁਰਮੁਖ-ਮਾਰਗ ਦਾ ਚਿਹਨ ਬਣ ਗਈ। ਜ਼ਾਲਮ ਅਤੇ ਪਾਪੀ ਇਨਸਾਨਾਂ ਦੀ ਜ਼ਮੀਰ ਵਿਚ ਵੀ ਜਦੋਂ ਕਦੇ ਕੋਈ ਸੁਚਾ ਅਤੇ ਰੋਸ਼ਨ ਟੋਟਾ ਨਜ਼ਰ ਪਿਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਨੂੰ ਹਰ ਨਿਜੀ ਸੰਬੰਧ ਤੋਂ ਉਪਰ ਉਠ ਕੇ ਪਿਆਰਿਆ। ਉਨ੍ਹਾਂ ਦੀਆਂ ਜੰਗਾਂ ਨੇ ਸਿੱਖਾਂ ਵਿਚ ਸ਼ਮਸ਼ੀਰਾਂ ਦਾ ਵਜਦ ਜਗਾਇਆ। ਇਹ ਜੰਗਾਂ ਤੱਤੀ ਤਵੀ ਦਾ ਹੀ ਪਲਟਿਆ ਸਰੂਪ ਸਨ। ਗੁਰੂ ਸਾਹਿਬ ਦੇ ਹੱਥ ਵਿਚ ਫੜੇ ਸ਼ਸਤਰ ਵਿਚ ਵੀ ਇਨਸਾਨੀ ਮੁਹੱਬਤ ਦਾ ਅਥਾਹ ਜੋਸ਼ ਠਾਠਾਂ ਮਾਰਦਾ ਸੀ। ਪੈਂਦੇ ਖਾਨ ਨੂੰ ਅੰਤਿਮ ਛਿਣ ਵਿਚ ਵੀ ਉਹ ਕਲਮਾ ਪੜ੍ਹ ਕੇ ਖੁਦਾ ਚੇਤੇ ਕਰਨ ਨੂੰ ਕਹਿੰਦੇ ਹਨ। ਉਸ ਦੇ ਅੰਤ ਤੇ ਉਨ੍ਹਾਂ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ। ਉਹ ਮੈਦਾਨੇ-ਜੰਗ ਵਿਚ ਵੀ ਉਸ ਦੇ ਸਿਰ ਤੇ ਢਾਲ ਦੀ ਛਾਂ ਕਰਨ ਦਾ ਸਮਾਂ ਕੱਢ ਲੈਂਦੇ ਹਨ। ਇਥੇ ਇਹ ਚੇਤੇ ਕਰਵਾਣਾ ਉਚਿਤ ਹੈ ਕਿ 21 ਸਾਲ ਪੈਂਦੇ ਖਾਨ ਨੂੰ ਗੁਰੂ ਸਾਹਿਬ ਨੇ ਪੁਤਰਾਂ ਨਾਲੋਂ ਵਧ ਪਿਆਰ ਦੇ ਕੇ ਮਲਾਈਆਂ ਮੱਖਣਾਂ ਅਤੇ ਖੁਰਾਕਾਂ ਨਾਲ ਪਾਲਿਆ ਸੀ। ਉਸ ਨੇ ਬਸ ਅੰਮ੍ਰਿਤਸਰ ਦੀ 1634 ਦੀ ਇਕੋ ਜੰਗ ਵਿਚ ਖਾਧੇ ਲੂਣ ਦਾ ਹੱਕ ਅਦਾ ਕੀਤਾ ਸੀ। ਹਰਿਗੋਬਿੰਦ ਪੁਰ ਅਤੇ ਮਰਾੜ ਦੀ ਲੜਾਈ ਵੇਲੇ ਉਹ ਅੰਮ੍ਰਿਤਸਰ ਹੀ ਸੀ। ਗੁਰੂ ਸਾਹਿਬ ਨੇ ਉਸ ਨੂੰ ਯਾਦ ਹੀ ਨਹੀਂ ਸੀ ਕੀਤਾ। ਕਰਤਾਰਪੁਰ ਦੀ ਲੜਾਈ ਤਾਂ ਉਸ ਆਪ ਗੁਰੂ ਸਾਹਿਬ ਦੇ ਉਲਟ ਲੜੀ ਸੀ। ਆਪਣੀ ਪਤਨੀ ਅਤੇ ਜਵਾਈ ਦੇ ਕਹੇ ਤੇ ਉਹ ਗੁਰੂ ਸਾਹਿਬ ਦੀਆਂ ਮਿਹਰਬਾਨੀਆਂ ਭੁਲਾ ਕੇ ਬੇਵਫਾ ਹੋ ਗਿਆ ਸੀ। ਬੇਵਫਾ ਵੀ ਇੰਨਾ ਕਿ ਲਾਹੌਰ ਦੇ ਸੂਬੇਦਾਰ ਨੂੰ ਨਾਲ ਲੈ ਕੇ ਫੌਜ ਚੜ੍ਹਾ ਲਿਆਇਆ ਸੀ। ਆਪਣੇ ਹੱਥੀ ਗੁਰੂ ਸਾਹਿਬ ਤੇ ਵਾਰ ਕੀਤਾ। ਗੁਰੂ ਸਾਹਿਬ ਨੇ ਫਿਰ ਵੀ ਉਸ ਨੂੰ ਬਰਖੁਰਦਾਰ ਕਹਿ ਕੇ ਹੀ ਬੁਲਾਇਆ ਅਤੇ ਆਖਿਆ—ਵਾਹ ਬਰਖੁਰਦਾਰ, ਤੈਨੂੰ ਇੰਨੀ ਸ਼ਸਤਰ ਵਿਦਿਆ ਦਿਤੀ, ਪਰ ਤੂੰ ਅੱਜ ਕੋਈ ਹੁਨਰ ਨਹੀਂ ਦਿਖਾ ਸਕਿਆ।

ਗੁਰੂ ਹਰਿਗੋਬਿੰਦ ਦੁਨੀਆਂ ਦੇ ਤਾਕਤਵਰ ਸ਼ਹਿਨਸ਼ਾਹਾਂ ਦੇ ਜਬਰ ਜ਼ੁਲਮ ਅਤੇ ਅਨਿਆਂ ਨੂੰ ਤਲਵਾਰ ਦੇ ਜ਼ੋਰ ਨਾਲ ਵੰਗਾਰਨ ਤੋਂ ਕਦੇ ਨਹੀਂ ਸਨ ਟਲਦੇ। ਕਿਸੇ ਸ਼ਹਿਨਸ਼ਾਹ ਦਾ ਭੈ ਨਹੀਂ ਸੀ ਉਨ੍ਹਾਂ ਨੂੰ। ਬਰਾਬਰ ਦਾ ਤਖਤ, ਬਰਾਬਰ ਦੀ ਪੱਗ ਤੇ ਕਲਗੀ, ਸ਼ਿਕਾਰ, ਨਗਾਰਾ, ਫੌਜਾਂ। ਅਬਦੁਲ ਤੇ ਨੱਥ ਮਲ ਜਹੇ ਢਾਡੀ ਨੇ ਐਵੇਂ ਤਾਂ ਨਹੀਂ ਕਿਹਾ—ਪੱਗ ਤੇਰੀ, ਕੀ ਜਹਾਂਗੀਰ ਦੀ। ਸੱਚੇ ਪਾਤਸ਼ਾਹ, ਪੱਗ ਤਾਂ ਤੇਰੀ ਹੈ। ਸ਼ਾਨ ਤਾਂ ਤੇਰੀ ਹੈ। ਜਹਾਂਗੀਰ ਦੀ ਪੱਗ ਇਸ ਦੇ ਮੁਕਾਬਲੇ ਵਿਚ ਕੀ ਹੈ। ਉਸ ਦੀ ਸ਼ਾਨ ਤੇਰੇ ਤੋਂ ਥੱਲੇ ਹੈ। ਉਨ੍ਹਾਂ ਦੀ ਪ੍ਰੇਮ-ਖਿਚ ਦੀ ਕਣੀ ਗਰੀਬ ਤੇ ਮਾਮੂਲੀ ਘਾਹੀ ਨੂੰ ਇੰਨਾ ਬੇਬਾਕ ਕਰ ਦਿੰਦੀ ਸੀ ਕਿ ਉਹ ਜਹਾਂਗੀਰ ਜਹੇ ਸ਼ਹਿਨਸ਼ਾਹ ਨੂੰ ਸਾਫ ਕਹਿ ਦੇਵੇ ਕਿ ਤੂੰ ਝੂਠਾ ਪਾਤਸ਼ਾਹ ਹੈ, ਮੈਨੂੰ ਤਾਂ ਸਚੇ ਪਾਤਸ਼ਾਹ ਦੀ ਤਾਲਾਸ਼

ਹੈ। ਕਮਾਲ ਇਹ ਹੈ ਕਿ ਅਜੇਹਾ ਸਚਾ ਪਾਤਸ਼ਾਹ ਗਰੀਬ ਦੇ ਪਿਆਰ ਅਗੇ ਮੋਮ ਵਾਂਗ ਪਿਘਲ ਜਾਂਦਾ ਸੀ। ਮਾਤਾ ਭਾਗ ਭਰੀ ਨੇ ਕਸ਼ਮੀਰ ਬੈਠੀ ਨੇ ਯਾਦ ਕੀਤਾ। ਉਹ ਦਾ ਖਦਰ ਦਾ ਚੋਲਾ ਪਾਣ ਲਈ ਸੈਂਕੜੇ ਮੀਲਾਂ ਦੀਆਂ ਵਾਟਾਂ ਕਟ ਕੇ ਉਸ ਕੋਲ ਪੁੱਜੇ। ਤੁਕਲਾਨੀ ਦੀ ਜੂਹ ਵਿਚ ਸਿਖਰ ਦੁਪਹਿਰੇ ਜੰਗਲਾਂ ਵਿਚ ਲਕੜਾਂ ਕਟਦੇ ਗਰੀਬ ਪਿਓ ਪੁਤ ਦੇ ਕਚੀ ਟਿੰਡ ਵਿਚ ਸੀਤ ਹੋਏ ਪਾਣੀ ਨੂੰ ਪੀਣ ਲਈ ਉਹ ਧੁਪਾਂ ਝਾਗ ਕੇ ਗਏ। ਕੋੜਿਆਂ ਭੁੱਲਰਾਂ ਦੇ ਸਤਾਏ ਗਰੀਬ ਮਜ਼ਲੂਮ ਮਰਾਝ ਕੇ ਸੰਧੂਆਂ ਲਈ ਆਪ ਅਗੇ ਹੋ ਕੇ ਲੜੇ। ਉਨ੍ਹਾਂ ਦੇ ਹੱਕ ਦੀ ਰਖਿਆ ਕੀਤੀ।

ਨਿਰਸੁਆਰਥੀ ਉਨ੍ਹਾਂ ਜੇਹਾ ਕੌਣ ਹੋਵੇਗਾ। ਗਵਾਲੀਅਰ ਦੀ ਕਾਲ ਕੋਠੜੀ ਜੇਹੀ ਕੈਦ ਵਿਚੋਂ ਨਿਕਲਣ ਦਾ ਪ੍ਰਵਾਨਾ ਪੁੱਜਾ ਤਾਂ ਕਹਿ ਦਿਤਾ ਕਿ ਕੱਲਾ ਨਹੀਂ ਜਾਣਾ। ਉਹ ਸਾਰੇ ਮਜ਼ਲੂਮ ਜਿਨ੍ਹਾਂ ਨਾਲ ਮੈਂ ਇਸ ਕਾਲ ਕੋਠੜੀ ਵਿਚ ਦਿਨ ਗੁਜ਼ਾਰੇ ਹਨ, ਉਹ ਵੀ ਨਾਲ ਹੀ ਜਾਣਗੇ। ਜਦ ਤਕ ਇਸ ਕਾਲ ਕੋਠੜੀ ਵਿਚ ਇਕ ਵੀ ਕੈਦੀ ਬੰਦ ਰਹੇਗਾ, ਮੈਂ ਬਾਹਰ ਨਹੀਂ ਨਿਕਲਾਂਗਾ। ਸਾਰਿਆਂ ਦੀ ਬੰਦ-ਖਲਾਸੀ ਪਿਛੋਂ ਹੀ ਬਾਹਰ ਆਏ। ਬੰਦੀ-ਛੋੜ ਦਾ ਵਿਸ਼ੇਸ਼ਣ ਉਨ੍ਹਾਂ ਨਾਲ ਐਵੇਂ ਤਾਂ ਨਹੀਂ ਸੀ ਜੁੜਿਆ।

ਗੁਰੂ ਹਰਿਗੋਬਿੰਦ ਸਾਹਿਬ ਦੀ ਜੀਵਨ-ਵਾਰਤਾ ਸਿਖੀ ਦਾ ਮੂਲ ਮਾਡਲ ਹੈ ਜੋ ਇਹ ਸਪਸ਼ਟ ਕਰਦਾ ਹੈ ਕਿ ਭਗਤੀ ਦੇ ਰਤਨ ਸਾਂਭਣ ਲਈ ਵੀਰਤਾ ਦੇ ਲੋਹ-ਬਕਸ ਦੀ ਆਵਸ਼ਕਤਾ ਹੈ। ਧਰਮ ਉਨ੍ਹਾਂ ਲਈ ਕਿਸੇ ਇਕਾਂਤ ਗੁਫਾ ਵਿਚ ਬਹਿ ਕੇ ਮਾਲਾ ਫੇਰਨ ਦਾ ਨਾਮ ਨਹੀਂ। ਧਰਮ ਦਾ ਅਸਲ ਮਨੋਰਥ ਹੈ ਅਕਾਲ ਪੁਰਖ ਨਾਲ ਮੇਲ। ਕਾਦਰ ਨਾਲ ਮੇਲ ਮਿਲਵਰਤਨ। ਕਾਦਰ ਨਾਲ ਮੇਲ ਮਿਲਵਰਤਨ ਤੋਂ ਪਹਿਲਾਂ ਉਸ ਦੀ ਕੁਦਰਤ ਨਾਲ ਮੇਲ ਮਿਲਵਰਤਨ ਸਿਖਣਾ ਪਵੇਗਾ। ਇਹ ਸੰਸਾਰ ਜੋ ਉਸ ਕਾਦਰ ਦੀ ਕੁਦਰਤ ਹੈ, ਇਸ ਦੀ ਪੀੜ ਨੂੰ ਆਪਣੀ ਬਣਾਉਣਾ ਪਵੇਗਾ। ਗੁਰੂ ਹਰਿਗਬਿੰਦ ਸਾਹਿਬ ਨੇ ਇਸ ਲੋਕਾਈ ਦੀ ਪੀੜ ਨੂੰ ਆਪਣੀ ਪੀੜ ਸਮਝਿਆ। ਇਸ ਲਈ ਉਨ੍ਹਾਂ ਨੇ ਇਸ ਲੋਕਾਈ ਨੂੰ ਦੁਖ ਦੇਣ ਵਾਲਿਆਂ ਨੂੰ ਸੋਧਣ ਦਾ ਫਿਕਰ ਕੀਤਾ। ਸਚਾਈ, ਨੇਕੀ ਅਤੇ ਅਕਾਲ ਪੁਰਖ ਦਾ ਨਾਮ ਉਨ੍ਹਾਂ ਲਈ ਸਭ ਤੋਂ ਵੱਡੀ ਦੋਲਤ ਸੀ। ਬੇਖੋਫ ਅਤੇ ਬੇਪ੍ਰਵਾਹ ਹੋ ਕੇ ਉਨ੍ਹਾਂ ਨੇ ਕਿਸੇ ਵੀ ਅਨਿਆਂ ਅਗੇ ਸਿਰ ਨੀਵਾਂ ਕਰਨ ਤੋਂ ਇਨਕਾਰ ਕੀਤਾ। ਉਹ ਕਦੇ ਨਹੀਂ ਸਨ ਸੋਚ ਸਕਦੇ ਕਿ ਉਨ੍ਹਾਂ ਨਾਲ ਹਵਾ ਪਾਣੀ ਦੀ ਸਾਂਝ ਰੱਖਣ ਵਾਲਾ ਕੋਈ ਵਿਅਕਤੀ ਵੀ ਅਨਿਆਂ ਦਾ ਸ਼ਿਕਾਰ ਹੋਵੇ। ਇਕ ਅਕਾਲ ਪੁਰਖ ਦੀ ਓਟ ਨਾਲ ਉਨ੍ਹਾਂ ਜ਼ੁਲਮ, ਜਬਰ ਤੇ ਅਨਿਆਂ ਵਿਰੁਧ ਟੱਕਰ ਲਈ। ਜਦੋਂ ਵਡੇ ਪੱਧਰ ਤੇ ਸੈਨਿਕ ਸੰਗਠਨ ਸ਼ੁਰੂ ਕੀਤਾ ਅਤੇ ਸੈਂਕੜੇ ਜੁਆਨ ਭਰਤੀ ਕੀਤੇ ਤਾਂ ਕਈ ਸ਼ਰਧਾਲੂ ਇਸ ਗੱਲ ਉਤੇ ਹੈਰਾਨ ਹੋਏ ਕਿ ਗੁਰੂ ਸਾਹਿਬ ਇਨੇ ਖਰਚੇ ਕਿਥੋਂ ਪੂਰੇ ਕਰਨਗੇ। ਉਨ੍ਹਾਂ ਦੇ ਪੁੱਛਣ ਤੇ ਗੁਰੂ ਸਾਹਿਬ ਨੇ ਪਿਤਾ ਗੁਰੂ ਅਰਜਨ ਦੇਵ ਜੀ ਦੇ ਉਚਾਰੇ ਸ਼ਬਦ ਵਿਚ ਉਤਰ ਦਿਤਾ : ਸੈਲ ਪੱਥਰ ਮਹਿ ਜੰਤ ਉਪਾਏ
ਤਾ ਕਾ ਰਿਜਕ ਆਗੈ ਕਰ ਧਰਿਆ॥

ਗੁਰੂ ਸਾਹਿਬ ਨੇ ਗੁਰੂ ਨਾਨਕ ਦੀ ਜਗਾਈ ਜੋਤ ਵਿਚ ਸ਼ਮਸ਼ੀਰਾਂ ਦੀ ਚਮਕ ਜੋੜ

ਦਿਤੀ। ਗੁਰੂ ਨਾਨਕ ਦੇ ਸੰਦੇਸ਼ ਵਿਚ ਵੀਰ ਨਾਇਕ ਵਾਲੀ ਵੰਗਾਰ ਸ਼ਿਮਿਲਤ ਕਰ ਦਿਤੀ। ਜੇਕਰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਵਕਤ ਦੀਆਂ ਵੰਗਾਰਾਂ ਦਾ ਢੁਕਵਾਂ ਪ੍ਰਤਿਉਤਰ ਨਾ ਦਿਤਾ ਹੁੰਦਾ ਤਾਂ ਧਾਰਮਿਕ ਸਿਖ ਗ੍ਰਿਸਤੀਆਂ ਦਾ ਸਮੂਦਾਇ ਜਾਂ ਤਾਂ ਖਤਮ ਹੋ ਗਿਆ ਹੁੰਦਾ ਅਤੇ ਜਾਂ ਸਾਧੂ ਸੰਤਾਂ ਦੀ ਇਕ ਸੀਮਿਤ ਅਤੇ ਸਾਧਾਰਨ ਜਮਾਤ ਬਣ ਕੇ ਰਹਿ ਜਾਂਦਾ। ਗੁਰੂ ਸਾਹਿਬ ਨੇ ਆਪਣੇ ਸ਼ਰਧਾਲੂਆਂ ਲਈ ਹਰ ਪਖੋਂ ਆਸ ਅਤੇ ਧਰਵਾਸ ਦਿਤਾ। ਉਨ੍ਹਾਂ ਨੇ ਸਭ ਨੂੰ ਭਰੋਸਾ ਦਿਤਾ ਕਿ ਗੁਰੂ ਘਰ ਵਿਚ ਲੋੜਵੰਦ ਨੂੰ ਮਦਦ ਮਿਲੇਗੀ ਅਤੇ ਜ਼ਾਲਮ ਨੂੰ ਸਜ਼ਾ। ਹਰਿਮੰਦਰ ਸਾਹਿਬ ਵਿਚ ਬੈਠੇ ਉਹ ਮਹਾਤਮਾ ਹੁੰਦੇ, ਸੰਤ ਹੁੰਦੇ। ਅਕਾਲ ਤਖਤ ਉਤੇ ਸਜੇ ਹੋਏ ਉਹ ਰਾਜੇ ਹੁੰਦੇ, ਸਚੇ ਪਾਤਸ਼ਾਹ ਹੁੰਦੇ।

ਸਿਖ ਗੁਰੂਆਂ ਦੀ ਸੰਸਥਾ ਇਕ ਜਿਉਂਦੀ ਜਾਗਦੀ ਸੰਸਥਾ ਸੀ ਜੋ ਵਖ ਵਖ ਪਰਿਸਥਿਤੀਆਂ ਵਿਚ ਸ਼ੁੱਧ ਅਤੇ ਸੱਚਾ ਸੁੱਚਾ ਵਿਵਹਾਰਿਕ ਜੀਵਨ ਜੀਣ ਦਾ ਮਾਰਗ ਦਸਦੀ ਰਹੀ। ਭ੍ਰਸ਼ਟ, ਸਾਹ ਸੱਤ ਹੀਣ ਸਮਾਜ ਵਿਚ ਲੋਕਾਂ ਦਾ ਵਿਸ਼ਵਾਸ ਜਿਤ ਕੇ ਸੁਧਰੇ ਆਦਰਸ਼ਕ ਜੀਵਨ ਜੀਣ ਲਈ ਦ੍ਰਿੜ੍ਹ ਲੋਕਾਂ ਦਾ ਸਮਰਪਿਤ ਸੰਗਠਨ ਤਿਆਰ ਕਰਨਾ ਗੁਰੂ ਸਾਹਿਬ ਦਾ ਹੀ ਚਮਤਕਾਰ ਸੀ। ਗੁਰੂ-ਸੰਸਥਾ ਦੀ ਨਿਰੰਤਰਤਾ ਭਾਰਤੀ ਧਰਮ-ਪਰੰਪਰਾ ਵਿਚ ਇਕ ਵਿਲੱਖਣ ਪ੍ਰਯੋਗ ਸੀ। ਹਰ ਗੁਰੂ ਨੇ ਇਕ ਨਿਸ਼ਚਿਤ ਦਾਰਸ਼ਨਿਕ ਵਿਚਾਰਧਾਰਕ ਸੰਦੇਸ਼ ਦੇ ਵਖ ਵਖ ਪਹਿਲੂਆਂ ਅਤੇ ਪਾਸਾਰ੍ਹਾਂ ਦੀ ਵਿਆਖਿਆ ਆਪਣੀ ਬੋਲ-ਬਾਣੀ, ਜੀਵਨ-ਸ਼ੈਲੀ ਅਤੇ ਕਾਰਜ ਦੁਆਰਾ ਕਰਨੀ ਸੀ। ਇਕ ਸੰਗਠਨ ਸਿਰਜਨਾ ਸੀ ਜੋ ਹਰ ਪਖੋਂ ਸਵੈ-ਸੰਪੂਰਨ ਹੋਵੇ। ਉਸ ਦੀ ਸੰਪੂਰਨਤਾ ਅਤੇ ਪ੍ਰਾਣਸ਼ੀਲਤਾ ਦਾ ਪ੍ਰਮਾਣ ਪੇਸ਼ ਕਰਨਾ ਸੀ। ਉਸ ਦੇ ਸੱਚ ਅਤੇ ਸੁੱਚ, ਈਮਾਨਦਾਰੀ ਅਤੇ ਨਿਆਇਸ਼ੀਲਤਾ, ਪ੍ਰਾਸੰਗਕਤਾ ਅਤੇ ਨਿਰੰਤਰਤਾ ਨੂੰ, ਹਰ ਆਪਣੇ ਬਿਗਾਨੇ ਦੇ ਜ਼ਿਹਨ ਵਿਚ ਉਤਾਰਨਾ ਸੀ। ਗੁਰੂ ਸਾਹਿਬਾਨ ਨੇ ਇਸ ਸਾਰੇ ਕਾਰਜ ਨੂੰ ਕਿਸੇ ਇਕ ਵਿਅਕਤੀ ਦੀ ਨਿਜੀ ਜਾਇਦਾਦ ਨਹੀਂ ਬਣਨ ਦਿਤਾ। ਯੋਗ ਵਿਅਕਤੀ ਨੂੰ ਗੁਰਗਦੀ ਦਿਤੀ। ਬਿਨਾਂ ਕਿਸੇ ਜ਼ਾਤ ਪਾਤ, ਸਮਾਜਕ ਦਰਜੇ ਬੰਦੀ ਦਾ ਲਿਹਾਜ਼ ਕੀਤੇ, ਗੁਰਗਦੀ ਲਈ ਯੋਗ ਅਧਿਕਾਰੀ ਦੀ ਚੋਣ ਕੀਤੀ ਗਈ। ਕਦੇ ਗੈਰਵਿਵਹਾਰਕ ਸਿਖਿਆ ਨਹੀਂ ਦਿਤੀ। ਜੰਗਲਾਂ ਅਤੇ ਗੁਫਾਵਾਂ ਵਿਚ ਪਲਾਇਣ ਕਰਨ ਦਾ ਰਾਹ ਨਹੀਂ ਦਸਿਆ। ਕਰਮਸ਼ੀਲ ਗ੍ਰਿਸਤੀ ਸਮਾਜਿਕ ਜੀਵਨ ਆਪ ਜੀਵਿਆ ਅਤੇ ਇਸੇ ਰਾਹ ਹੋਰਨਾਂ ਨੂੰ ਤੋਰਿਆ। ਇਸੇ ਰਾਹ ਤੁਰਦੇ ਹੋਏ, ਹਸਦਿਆਂ, ਖੇਡਦਿਆਂ, ਜੀਵਨ ਮੁਕਤ ਹੋਣ ਦਾ ਭਰੋਸਾ ਦਿਤਾ। ਹਰ ਜਬਰ ਜ਼ੁਲਮ ਅਤੇ ਅਨਿਆਂ ਨਾਲ ਟੱਕਰ ਲਈ। ਇਸ ਟੱਕਰ ਲਈ ਬਿਗਾਨਿਆਂ ਨੂੰ ਮਰਵਾ ਕੇ ਪਰ੍ਹਾਂ ਨਹੀਂ ਹਟੇ। ਆਪ ਇਸ ਦਾ ਸੇਕ ਆਪਣੇ ਪਿੰਡੇ ਉਤੇ ਜਰ ਕੇ ਦਸਿਆ। ਸਹਿਨਸ਼ੀਲਤਾ ਦੀ ਹੱਦ ਵੀ ਦਸੀ ਅਤੇ ਕੁਰਬਾਨੀ ਦੀ ਵੀ। ਨਿਮਰਤਾ ਦੀ ਸਿਖਰ ਵੀ ਦਿਖਾਈ ਅਤੇ ਵੀਰਤਾ ਦੀ ਵੀ। ਅਧਿਆਤਮਕਤਾ ਦੀ ਗੌਰਵਮਈ ਟੀਸੀ ਵੀ ਸਿਰਜੀ ਅਤੇ ਬਾਦਸ਼ਾਹਤ ਦੀ ਸ਼ਾਨ ਵੀ। ਆਪਣੇ ਸ਼ਰਧਾਲੂਆਂ ਦੀ ਦੁਨੀਆਂ ਵਿਚ ਵੀ ਅਗਵਾਈ ਕੀਤੀ ਅਤੇ ਦੀਨ ਵਿਚ ਵੀ। ਹਲਤ ਅਤੇ ਪਲਤ, ਲੋਕ ਅਤੇ ਪਰਲੋਕ ਦੋਹਾਂ ਨੂੰ ਸਵਾਰਿਆ। ਗੁਰੂ-ਜੋਤਿ ਨੇ

ਗੁਰਮਤਿ ਮਾਰਗ ਦੀ ਤਾਕਤ, ਨਜ਼ਾਕਤ, ਲਚਕ ਅਤੇ ਵਿਵਹਾਰਕਤਾ ਦਾ ਪ੍ਰਮਾਣ ਪੇਸ਼ ਕੀਤਾ ।

ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਅਤੇ ਪ੍ਰਤਿਭਾ ਦਾ ਗਿਆਨ ਇਸ ਗੁਰੂ-ਸੰਸਥਾ ਦੇ ਮਹੱਤਵ ਅਤੇ ਗੁਰਮਤਿ ਸੰਦੇਸ਼ ਦੀ ਸੰਰਚਨਾਤਮਕ ਏਕਤਾ ਦੀ ਪਛਾਣ ਲਈ ਜ਼ਰੂਰੀ ਹੈ । ਇਸ ਪੱਖੋਂ ਤੱਥਾਂ/ਤਿੱਥਾਂ, ਸਮਕਾਲੀ/ਉਤਰਕਾਲੀ ਲਿਖਤਾਂ, ਦੇਸੀ/ਵਿਦੇਸ਼ੀ ਇਤਿਹਾਸਕਾਰਾਂ ਦੇ ਵੇਰਵਿਆਂ ਦੇ ਬਾਰੀਕ ਨਿਰੀਖਣ ਨਾਲ ਅਸੀਂ ਇਸ ਸੱਚ ਤੋਂ ਪਰਿਚਿਤ ਹੁੰਦੇ ਹਾਂ ਕਿ ਗੁਰੂ ਸਾਹਿਬ ਦੀ ਪੈਗੰਬਰੀ ਪ੍ਰਤਿਭਾ ਆਪ ਮੁਹਾਰੇ ਹਰ ਛਿਣ ਗੁਰਮਤਿ ਜੋਤਿ ਦੇ ਅਨੇਕ ਅਨੇਕ ਪਾਸਾਰ ਉਭਾਰਦੀ ਸੀ । ਇਕ ਨਿਰਯਤਨ ਤੇ ਆਪ ਮੁਹਾਰੀ ਜੋਤਿ ਦੀ ਸੰਪੂਰਨਤਾ, ਸਾਡੀ ਹਰ ਯਤਨ-ਪੂਰਵਕ, ਸੋਚੀ ਸਮਝੀ, ਤਾਰਕਿਕ, ਸੰਗਠਨਾਤਮਕ, ਸੰਰਚਨਾਤਮਕ ਲੋੜ ਸਾਡੇ ਹਰ ਵਿਵੇਕ ਦੇ ਹੱਦਾਂ ਬੰਨਿਆਂ ਦੀ ਸਾਰ ਲੈਣ ਦੇ ਸਮਰਥ ਸੀ । ਕਿਸੇ ਨੂੰ ਇਹ ਨਾ ਲਗੇ ਕਿ ਗੁਰੂ ਸਾਹਿਬ ਕਿਸੇ ਕਰਾਮਾਤੀ ਤਾਕਤ ਜਾ ਸ਼ਕਤੀ ਤੋਂ ਵਿਰਵੇ ਹਨ । ਉਨ੍ਹਾਂ ਦੇ ਨਿਕੇ ਬਾਲ ਤਕ ਕਰਾਮਾਤੀ ਤਾਕਤਾਂ ਦੇ ਵਰੋਸਾਏ ਹਨ ਜੋ ਸਰਵਸ਼ਕਤੀਆਂ ਦੇ ਕੇਂਦਰ ਅਕਾਲ ਪੁਰਖ ਨਾਲ ਜੁੜਨ ਤੋਂ ਪ੍ਰਾਪਤ ਹੁੰਦੀਆਂ ਹਨ । ਪਰ ਉਹ ਇਨ੍ਹਾਂ ਨੂੰ ਵਰਤਨ ਤੋਂ ਗੁਰੇਜ਼ ਕਰਦੇ ਹਨ । ਟੇਕ ਇਕ ਆਪਣੇ ਅਕਾਲ ਪੁਰਖ ਦੀ । ਨਿਰਭਉ ਅਤੇ ਨਿਰਵੈਰ ਹੋ ਕੇ ਵਿਚਰਨ ਦਾ ਨਿਰਣਾ । ਇਸ ਨਿਰਣੇ ਉਤੇ ਅਮਲ ਦੀਆਂ ਵਿਵਹਾਰਿਕ ਮੁਸ਼ਕਿਲਾਂ, ਮੁਸੀਬਤਾਂ ਅਤੇ ਦੁਸ਼ਵਾਰੀਆਂ ਨਾਲ ਨਜਿਠਣ ਲਈ ਲੋੜੀਂਦੀ ਦ੍ਰਿੜ੍ਹਤਾ । ਇਸ ਦੌਰਾਨ ਆਪਣੇ ਹੀ ਸਕੇ ਸੰਬੰਧੀਆਂ ਅਤੇ ਅਨਿਕ ਭਾਂਤੀ ਸਵਾਰਥਾਂ ਆਸਰੇ ਆਪਣੇ ਵਿਰੁਧ ਸੰਗਠਿਤ ਬਦੀ ਦੀਆਂ ਵਿਭਿੰਨ ਤਾਕਤਾਂ ਦੇ ਸਾਂਝੇ ਮੁਹਾਜ਼ ਨਾਲ ਟੱਕਰ । ਇਸ ਟੱਕਰ ਦੌਰਾਨ ਮੂਲ ਮਨੁਖਤਾ ਨੂੰ ਹਥੋਂ ਨਾ ਜਾਣ ਦੇਣਾ । ਫਤਹਿ ਉਪਰੰਤ ਹਰ ਵੈਰ ਵਿਰੋਧ ਨੂੰ ਵਿਸਾਰ ਸਕਣਾ । ਦੁਸ਼ਮਣ ਨੂੰ ਵੀ ਮਰਨ ਤੇ ਬੁਕਲ ਵਿਚ ਲੈ ਲੈਣਾ, ਜਿਸ ਢਾਲ ਨਾਲ ਮਾਰਨਾ, ਉਸ ਨਾਲ ਛਾਂ ਵੀ ਕਰ ਦੇਣੀ— ਇਹ ਸਾਰੇ ਵੇਰਵੇ ਜੀਵਨੀ ਦੇ ਭੌਤਿਕ ਵੇਰਵੇ ਮਾਤਰ ਨਹੀਂ । ਇਨ੍ਹਾਂ ਵਿਚ ਇਕ ਸਾਂਝੀ ਰਮਜ਼ ਹੈ । ਇਕ ਸੰਪੂਰਨ ਪ੍ਰਤਿਭਾ ਦਾ ਬੇਪਛਾਣ,ਅਦ੍ਰਿਸ਼ ਸੰਗਠਨਾਤਮਕ ਵਿਵੇਕ । ਇਕ ਵਿਵੇਕ ਜੋ ਗੁਰੂ ਨਾਨਕ ਤੋਂ ਗੁਰੂ ਹਰਿਗੋਬਿੰਦ ਸਾਹਿਬ ਤਕ, ਮੂਲ ਰੂਪ ਵਿਚ ਇਕ ਓਅੰਕਾਰ ਦੇ ਬਿੰਦੂ ਤੋਂ ਫੈਲਿਆ । ਗੁਰੂ ਹਰਿਗੋਬਿੰਦ ਸਾਹਿਬ ਦੀ ਪ੍ਰਤਿਭਾ ਗੁਰੂ ਨਾਨਕ ਦੁਆਰਾ ਪੇਸ਼ ਯੋਗ ਪ੍ਰਤਿਉੱਤਰ ਨੂੰ ਸਮਕਾਲੀ ਪਰਿਸਥਿਤੀਆਂ ਅਨੁਸਾਰ ਢਾਲਣ/ਵਰਤਨ ਦੇ ਸਮਰਥ ਸੀ । ਸਥਿਤੀਆਂ ਦੀ ਲੋੜ ਅਨੁਸਾਰ ਇਸ ਵਿਚਾਰਧਾਰਾ ਦੇ ਕਿਹੜੇ ਪਹਿਲੂ ਨੂੰ ਕਿੰਨਾ ਅਨੁਪਾਤਕ ਮਹੱਤਵ ਦੇਣਾ ਹੈ, ਇਹ ਗੁਰੂ ਹਰਿਗੋਬਿੰਦ ਦੀ ਪ੍ਰਤਿਭਾ ਖੂਬ ਪਛਾਣਦੀ ਸੀ । ਇਸੇ ਪਛਾਣ ਨੂੰ ਉਨ੍ਹਾਂ ਆਪਣੇ ਦੁਆਲੇ ਜੁੜੇ ਸ਼ਰਧਾਲੂਆਂ ਵਿਚ ਗਹਿਰਾ ਕੀਤਾ ।

ਗੁਰਮਤਿ ਮਾਰਗ ਗ੍ਰਿਹਸਤ ਵਿਚ ਵੀ ਉਦਾਸ ਹੈ । ਨਾ ਜੀਵਨ ਤੋਂ ਪਲਾਇਣ ਹੈ, ਨਾ ਅਧਿਆਤਮ ਤੋਂ । ਨਾ ਰਾਜਨੀਤੀ ਤੋਂ ਨਿਰਲੇਪ ਹੈ, ਨਾ ਯੁਧ ਦੇ ਮੈਦਾਨ ਤੋਂ ਭੈ ਭੀਤ । ਨਾ ਅਨਿਆਂ ਵੇਖ ਕੇ ਚੁਪ ਹੈ, ਨਾ ਅਨਿਆਂ ਕਰਕੇ ਖੁਸ਼ । ਨਾ ਡਰਦਾ ਹੈ, ਨਾ ਡਰਾਂਦਾ ਹੈ । ਗੁਰੂ ਨਾਨਕ ਵੀ ਰਾਜਨੀਤੀ ਪ੍ਰਤਿ ਨਿਰਲੇਪ ਨਹੀਂ ਸਨ । ਉਨ੍ਹਾਂ ਆਪਣੇ

ਸਮੇਂ ਦੇ ਜ਼ਾਲਮ ਰਾਜਿਆਂ ਅਤੇ ਭ੍ਰਿਸ਼ਟ ਅਧਿਕਾਰੀਆਂ ਦਾ ਜ਼ੋਰਦਾਰ ਵਿਰੋਧ ਕੀਤਾ। ਬਾਬਰ ਦੁਆਰਾ ਨਿਰਦੋਸ਼ ਇਸਤਰੀ/ਪੁਰਸ਼ਾਂ ਉਤੇ ਕੀਤੇ ਅਤਿਆਚਾਰਾਂ ਖਿਲਾਫ ਰੋਹ ਭਰੀ ਆਵਾਜ਼ ਬੁਲੰਦ ਕੀਤੀ ਅਤੇ ਬਾਬਰ ਦੀ ਕੈਦ ਵੀ ਕਟੀ। ਕਾਇਰ ਲੋਧੀ ਸ਼ਾਸਕਾਂ ਦੀ ਨਿੰਦਾ ਕੀਤੀ ਜੋ ਵਿਦੇਸ਼ੀ ਹਮਲਾਵਰਾਂ ਤੋਂ ਦੇਸ਼ ਦੀ ਰੱਖਿਆ ਨਹੀਂ ਸਨ ਕਰ ਸਕੇ। ਬੁਜ਼-ਦਿਲੀ ਦੀ ਨਿੰਦਾ ਕੀਤੀ। ਆਤਮ-ਵਿਸ਼ਵਾਸ ਅਤੇ ਆਤਮ-ਸਨਮਾਨ ਨੂੰ ਸਲਾਹਿਆ। ਅਨਿਆਈਂ ਰਾਜਿਆਂ ਨੂੰ ਕਸਾਈ ਤੇ ਸ਼ੀਂਹ ਕਹਿ ਕੇ ਫਿਟਕਾਰਿਆ। ਅਨਿਆਈ ਹਾਕਮਾਂ ਨੂੰ ਕੁਤੇ, ਤਕ ਕਿਹਾ। ਜਿਉਂਦਿਆਂ ਪਤਿ ਲੁਹਾ ਕੇ ਦਾਲ ਫੁਲਕਾ ਛਕਣ ਜਾਂ ਖਾਣ ਪੀਣ ਨੂੰ ਹਰਾਮ ਕਿਹਾ। ਲਹੂ ਪੀਣੇ ਮਾਨਸਾਂ ਦੇ ਮੈਲੇ ਦਾਮਨ ਉਤੇ ਉਂਗਲ ਧਰੀ। ਰੋਟੀਆਂ ਕਾਰਨ ਧਰਮ ਦਾ ਪਾਖੰਡ-ਜਾਲ ਸੁਟਣ ਵਾਲਿਆਂ ਦਾ ਸ਼ਰੇਆਮ ਮਜ਼ਾਕ ਉਡਾਇਆ। ਗੁਰੂ ਨਾਨਕ ਬਾਣੀ ਦੇ ਅਨੇਕ ਅਨੇਕ ਪ੍ਰਸੰਗਾਂ ਅਤੇ ਟੂਕਾਂ ਦੇ ਵਿਸਤਾਰ ਵਿਚ ਜਾਣ ਤੋਂ ਗੁਰੇਜ਼ ਕਰਦੇ ਹੋਏ ਇਨਾ ਹੀ ਕਹਿਣਾ ਕਾਫੀ ਹੈ ਕਿ ਗੁਰੂ ਨਾਨਕ ਸਾਹਿਬ ਸਪਸ਼ਟ ਕਹਿੰਦੇ ਸਨ ਕਿ ਹਾਕਮ ਦਾ ਕੰਮ ਅਤੇ ਕਰਤੱਵ ਨਿਆਂ ਕਰਨਾ ਹੈ। ਅਨਿਆਈ ਹਾਕਮ ਅਗੇ ਸਿਰ ਝੁਕਾਣਾ ਕਾਇਰਤਾ ਹੈ।

ਗੁਰੂ-ਸੰਸਥਾ ਅਤੇ ਮੁਗਲ ਸ਼ਹਿਨਸ਼ਾਹੀਅਤ ਲਗਭਗ ਨਾਲ ਨਾਲ ਹੀ ਹੋਂਦ ਵਿਚ ਆਏ। ਨਿਹੱਥੀ ਲਿਤਾੜੀ ਭਾਰਤੀ ਜਨਤਾ ਨੂੰ ਕਾਇਰ, ਨਿਤਾਣੇ ਅਤੇ ਨਾਲਾਇਕ ਸ਼ਾਸਕਾਂ ਕਾਰਨ ਗੁਲਾਮੀ ਭੋਗਣੀ ਪਈ। ਉਸ ਦਾ ਆਪਣਾ ਕਸੂਰ ਇਹ ਸੀ ਕਿ ਇਹ ਆਪ ਨੈਤਿਕ ਧਾਰਮਿਕ, ਸਦਾਚਾਰਕ, ਸਭਿਆਚਾਰਕ ਪਖੋਂ ਭ੍ਰਸ਼ਟ ਹੋ ਚੁਕੀ ਸੀ। ਗੁਰੂ ਸਾਹਿਬ ਨੇ ਇਸ ਸਾਰੇ ਬੇਸੁਰ ਅਤੇ ਪਤਨ-ਗ੍ਰਸਤ ਮਾਹੌਲ ਨੂੰ ਆਹਿਸਤਾ ਆਹਿਸਤਾ ਇਕ ਸੁਰ ਕੀਤਾ। ਸੁਨਹਿਰੇ ਭਵਿਖ ਲਈ ਆਤਮ-ਵਿਸ਼ਵਾਸ ਦੇ ਨਵੇਂ ਆਧਾਰ ਤਿਆਰ ਕੀਤੇ। ਨਵੇਂ ਜੀਵਨ-ਮਾਰਗ ਦੇ ਸੂਤਰ ਲੋਕਾਂ ਅਗੇ ਰਖੇ। ਉਨ੍ਹਾਂ ਦੀ ਵਿਵਹਾਰਕਤਾ ਵਿਚ ਲੋਕਾਂ ਦਾ ਭਰੋਸਾ ਜਗਾਇਆ। ਇਕ ਫੁਲਝੜੀ ਵਾਂਗ ਜਗ ਕੇ ਬੁਝ ਜਾਣਾ ਕਾਫੀ ਨਹੀਂ ਸੀ, ਲੋੜ ਸੀ ਇਕ ਮਿਸ਼ਾਲ ਦੀ ਜੋ ਸਦੀਆਂ ਬੱਧੀ ਜਗੇ। ਇਹ ਮਸ਼ਾਲ 1469 ਤੋਂ 1708 ਤਕ ਪੂਰੇ 239 ਵਰ੍ਹੇ ਜਗੀ। ਇਸੇ ਮਸ਼ਾਲ ਦਾ ਭੌਤਿਕ ਸਰੂਪ ਹੀ ਗੁਰੂ ਹਰਿਗੋਬਿੰਦ ਸਾਹਿਬ ਸਨ।

ਪਾਰਸ ਮਨੁਖੀ ਕਲਪਨਾ ਦਾ ਐਸਾ ਚਮਤਕਾਰੀ ਪਦਾਰਥ ਹੈ ਜਿਸ ਨਾਲ ਛੋਹ ਕੇ ਲੋਹਾ ਵੀ ਸੋਨਾ ਹੋ ਜਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਦੀ ਪਾਰਸ-ਛੋਹ ਨਾਲ ਚੋਰ, ਡਾਕੂ, ਲੁਟੇਰੇ ਵੀ ਜਬਰ ਜ਼ੁਲਮ ਵਿਰੁੱਧ ਲੜਣ ਵਾਲੇ ਸਿਰਲਥ ਯੋਧੇ ਬਣ ਗਏ। ਭਾਈ ਬਿਧੀ ਚੰਦ ਜਹੇ ਕਿਸੇ ਸਮੇਂ ਦੇ ਡਾਕੂ, ਗੁਰੂ-ਛੋਹ ਨਾਲ ਅਜੇਹੇ ਯੋਧੇ ਬਣੇ, ਜਿਨ੍ਹਾਂ ਕਹਿੰਦੇ ਕਹਾਂਦੇ ਮੁਗਲ ਸੂਬੇਦਾਰਾਂ ਨੂੰ ਧੂੜ ਚਟਾ ਦਿਤੀ। ਕੋਈ ਇਹ ਨਾ ਕਹੇ ਕਿ ਗੁਰੂ ਸਾਹਿਬ ਨੇ ਭਾਈ ਸਾਹਿਬ ਦੇ ਕੇਵਲ ਲੜਾਕੂ ਸੁਭਾਅ ਨੂੰ ਹੀ ਉਭਾਰਿਆ/ਵਰਤਿਆ, ਗੁਰੂ ਸਾਹਿਬ ਨੇ ਉਸ ਨੂੰ ਧਰਮ-ਪ੍ਰਚਾਰ ਲਈ ਵੀ ਨਿਯੁਕਤ ਕੀਤਾ ਅਤੇ ਸਪਸ਼ਟ ਕੀਤਾ ਕਿ ਉਹ ਆਪਣੇ ਸ਼ਰਧਾਲੂਆਂ ਦੀ ਸ਼ਖਸੀਅਤ ਦੇ ਸਰਵ ਪੱਖੀ ਵਿਕਾਸ ਵਲ ਰੁਚਿਤ ਸਨ। ਉਨ੍ਹਾਂ ਦੀ ਸ਼ਖਸੀਅਤ ਵਿਚ ਆਏ ਕਿਸੇ ਨਿਕੇ ਜਹੇ ਵਿਕਾਰ ਨੂੰ ਵੀ ਉਹ ਆਪ ਪਿਆਰ ਨਾਲ

ਕੱਢਦੇ। ਭਾਈ ਗੁਰਦਾਸ ਜਹੇ ਮਹਾਂ-ਪੁਰਸ਼ ਨਾਲ ਜੁੜੀਆਂ ਘੋੜੇ ਖਰੀਦਦੇ ਸਮੇਂ ਦੌੜਣ, ਕਾਸ਼ੀ ਜਾ ਕੇ ਧਰਮ-ਪ੍ਰਚਾਰ ਕਰਨ, ਉਥੋਂ ਬੰਨ੍ ਮੰਗਵਾਣ ਤੇ ਹਉਮੈਂ-ਮੁਕਤ ਕਰਨ ਦੀਆਂ ਘਟਨਾਵਾਂ ਗੁਰੂ ਸਾਹਿਬ ਦੀ ਇਸ ਦ੍ਰਿਸ਼ਟੀ ਦਾ ਪ੍ਰਮਾਣ ਹਨ। ਅਸਲ ਵਿਚ ਤਾਰਕਿਕਤਾ ਅਤੇ ਪ੍ਰਮਾਣ ਅਸੀਂ ਥਾਂ ਥਾਂ ਲਭ ਸਕਦੇ ਹਾਂ। ਇਹ ਖੋਜਣਾ ਸਾਡਾ ਕੰਮ ਹੈ। ਗੁਰੂ-ਪ੍ਰਤਿਭਾ ਵਿਚ ਤਾਂ ਇਹ ਚਾਨਣ ਦੇ ਹੜ੍ਹ ਵਾਂਗ ਖਿਲਰੇ ਹੋਏ ਹਨ। ਇਹ ਇਨ੍ਹਾਂ ਆਸਰੇ ਖਲੋਤੀ ਨਹੀਂ ਹੋਈ। ਸਾਡੀ ਪ੍ਰਤਿਭਾ ਜ਼ਰੂਰ ਵਿਵੇਕ ਆਸਰੇ ਖਲੋਤੀ ਹੈ। ਗੁਰ-ਪ੍ਰਤਿਭਾ ਨਹੀਂ।

ਅਸੀਂ ਜਾਣਦੇ ਹਾਂ ਕਿ ਗੁਰੂ ਸਾਹਿਬ ਨੇ ਧਰਮ-ਪ੍ਰਚਾਰ ਵਲ ਵੀ ਉਨਾਂ ਹੀ ਧਿਆਨ ਦਿਤਾ ਜਿਨਾ ਅਨਿਆਂ ਵਿਰੁਧ ਸ਼ਸਤਰ-ਬੱਧ ਟੱਕਰ ਵਲ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਦੂਰ ਦੂਰ ਤਕ ਧਰਮ-ਪ੍ਰਚਾਰ ਦੌਰੇ ਕੀਤੇ। ਦੂਰ ਦੂਰ ਤਕ ਪ੍ਰਚਾਰਕ ਭੇਜੇ। ਜੀਵਨ ਦੇ ਅੰਤਮ ਦਸ ਕੁ ਵਰ੍ਹੇ ਕੀਰਤਪੁਰ ਵਿਚ ਰਹਿ ਕੇ ਇਸ ਪਖੋਂ ਖਾਸੇ ਸੰਗਠਿਤ ਪ੍ਰਚਾਰ ਵਿਚ ਗੁਜ਼ਾਰੇ। ਧਰਮ-ਪ੍ਰਚਾਰ ਦੀ ਜੋਤਿ ਨੂੰ ਹਰ ਸ਼ਾਹੀ ਫੁਰਮਾਨ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਬੇਖੌਫ ਜਗਾਈ ਰੱਖਿਆ। ਪ੍ਰਚਾਰਕਾਂ ਨੂੰ ਆਪਣੇ ਲੜਾਕੇ ਜਵਾਨਾਂ ਦੇ ਛਤਰ ਦੀ ਸੁਰੱਖਿਆ ਵੀ ਦਿਤੀ ਅਤੇ ਨਿਡਰ ਹੋ ਕੇ ਗੁਰਮਤਿ ਦਾ ਸੰਦੇਸ਼ ਪ੍ਰਸਾਰਿਤ ਕਰਨ ਲਾਇਆ। ਲੋੜ ਪਈ ਤਾਂ ਨਾਨਕ ਮੱਤੇ ਦੇ ਜੋਗੀਆਂ ਨੂੰ ਸ਼ਸਤਰਾਂ ਨਾਲ ਸੋਧ ਕੇ ਵੀ ਸਿਧੈ ਰਾਹ ਪਾਇਆ।

ਭੌਤਿਕ ਵੇਰਵੇ ਵੇਖਣ ਵਾਲੀ ਅੱਖ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਕਲ ਸੂਰਤ ਬਾਰੇ ਵੀ ਉਤਸੁਕਤ ਹੁੰਦੀ ਹੈ। ਆਪ ਦੀ ਸ਼ਕਲ ਸੂਰਤ ਬਾਰੇ ਮਹਾਂ ਕਵੀ ਸੰਤੋਖ ਸਿੰਘ ਨੇ ਜੋ ਵੇਰਵੇ ਦਿਤੇ ਹਨ, ਉਹ ਬੜੇ ਪ੍ਰਭਾਵਸ਼ਾਲੀ ਹਨ। ਉਹ ਕਹਿੰਦੇ ਹਨ ਕਿ ਗੁਰੂ ਸਾਹਿਬ ਦੇ ਚਰਨ, ਕੰਵਲ ਵਾਂਗ ਗੁਲਾਬੀ ਤੇ ਨਹੁੰ ਹੀਰਿਆਂ ਵਾਂਗ ਲਿਸ਼ ਲਿਸ਼ ਕਰਦੇ ਸਨ। ਉਨ੍ਹਾਂ ਦੀਆਂ ਬਾਹਵਾਂ ਮਜ਼ਬੂਤ ਤੇ ਫੁਰਤੀਲੀਆਂ ਸਨ। ਛਾਤੀ ਚੌੜੀ ਤੇ ਮੋਢੇ ਤਕੜੇ ਸਨ। ਮੁਖੜਾ ਚੰਨ ਜੇਹਾ ਸੁੰਦਰ ਸੀ। ਦੰਦ ਦੁਧ ਚਿਟੇ। ਹੋਠ ਸੁਰਖ। ਅੱਖਾਂ ਚਮਕਦਾਰ। ਲੱਤਾਂ ਬਲਸ਼ਾਲੀ। ਸਰੀਰ ਸੁਗਠਿਤ। ਰੰਗ ਗੋਰਾ। ਮੈਕਾਲਿਫ ਲਿਖਦਾ ਹੈ ਕਿ ਗੁਰੂ ਸਾਹਿਬ ਦੀ ਜਵਾਨੀ ਤੇ ਖੂਬਸੂਰਤੀ ਵੇਖਣ ਵਾਲੀ ਸੀ। ਉਸ ਅਨੁਸਾਰ ਇਕ ਦਿਨ ਨੂਰਜਹਾਂ ਬੇਗਮ ਨੇ ਗੁਰੂ ਸਾਹਿਬ ਨੂੰ ਵੇਖ ਕੇ ਆਪਣੀ ਦਾਸੀ ਨੂੰ ਪੁੱਛਿਆ ਸੀ-''ਉਹ ਸੁੰਦਰ ਨੌਜਵਾਨ ਕੌਣ ਹੈ ਜੋ ਸਦਾ ਬਾਦਸ਼ਾਹ ਦੇ ਨਾਲ ਰਹਿੰਦਾ ਹੈ''। ਇਹ ਸ਼ਾਇਦ ਊਨ੍ਹਾਂ ਦਿਨਾਂ ਦੀ ਹੀ ਗੱਲ ਹੋਵੇਗੀ ਜਦੋਂ ਗੁਰੂ ਸਾਹਿਬ ਗਵਾਲੀਅਰ ਤੋਂ ਮੁਕਤ ਹੋ ਕੇ ਜਹਾਂਗੀਰ ਨੂੰ ਆਗਰੇ ਮਿਲੇ ਤੇ ਮੁੜ ਉਸ ਨਾਲ ਦਿੱਲੀ ਵਿਚ ਕੁਝ ਸਮਾਂ ਰਹੇ। ਉਨ੍ਹਾਂ ਦੀ ਇਹ ਖੂਬਸੂਰਤੀ, ਇਹ ਨੂਰ ਬਨਾਵਟੀ ਨਹੀਂ ਸੀ। ਇਸ ਵਿਚ ਕੁਦਰਤੀ ਗੌਰਵ ਸੀ। ਸਿਦਕ, ਆਚਰਣਕ ਉਚਤਾ, ਆਤਮਕ ਬਲ, ਸਵੈ-ਵਿਸ਼ਵਾਸ ਦਾ ਚਾਨਣ ਸੀ। ਰੂਹਾਨੀ ਨੂਰ ਸੀ। ਇਸੇ ਆਸਰੇ ਉਨ੍ਹਾਂ ਨੂਰਜਹਾਂ ਨੂੰ ਆਖਿਆ ਸੀ—ਬਣਾਉਟੀ ਸ਼ਿੰਗਾਰ ਕਿਸੇ ਕੰਮ ਨਹੀਂ। ਐਸੇ ਸੱਚੇ ਸ਼ਿੰਗਾਰ ਕਰ ਕਿ ਖੁਦਾ ਨਾਲ ਮੇਲ ਹੋ ਜਾਏ :

ਐਸੋ ਸਾਚ ਸਿੰਗਾਰ ਕਰ, ਪੁਤ੍ਰੀ ਪਾਇ ਖੁਦਾਇ।

ਗੁਰੂ ਹਰਿਗੋਬਿੰਦ ਹਰ ਪੱਖੋਂ ਅਜ਼ੀਮ ਸਨ। ਰੂਹਾਨੀਅਤ, ਨੈਤਿਕਤਾ, ਰਾਜਨੀਤੀ ਸੂਰਬੀਰਤਾ, ਧਰਮ—ਹਰ ਪੱਖੋਂ ਕਮਾਲ। ਸੰਤ ਵੀ ਕਮਾਲ ਦੇ, ਸਿਪਾਹੀ ਵੀ ਕਮਾਲ ਦੇ। ਰਾਜਿਆਂ ਵਿਚ ਰਾਜੇ। ਜੋਗੀਆਂ ਵਿਚ ਜੋਗੀ। ਪਾਤਸ਼ਾਹਾਂ ਵਿਚ ਪਾਤਸ਼ਾਹ। ਯੁਧ ਨੀਤੀ ਦੇ ਧਨੀ। ਸ਼ਸਤਰਾਂ ਦੇ ਵੀ ਧਨੀ। ਉਨ੍ਹਾਂ ਨੂੰ ਪਤਾ ਸੀ ਲੜਾਈ ਕਿਵੇਂ ਲੜਨੀ ਹੈ। ਕਿਥੇ ਲੜਨੀ ਹੈ। ਥੋੜ੍ਹੀ ਸੈਨਾ ਨਾਲ ਵਡੇ ਲਸ਼ਕਰ ਨਾਲ ਕਿਵੇਂ ਭਿੜਨਾ ਹੈ, ਇਹ ਉਹ ਖੂਬ ਜਾਣਦੇ ਸਨ। ਵੱਡੇ ਤੋਂ ਵੱਡੇ ਦੁਸ਼ਮਣ ਦਲ ਦੇ ਅਚਾਨਕ ਹਮਲੇ ਅਗੇ ਵੀ ਕਦੇ ਉਨ੍ਹਾਂ ਨੇ ਹੌਂਸਲਾ ਨਹੀਂ ਸੀ ਹਾਰਿਆ। ਰਾਜਨੀਤੀ ਦੀਆਂ ਬਾਰੀਕੀਆਂ ਵਿਚ ਵਕਤ ਦੇ ਸ਼ਹਿਨਸ਼ਾਹ ਵੀ ਉਨ੍ਹਾਂ ਅਗੇ ਸਿਫਰ ਸਨ। ਅੰਗ੍ਰੇਜ਼ ਬੜੇ ਚਤੁਰ ਅਤੇ ਸ਼ਾਤਰ ਰਾਜਨੀਤੀ-ਵੇਤਾ ਹੁੰਦੇ ਹਨ। ਉਹ ਤਾਜਰ ਬਣ ਕੇ ਆਏ ਸਨ ਅਤੇ ਤਾਜਦਾਰ ਬਣ ਗਏ ਸਨ। ਅਰਨੈਸਟ ਟਰੰਪ ਗੁਰੂ ਪਾਤਸ਼ਾਹ ਦੀ ਰਾਜਨੀਤਕ ਸੂਝ ਦੀ ਤੀਖਣਤਾ ਵੇਖ ਕੇ ਹੈਰਾਨ ਸੀ। ਉਸ ਦੇ ਮੁਕਾਬਲੇ ਉਸ ਨੂੰ ਮੁਗਲ ਸ਼ਹਿਨਸ਼ਾਹ ਸਿਫਰ ਪ੍ਰਤੀਤ ਹੋਏ। ਭਾਵੇਂ ਉਹ ਗੁਰੂ ਸਾਹਿਬ ਜਾਂ ਗੁਰਮਤਿ ਵਿਚਾਰਧਾਰਾ ਦਾ ਪ੍ਰਸ਼ੰਸਕ ਨਹੀਂ ਸੀ ਤਾਂ ਵੀ ਉਹਦੇ ਵਿਚਾਰ ਗੁਰੂ ਸਾਹਿਬ ਦੀ ਬੇਜੋੜ ਰਾਜਨੀਤਕ ਸੂਝ ਦਾ ਸ਼ਕਤੀਸ਼ਾਲੀ ਪ੍ਰਮਾਣ ਹਨ। ਉਹ ਕਹਿੰਦਾ ਹੈ ਕਿ ਮੁਗਲ ਸ਼ਹਿਨਸ਼ਾਹ ਅਤੇ ਮੁਗਲ ਅਧਿਕਾਰੀ ਜਾਂ ਤਾਂ ਇੰਨੇ ਅਦੂਰ-ਦਰਸ਼ੀ ਤੇ ਢਿਲੇ ਸਨ, ਜਾਂ ਫਿਰ ਇੰਨੇ ਨਿਰਬਲ ਸਨ ਕਿ ਉਹ ਸਿਖਾਂ ਵਰਗੇ ਖਤਰਨਾਕ ਅਤੇ ਬਾਗੀ ਸਮੂਹ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਵਿਚ ਅਸਫਲ ਰਹੇ। ਸਾਰੇ ਜਾਣਦੇ ਹਨ ਕਿ ਜਹਾਂਗੀਰ ਤੇ ਸ਼ਾਹਜਹਾਂ ਦਾ ਸਮਾਂ ਮੁਗਲ ਸਲਤਨਤ ਦੀ ਚੜ੍ਹਤ ਅਤੇ ਤਾਕਤ ਦਾ ਸਮਾਂ ਸੀ। ਇਹ ਦੋਵੇਂ ਸ਼ਹਿਨਸ਼ਾਹ ਵੀ ਜੇ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਸਿਖ ਲਹਿਰ ਦੀ ਚੜ੍ਹਤ ਅਤੇ ਤਾਕਤ ਨੂੰ ਰੋਕਣ ਵਿਚ ਅਸਫਲ ਰਹੇ ਤਾਂ ਇਹ ਗੁਰੂ ਹਰਿਗੋਬਿੰਦ ਸਾਹਿਬ ਦੀ ਪ੍ਰਤਿਭਾ ਦਾ ਹੀ ਕਮਾਲ ਸੀ। ਉਹ ਜਾਣਦੇ ਸਨ ਕਿ ਸ਼ਾਂਤੀ ਕਦੋਂ ਕਰਨੀ ਹੈ ਅਤੇ ਜੰਗ ਕਦੋਂ। ਜਹਾਂਗੀਰ ਜਹੇ ਕਟੜ ਸ਼ਹਿਨਸ਼ਾਹ ਨਾਲ ਬਰਾਬਰ ਦੇ ਪੱਧਰ ਉਤੇ ਖਲੋ ਕੇ ਵਰ੍ਹਿਆਂ ਬੱਧੀ ਸੁਖਾਵੇਂ ਸਬੰਧ ਬਣਾਈ ਰਖਣੇ ਅਤੇ ਫਿਰ ਵੀ ਉਸ ਦੇ ਕਿਸੇ ਵੀ ਸੂਬੇਦਾਰ ਜਾਂ ਗਵਰਨਰ ਦੀ ਧੌਂਸ ਦਾ ਮੂੰਹਤੋੜ ਉਤਰ ਦਿੰਦੇ ਰਹਿਣਾ ਉਨ੍ਹਾਂ ਦੀ ਹੀ ਪ੍ਰਤਿਭਾ ਦਾ ਕਮਾਲ ਸੀ। ਸਚ ਤਾਂ ਇਹ ਹੈ ਕਿ ਟਰੰਪ ਜਿਸ ਨੂੰ ਮੁਗਲਾਂ ਦੀ ਅਸਫਲਤਾ ਕਹਿੰਦਾ ਹੈ, ਉਸ ਅਸਫਲਤਾ ਦਾ ਕਾਰਨ ਗੁਰੂ ਹਰਿਗੋਬਿੰਦ ਸਾਹਿਬ ਦੀ ਸਫਲ ਨੀਤੀਵਾਨਤਾ ਸੀ। ਧਰਮ-ਗੁਰੂ ਦੇ ਰੂਪ ਵਿਚ ਉਨ੍ਹਾਂ ਜਹਾਂਗੀਰ ਨਾਲ ਸੁਖਾਵੇਂ ਸਬੰਧ ਕਾਇਮ ਰਖਦੇ ਹੋਏ, ਸੀਮਿਤ ਸਾਧਨਾਂ ਅਤੇ ਕਠਿਨ ਪਰਿਸਥਿਤੀਆਂ ਵਿਚ ਆਪਣੀ ਤਾਕਤ ਨੂੰ ਜਿਸ ਖੂਬਸੂਰਤੀ ਨਾਲ ਸੰਗਠਿਤ ਕੀਤਾ ਅਤੇ ਵਰਤਿਆ ਉਸ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ।

ਗੁਰੂ ਹਰਿਗੋਬਿੰਦ ਸਾਹਿਬ ਦੀ ਬੇਜੋੜ ਪ੍ਰਤਿਭਾ ਦਾ ਵਰਣਨ ਸ਼ਬਦਾਂ ਵਿਚ ਅਸੰਭਵ ਜਾਣ ਕੇ ਹੀ ਅਬਦੁਲ ਅਤੇ ਨੱਥਮਲ ਜਹੇ ਢਾਡੀਆਂ ਨੇ ਕਿਹਾ ਸੀ :

ਛਬ ਬਰਨੀ ਨਹਿ ਜਾਇ
ਕਹੀਂ ਕਿਆ ਗਾਇ ਕੈ ॥

ਆਧਾਰ ਸਾਮਗਰੀ

1. ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ
2. ਵਾਰਾਂ ਭਾਈ ਗੁਰਦਾਸ
3. **ਮਹਾਨ ਕੋਸ਼** : ਭਾਈ ਕਾਹਨ ਸਿੰਘ ਨਾਭਾ
4. **ਸਿਖਾਂ ਦੀ ਭਗਤਮਾਲਾ** : ਭਾਈ ਮਨੀ ਸਿੰਘ
5. **ਗੁਰ ਬਿਲਾਸ ਪਾ. ਛੇਵੀਂ** : ਕ੍ਰਿਤ ਕਵੀ ਸੋਹਨ, ਹੱਥ ਲਿਖਿਤ ਅਤੇ ਪ੍ਰਕਾਸ਼ਿਤ ਹਿੰਦੀ ਸੰਸਕਰਣ
6. **ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ** : ਕੇਸਰ ਸਿੰਘ ਛਿੱਬਰ
7. **ਗੁਰ ਪ੍ਰਤਾਪ ਸੂਰਜ ਗ੍ਰੰਥ** : ਮਹਾਂ ਕਵੀ ਭਾ. ਸੰਤੋਖ ਸਿੰਘ
8. **ਅਸ਼ਟਗੁਰ ਚਮਤਕਾਰ** : ਭਾ. ਵੀਰ ਸਿੰਘ
9. **ਪੰਜਾਹ ਸਾਖੀ** : ਭਾ. ਸੇਵਾ ਦਾਸ
10. **ਮਹਿਮਾ ਪ੍ਰਕਾਸ਼** : ਸਰੂਪ ਦਾਸ ਭੱਲਾ
11. **ਗੁਰ ਰਤਨ ਮਾਲ ਅਰਥਾਤ ਸੌ ਸਾਖੀ** : ਸੰਪ. ਡਾ: ਗੁਰਚਰਨ ਸਿੰਘ ਨਈਅਰ
12. **ਕਥਾ ਪੁਰਾਤਨ ਇਉਂ ਸੁਣੀ** : ਪ੍ਰਿੰ: ਸਤਿਬੀਰ ਸਿੰਘ
13. **ਗੁਰ ਭਾਰੀ** : ਪ੍ਰਿੰ: ਸਤਿਬੀਰ ਸਿੰਘ
14. **ਗੁਰ ਸੂਰਮਾ** : ਡਾ: ਗੋਬਿੰਦ ਸਿੰਘ ਲਾਂਬਾ (ਟੰਕਿਤ ਪ੍ਰਤੀ)
15. **ਭਗਵਾਨ ਸ੍ਰੀ ਚੰਦ ਦਰਸ਼ਨ** : ਪ੍ਰਿੰ: ਨਰਿੰਦਰ ਸਿੰਘ ਸੋਚ
16. **ਸਹਿਜੇ ਰਚਿਓ ਖਾਲਸਾ** : ਪ੍ਰੋ: ਹਰਿੰਦਰ ਸਿੰਘ ਮਹਿਬੂਬ
17. **ਗੁਰੂ ਕੀਆਂ ਸਾਖੀਆਂ ਕ੍ਰਿਤ ਭਾਈ ਸਰੂਪ ਸਿੰਘ** : ਪ੍ਰੋ: ਪਿਆਰਾ ਸਿੰਘ ਪਦਮ ਤੇ ਗਿਆਨੀ ਗਰਜਾ ਸਿੰਘ (ਸੰਪ.)
18. **ਸਿਖ ਇਤਿਹਾਸ ਦੇ ਸੋਮੇ** : ਸੋਹਨ ਸਿੰਘ ਸੀਤਲ

19. ਸ਼ਹੀਦ ਬਿਲਾਸ ਕ੍ਰਿਤ ਭਾਈ ਸੇਵਾ ਸਿੰਘ : (ਸੰਪ.) ਗਿਆਨੀ ਗਰਜਾ ਸਿੰਘ
20. ਜੀਵਨ ਬਿਰਤਾਂਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ : ਪ੍ਰੋ: ਸਾਹਿਬ ਸਿਘ
21. ਮੀਰੀ ਪੀਰੀ ਦਾ ਮਾਲਿਕ : ਗਿਆਨੀ ਸ਼ੇਰ ਸਿੰਘ
22. ਤਵਾਰੀਖ ਗੁਰੂ ਖਾਲਸਾ : ਗਿਆਨੀ ਗਿਆਨ ਸਿੰਘ,
23. ਦਬਿਸਤਾਨੇ ਮਜ਼ਾਹਬ : ਜ਼ੁਲਫਕਾਰ ਅਰਦਿਸਤਾਨੀ (ਮੁਹਸਿਨ ਫਾਨੀ)
24. ਐਵੋਲਿਉਸ਼ਨ ਆਫ ਦੀ ਖਾਲਸਾ : ਇੰਦੂ ਭੂਸ਼ਣ ਬੈਨਰਜੀ
25. ਹਿਸਟਰੀ ਆਫ ਸਿਖ ਗੁਰੂਜ਼ : ਡਾ. ਹਰੀ ਰਾਮ ਗੁਪਤਾ
26. ਏ ਸ਼ਾਰਟ ਹਿਸਟਰੀ ਆਫ ਦੀ ਸਿਖਜ਼ : ਤੇਜਾ ਸਿੰਘ ਤੇ ਗੰਡਾ ਸਿੰਘ
27. ਟਰਾਂਸਫਾਰਮੇਸ਼ਨ ਆਫ ਸਿਖਿਜ਼ਮ : ਗੋਕਲ ਚੰਦ ਨਾਰੰਗ
28. ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ : ਜਾਰਜ ਫਾਰਸਟਰ
29. ਦੀ ਆਦੀ ਗ੍ਰੰਥ ਵਿਦ ਇੰਟਰੋਡਕਟਰੀ ਐਸੇਜ਼ : ਅਰਨੈਸਟ ਟਰੰਪ
30. ਹਿਸਟਰੀ ਆਫ ਦੀ ਸਿਖ ਗੁਰੂਜ਼ : ਸੁਰਜੀਤ ਸਿੰਘ ਗਾਂਧੀ
31. ਦੀ ਸਿਖ ਰਿਲੀਜਨ : ਮੈਕਾਲਿਫ
32. ਹਿਸਟਰੀ ਆਫ਼ ਪੰਜਾਬ : ਮੁਹੰਮਦ ਲਤੀਫ